

Namdhari Elibrary NamdhariElibrary@gmail.com

ਸੰਪਾਦਕੀ

# ਭ੍ਰਿਸ਼ਟਾਚਾਰ ਅਤੇ ਸਿਆਸਤ

ਝਾਰਖੰਡ ਸੂਬੇ ਦੇ ਸਾਬਕ ਮੁੱਖ ਮੰਤਰ ਮਧੂ ਕੌੜਾ ਦੀਆਂ ੬੦ ਜਾਇਦਾਦਾਂ ਤੇ ਇੰਕਮਟੈਕਸ ਵਾਲਿਆਂ ਛਾਪੇ ਮਾਰ. ਕੇ ਕੋਈ ੨੮ ਹਜ਼ਾਰ ਕਰੋੜ ਰੁਪਏ ਦੇ ਗਬਨ ਦਾ ਦੋਸ਼ ਲਾਇਆ ਹੈ। ਜਿਵੇਂ ਕਿ ਅੱਗੇ ਵੀ ਹੁੰਦਾ ਹੈ, ਚੋਟੀ ਦੇ ਸਿਆਸਤਦਾਨਾਂ ਪਾਸੋਂ ਅਰਬਾਂ ਰੁਪਏ ਦੀ ਹੇਰਾ ਫੇਰੀ ਫੜੀ ਜਾਂਦੀ ਹੈ। ਉਹ ਗ੍ਰਿਫਤਾਰ ਵੀ ਹੁੰਦੇ ਹਨ ਅਤੇ ਇਸ ਸਮੇਂ ਦੌਰਾਨ ਉਹ ਹਸਪਤਾਲ ਜਾਂਦੇ ਹਨ। ਕੌੜਾ ਸਾਹਿਬ ਵੀ ਹਸਪਤਾਲ ਹੋ ਆਏ ਹਨ। ਕਿਸੇ ਸਮੇਂ ਹਿਮਾਚਲ ਪ੍ਰਦੇਸ਼ ਦੇ ਇਕ ਵੱਡੇ ਸਿਆਸੀ ਨੇਤਾ ਅਤੇ ਸਾਬਕਾ ਮੰਤਰੀ ਕੋਲੋਂ ਧਨ ਦਾ ਵੱਡਾ ਜ਼ਖੀਰਾ ਫੜਿਆ ਗਿਆ ਸੀ। ਉਹ ਵੀ ਹਸਪਤਾਲ ਗਏ ਸਨ। ਪੁਛ ਪੜਤਾਲ ਵੀ ਚਲੀ ਸੀ ਅਤੇ ਉਹ ਅੱਜ ਸਹੀ ਸਲਾਮਤ ਘਰ ਆ ਗਏ ਹਨ। ਕੌੜਾ ਸਾਹਿਬ ਵਰਗੇ ਹੋਰ ਵੀ ਸਿਆਸਤਦਾਨ ਹਨ ਜਿਹੜੇ ਦੌਲਤ ਦੇ ਅੰਬਾਰਾਂ ਉਪਰ ਬੈਠੇ ਹਨ। ਸਿਆਸਤ ਵਿਚ ਮਾਇਆ ਇਕ ਜ਼ਬਰਦਸਤ ਸਾਧਨ ਹੈ ਪੌੜੀ ਦੇ ਸਿਖਰ ਵਾਲੇ ਡੰਡੇ ਤੇ ਪਹੁੰਚਣ ਦਾ ਅਤੇ ਫੇਰ ਸਿਖਰ ਤੇ ਕਾਇਮ ਰਹਿਣ ਦਾ। ਮਾੜੀ ਤੋਂ ਮਾੜੀ ਸਿਆਸੀ ਪਦਵੀ ਦੌਲਤ ਨਾਲ ਪ੍ਰਾਪਤ ਕਰਨ ਦਾ ਗੁਰ ਸਭ ਸਿਆਸਤਦਾਨਾਂ ਨੂੰ ਆਉਂਦਾ ਹੈ ਅਤੇ ਇਹ ਭ੍ਰਿਸ਼ਟਾਚਾਰ ਦਾ ਰੌਲਾ ਕੁਝ ਚਿਰ ਅਖਬਾਰਾਂ ਪਾਉਂਦੀਆਂ ਹਨ ਅਤੇ ਆਮ ਜੰਤਾ ਮੂੰਹ ਵਿਚ ਉਂਗਲਾਂ ਜ਼ਰੂਰ ਪਾਉਂਦੀ ਹੈ। ਪਰ ਥੋਹੜੇ ਸਮੇਂ ਬਾਦ ਲੋਕਾਂ ਦਾ ਧਿਆਨ ਕਿਸੇ ਹੋਰ ਮਸਲੇ ਵਲ ਹੋ ਜਾਂਦਾ ਹੈ। ਅਤੇ ਮਸਲਿਆਂ ਦੀ ਤਾਂ ਸਾਡੇ ਦੇਸ਼ ਵਿਚ ਕਮੀ ਨਹੀਂ। ਧਨ ਦੌਲਤ ਨਾਲ ਸਬੰਧਤ ਰਿਸ਼ਵਤ ਵੱਢੀਆਂ ਅਤੇ ਹੋਰ ਕਾਂਡਾਂ ਦਾ ਇਕ ਲੰਮਾ ਸਿਲਸਲਾ ਹੈ ਜੋ ਸਮੇਂ ਸਮੇਂ ਸਿਰ ਇਕ ਨਾਟਕ ਦੇ ਦ੍ਰਿਸ਼ ਵਾਂਗ ਸਾਹਮਣੇ ਆਉਂਦਾ ਹੈ ਅਤੇ ਫੇਰ ਪਰਦੇ ਪਿਛੇ ਚਲਾ ਜਾਂਦਾ ਹੈ। ਲੋਕ ਵਿਚਾਰੇ ਫਿਰ ਅਗਲਾ ਦ੍ਰਿਸ਼ ਮਾਨਣ ਲੱਗ ਪੈਂਦੇ ਹਨ। ਅਤੇ ਨਾਟਕ ਜਾਰੀ ਰਹਿੰਦਾ ਹੈ।

ਝਾਰਖੰਡ ਦਾ ਇਲਾਕਾ ਆਦੀਵਾਸੀ ਗਰੀਬ ਲੋਕਾਂ ਦਾ ਖੇਤਰ ਹੈ। ਜੇ ਓਥੋਂ ਦਾ ਮੁੱਖ ਮੰਤਰੀ ਏਡੀ ਭਾਰੀ ਰਕਮ ਹਜ਼ਮ ਕਰ ਸਕਦਾ ਹੈ ਤਾਂ ਦੇਸ਼ ਦੀ ਖੁਸ਼ਹਾਲੀ ਜਾਂ ਸਿਆਸਤਾਦਨਾਂ ਦੀ ਖੁਸ਼ਹਾਲੀ ਦਾ ਅੰਦਾਜ਼ਾ ਤਾਂ ਸਹੀ ਤੌਰ ਤੇ ਲਾਇਆ ਜਾ ਸਕਦਾ ਹੈ। ਖੁਸ਼ਹਾਲ ਸੂਬਿਆਂ ਵਿਚ ਕੀ ਹੁੰਦਾ ਹੈ ਅੰਦਾਜ਼ਾ ਲਾਉਣਾ ਔਖਾ ਹੈ। ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਉਚੇ ਲੋਕ ਕਿਵੇਂ ਦੌਲਤ ਇਕੱਠੀ ਕਰਦੇ ਹਨ ਇਸ ਦੀਆਂ ਅਫਵਾਹਾਂ ਵੀ ਆਉਂਦੀਆਂ ਰਹਿੰਦੀਆਂ ਹਨ ਜੋ ਗਲਤ ਨਹੀਂ ਹੁੰਦੀਆਂ।

ਟੀ. ਵੀ. ਦੇ ਸੈਂਕੜਿਆਂ ਚੈਨਲਾਂ ਵਿਚੋਂ ਬਹੁਤਿਆਂ 'ਤੇ ਮਹਾਂਪੁਰਖਾਂ ਦੇ ਉਪਦੇਸ਼, ਭਾਰੀ ਸੰਗਤਾਂ, ਸੰਕੀਰਤਨਾਂ ਅਤੇ ਪਾਠਾਂ ਯਗਾਂ ਦੇ ਦ੍ਰਿਸ਼ ਜਨਤਾ ਰੋਜ਼ ਦੇਖਦੀ ਹੈ ਅਤੇ ਖਬਰ ਇਹ ਵੀ ਆਈ ਹੈ ਕਿ ਟ੍ਰਾਂਸਪਰੇਸੀ ਇੰਟਰਨੈਸ਼ਨਲ ਦੀ ਸਾਲਾਨਾ ਰਿਪੋਰਟ ਵਿਚ ਭਾਰਤ ਮਹਾਂਭ੍ਰਿਸ਼ਟ ਦੇਸ਼ਾਂ ਦੀ ਸੂਚੀ ਵਿਚ ਵੀ ਸ਼ਾਮਲ ਹੋ ਗਿਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਭ੍ਰਿਸ਼ਟਾਚਾਰ ਨੂੰ ਲੋਕ ਕੋਈ ਮਸਲਾ ਹੀ ਨਹੀਂ ਸਮਝਦੇ। ਜਿਹੜਾ ਬੰਦਾ ਰਿਸ਼ਵਤ ਲੈਂਦਿਆਂ ਫੜਿਆ ਜਾਵੇ ਉਹ ਰਿਸ਼ਵਤ ਦੇ ਕੇ ਛੁੱਟ ਜਾਂਦਾ ਹੈ। ਏਨੇ ਭ੍ਰਿਸ਼ਟਾਚਾਰ ਅਤੇ ਮਹਿਂਗਾਈ ਦੇ ਬਾਵਜੂਦ ਅਤੇ ਸੋਨੇ ਦੇ ਭਾਅ ਦੇ ਸਾਰੇ ਰਿਕਾਰਡ ਟੁੱਟਣ ਦੇ ਬਾਵਜੂਦ ਸੋਨਾ ਖਰੀਦਣ ਦਾ ਰੱਸ਼ ਪਿਆ ਹੈ। ਵਿਆਹਾਂ ਦੇ ਸੀਜ਼ਨ ਵਿਚ ਮਹਿੰਗੇ ਤੋਂ ਮਹਿੰਗੇ ਉਪਹਾਰ, ਮਠਿਆਈ ਦੇ ਡੱਬੇ ਅਤੇ ਆਲੀਸ਼ਾਨ ਪੈਲਸਾਂ ਦੇ ਖਰਚੇ ਹੁਣ ਗਰੀਬ ਆਦਮੀ ਵੀ ਕਰਦਾ ਹੈ ਭਾਵੇਂ ਕਿਥੋਂ ਪ੍ਰਬੰਧ ਕਰੇ। ਕੌਮ ਦੇ ਹੱਡਾਂ ਵਿਚ ਭ੍ਰਿਸ਼ਟਾਚਾਰ ਘਰ ਕਰ ਚੁੱਕਾ ਹੈ। ਫੇਰ ਮੁਲਕ ਵਿਚ ਕੌੜੇ ਨਾ ਪੈਦਾ ਹੋਣ ਤਾਂ ਹੋਰ ਕੀ ਹੋਵੇ। ਗੁਰੂ ਨਾਨਕ ਨੇ ਇਕ ਕੌੜੇ ਦਾ ਸੁਧਾਰ ਕੀਤਾ ਸੀ। ਹੁਣ ਵੀ ਬਾਬਾ ਨਾਨਕ ਦੇ ਚਰਨਾਂ ਵਿਚ ਹੀ ਅਰਦਾਸ ਹੈ।

*—ਜਗਦੀਸ਼ ਸਿੰਘ ਵਰਿਆਮ*

# ਵਰਿਆਮ

ਦਸੰਬਰ - ੨੦੦੯
ਜਿਲਦ-੩੫
ਅੰਕ- ੨


**ਸੰਪਾਦਕ**
**ਜਗਦੀਸ਼ ਸਿੰਘ 'ਵਰਿਆਮ'**

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |

**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।


## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ
ਸ. ਕਰਤਾਰ ਸਿੰਘ ਪੰਛੀ
—*ਜਗਦੀਸ਼ ਸਿੰਘ ਵਰਿਆਮ* .................. ੨
ਪ੍ਰਿੰ. ਮੋਹਨ ਸਿੰਘ ਜੌਹਲ —*ਜਗਦੀਸ਼ ਸਿੰਘ ਵਰਿਆਮ* . ੩
ਮੇਰੀ 'ਮੈਂ' —*ਵਰਿਆਮ ਸਿੰਘ ਸੰਧੂ* ........................ ੪
ਸੱਚੇ ਮਾਰਗ ਦਾ ਸੋਭੀਵਾਨ
—ਸੂਬਾ ਖੁਸ਼ਹਾਲ ਸਿੰਘ ਬਰਾੜ
—*ਸੁਵਰਨ ਸਿੰਘ ਵਿਰਕ* ........................ ੬
ਮਲੇਛ ਭਾਖਾ ਦੇ ਹਮਲੇ ਵਿਰੁਧ
ਸਤਿਗੁਰੂ ਸਾਹਿਬਾਨ ਦਾ ਸੰਘਰਸ਼ —*ਅਮਰ ਭਾਰਤੀ* .. ੧੯
ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਆਖਰੀ ਗੋਲੀ
—*ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ* .............. ੨੪
ਵਾਰਤਾ ਇਕ ਟਕਸਾਲੀ ਤੇ ਪ੍ਰੌਢ ਕੀਰਤਨੀਏ ਦੀ
—*(ਡਾ) ਜਾਗੀਰ ਸਿੰਘ* ........................ ੨੬
ਚੋਣਵੇਂ ਪੰਜਾਬੀ ਸ਼ਿਅਰ —*ਚਰਨ ਸੀਚੇਵਾਲਵੀ* ..... ੨੭
ਮਹਿਮਾ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ
—*ਸਵਾਮੀ ਬ੍ਰਹਮਦੇਵ 'ਉਦਾਸੀ'* ................ ੨੮
ਕਰਤਾਰ ਸਿੰਘ ਪੰਛੀ ਦੀਆਂ ਦੋ ਰਚਨਾਵਾਂ .......... ੩੦
ਗ਼ਜ਼ਲ —*ਸ਼ਿਵਨਾਥ* .................................. ੩੧
ਗ਼ਜ਼ਲ —*ਅਮਰਜੀਤ ਸਿੰਘ ਸੰਧੂ* ....................... ੩੧
ਰੁਬਾਈਆਂ —*ਪ੍ਰਿੰ. ਨਵਰਾਹੀ ਘੁਗਿਆਣਵੀ* ......... ੩੧
ਅਭਿਨੰਦਨ ਗ੍ਰੰਥ ਦੀ ਪ੍ਰਾਪਤੀ
—*ਪਿਆਰਾ ਸਿੰਘ ਦਾਤਾ* ........................ ੩੩
ਮੇਰੀ ਸੇਵਾ-ਮੁਕਤੀ ਦੇ ਦਿਨ
—*ਡਾ. ਹਰਨੇਕ ਸਿੰਘ ਕੋਮਲ* ..................... ੩੯
ਤਰਸਦੇ ਰਹਿ ਜਾਓਗੇ —*ਭੁਪਿੰਦਰ ਉਸਤਾਦ* ........ ੪੧
ਪ੍ਰਤੀਕਿਰਿਆ .......................................... ੪੩


ਉਹ ਤਾਂ ਕਹਿੰਦੇ ਪਿਆਰ 'ਚ 'ਇਹ ਮਰਜਾਣਾ ਹੈ'
ਇਸ ਨੇ ਕੇਵਲ ਗ਼ਰਜ਼ਾਂ ਲਈ ਮਰ ਜਾਣਾ ਹੈ
ਅਰਥੀ 'ਤੇ ਫੁੱਲ ਧਰ ਕੇ ਜਿਹੜੇ ਤੋਰਨ ਗੇ
ਉਹਨਾਂ ਹੀ ਫੁੱਲ ਚੁਗਣੇ ਖ਼ਾਤਰ ਜਾਣਾ ਹੈ
ਸੱਜਣਾ ਨੇ ਆਉਣਾ ਹੈ, ਸਜ ਕੇ ਬੈਠਾ ਹਾਂ
ਆ ਜਾਵਣ ਤਾਂ ਤਨ ਮਨ ਭੇਟ ਚੜ੍ਹਾਣਾ ਹੈ
—*ਕਰਤਾਰ ਸਿੰਘ ਪੰਛੀ*




Namdhari Elibrary NamdhariElibrary@gmail.com

# ਸ. ਕਰਤਾਰ ਸਿੰਘ ਪੰਛੀ



ਕਰਤਾਰ ਸਿੰਘ ਪੰਛੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ

ਤੂੰ ਡਾਢਾ ਬੇਪਰਵਾਹ ਕੁਦਰਤਾਂ ਤੇਰੀਆਂ। ਸਾਡੇ ਮਿੱਤਰ ਪਿਆਰੇ, ਵਰਿਆਮ ਦੇ ਹਮਦਰਦ ਸ. ਕਰਤਾਰ ਸਿੰਘ ਪੰਛੀ ਮਲੇਰਕੋਟਲਾ ਆਪਣੇ ਘਰ ਵਿਚ ੭੫ ਸਾਲ ਦੀ ਉਮਰ ਵਿਚ ਦਿਲ ਦੀ ਧੜਕਣ ਖਾਮੋਸ਼ ਕਰ ਗਏ ਪਰ ਸਾਨੂੰ ਸੂਚਨਾ ਕੈਨੇਡਾ ਤੋਂ ਓਹਨਾਂ ਦੀ ਸਪੁਤਰੀ ਅਮਰਜੀਤ ਕੌਰ ਪੰਛੀ ਦਾਮਾਦ ਸੁਰਜੀਤ ਸਿੰਘ ਜੰਡੂ ਰਾਹੀਂ ਸੁਰਗਵਾਸ (੫ ਅਕਤੂਬਰ ੨੦੦੯) ਤੋਂ ੨੩ ਦਿਨ ਬਾਅਦ ਅਤੇ ਭੋਗ (੧੫ ਅਕਤੂਬਰ ੨੦੦੯) ਤੋਂ ੧੩ ਦਿਨ ਬਾਦ ਮਿਲੀ। ਹਾਲਾਤ ਦੀ ਵਿਡੰਬਨਾ : ਉਸੇ ਰਾਤ ਭੈਣੀ ਸਾਹਿਬ ਮੇਲੇ ਤੇ ਕਵੀ ਦਰਬਾਰ ਹੋ ਰਿਹਾ ਸੀ ਪਰ ਪਰਸਿਧ ਕਵੀ (ਤੇ ਨਾਮਧਾਰੀ ਵੀ) ਕਰਤਾਰ ਸਿੰਘ ਪੰਛੀ ਦੀ ਮੌਤ ਜਾਂ ਭੋਗ ਬਾਰੇ ਸਾਨੂੰ ਕੋਈ ਸੂਚਨਾ ਨਹੀਂ ਸੀ ਕਿਸੇ ਪਾਸਿਓਂ ਵੀ। ਉਂਝ ਜੇ ਪਤਾ ਲੱਗ ਵੀ ਜਾਂਦਾ ਤਾਂ ਅਸੀਂ ਕਰ ਤਾਂ ਕੁਝ ਵੀ ਨਹੀਂ ਸੀ ਲੈਣਾ ਪਰ ਇਸ ਨਜ਼ਰ ਅੰਦਾਜ਼ੀ ਦਾ ਅੰਦਾਜ਼? ਇਹਦਾ ਕੀ ਕਰੀਏ? ਪਰਵਾਨ ਹੀ ਕਰੀਏ। ਪਿਆਰਾ ਮਿੱਤਰ ਪੰਛੀ 'ਦਿਲਾਸੇ' ਪੁਸਤਕ ਵਿਚ ਆਤਮ ਕਥਨ ਕਰਦਾ ਹੈ, "ਜੀਵਨ ਪੈਂਡਾ ਬਿਖੜਾ, ਸਾਹਿਤਕ ਸਫਰ ਵੀ ਉਘੜਾ ਦੁਗੜਾ" ਇਥੇ ਹੀ ਦਰਜ ਕਰਦਾ ਹੈ ਸਮਰਪਣ, "ਆਪਣੀ ਮਾਤਾ ਦੀ ਯਾਦ ਨੂੰ ਜੋ ਮੈਨੂੰ ਦਿਲਾਸੇ ਦਿੰਦੀ ਰਹੀ– ਮਾਂ ਮੇਰੀ ਨੇ ਲੋਰੀਆਂ ਦਿੱਤੀਆਂ ਰਹੇ ਨਾਨਕੇ ਪਾਸੇ। ਏਦਰ ਓਧਰ ਗੇੜੇ ਮਾਰਦੇ ਵੰਡੇ ਗਏ ਉਹਦੇ ਹਾਸੇ। ਪਿਓ ਦਾ ਪਿਆਰ ਨਾ ਮਾਤਰ ਮਿਲਿਆ ਪੰਛੀ ਤਾਈਂ ਵੇਖੋ। ਐਪਰ ਮੈਨੂੰ ਜੀਵਨ ਭਰ ਹੀ ਦਿੰਦੀ ਰਹੀ ਦਿਲਾਸੇ"

ਕਿਸੇ ਅਗਲੇਰੇ ਅੰਕ ਵਿਚ ਕਰਤਾਰ ਸਿੰਘ ਪੰਛੀ ਜੀ ਦੀ ਆਤਮ ਕਥਾ ਛਾਪਾਂਗੇ ਪਰ ਅਜ ਏਨਾ ਕੁ ਕਹਿ ਲਈਏ ਕਿ ਇਸ ਬਿਖੜੇ ਪੈਂਡੇ ਵਾਲੇ ਸ਼ਾਇਰ ਨੇ ਉਘੜੇ ਦੁਗੜੇ ਸਾਹਿਤਕ ਸਫਰ ਵਿਚ ਵੀ ੧੦ ਵੱਡ ਮੁਲੀਆਂ ਕਵਿਤਾ ਦੀਆਂ ਪੁਸਤਕਾਂ ਪੰਜਾਬੀ ਜਗਤ ਦੀ ਝੋਲੀ ਪਾਈਆਂ। ਸਰਦਲ ੧੯੮੨; ਸਿਦਕ ਕਥੂਰੀ ੧੯੮੫; ਮੁੜਕੇ ਦੀ ਕੁੱਖ ੧੯੮੯; ਚਰਨ ਭੇਟ ੧੯੯੧; ਫੁੱਲਾਂ ਦੀ ਮੁਸਕਾਨ; ੧੯੯੧ ਨੂਰ ਇਲਾਹੀ ੧੯੯੫; ਸਮੇਂ ਨੂੰ ਕੀ ਆਖਾਂ ੧੯੯੫; ਲੋਚਾ ਦਰਸ ਦੀਦਾਰ ਦੀ ੨੦੦੫; ਦਿਲਾਸੇ ੨੦੦੫ ਅਤੇ ਨਾ ਬੁਰਾ ਮਨਾਇਓ ਜੀ ੨੦੦੫। ਕਰਤਾਰ ਸਿੰਘ ਪੰਛੀ ਇਹਨਾਂ ਪੁਸਤਕਾਂ ਦੇ ਇਲਾਵਾ ਆਪਣੇ ਅਧਿਆਪਕ ਜੀਵਨ ਵਿਚ ਅਧਿਆਪਕਾਂ ਦੇ ਮਸਲਿਆਂ ਬਾਰੇ ਵੀ ਸੰਘਰਸ਼ਸ਼ੀਲ ਰਿਹਾ। ਹਿੰਮਤ ਨਾਲ ਐਮ. ਏ ਬੀ. ਐਡ ਦੀ ਪੜ੍ਹਾਈ ਕੀਤੀ ਅਤੇ ਆਪਣੀਆਂ ਦੋ ਬੱਚੀਆਂ ਨੂੰ ਵੀ ਉੱਚ ਸਿਖਿਆ ਦਿੱਤੀ। ਅੱਜ-ਕੱਲ ਕੈਨੇਡਾ ਵਸਦੀ ਆਪਣੀ ਛੋਟੀ ਧੀ ਅਮਰਜੀਤ ਨੂੰ ਵੀ ਐਮ. ਏ ਬੀ. ਐਡ ਕਰਵਾਇਆ। ਉਹ ਆਪਣੇ ਘਰ ਨਰ ਔਲਾਦ ਦੀ ਅਣਹੋਂਦ ਤੋਂ ਘਬਰਾਇਆ ਨਹੀਂ ਅਤੇ ਪੁੱਤਰੀਆਂ ਨੂੰ ਪੁੱਤਰਾਂ ਵਾਂਗ ਪਾਲ ਕੇ ਉਹਨਾਂ ਦੀ ਖੁਸ਼ੀ ਵਿਚ ਖੁਸ਼ ਰਿਹਾ। ਜ਼ਿੰਦਗੀ ਵਿਚ ਅਨੇਕਾਂ ਬਖੇੜਿਆਂ ਅਤੇ ਸੱਟਾਂ ਵਿਚ ਵੀ ਉਹ ਕਾਇਮ ਦਾਇਮ ਰਿਹਾ। ਦਰਵੇਸ਼ ਤਬੀਅਤ ਪੰਛੀ ਪੱਕਾ ਸਿੱਖ ਸਾਦਕ ਵੀ ਸੀ ਅਤੇ ਖੁਸ਼ ਤਬੀਅਤ ਵੀ। ਉਹ ਪੰਜਾਬੀ ਸਾਹਿਤ ਸਭਾ ਮਲੇਰਕੋਟਲਾ ਦਾ ਪ੍ਰਧਾਨ ਵੀ ਸੀ ਅਤੇ ਉਸਦੇ ਚਲਾਣੇ ਬਾਦ ਬੱਚਿਆਂ ਨੇ ਉਹਦਾ ਮਲੇਰਕੋਟਲੇ ਵਾਲਾ ਨਿਵਾਸ ਅਸਥਾਨ ਮਲੇਰਕੋਟਲੇ ਦੀ ਸਾਹਿਤ ਸਭਾ ਨੂੰ ਹੀ ਭੇਟ ਕਰ ਦਿੱਤਾ ਹੈ, ਆਪਣੀਆਂ ਗਤੀਵਿਧੀਆਂ ਚਲਾਣ ਵਾਸਤੇ। ਅਤੇ ਸ਼ੁਕਰਗੁਜ਼ਾਰ ਸਾਹਿਤ ਸਭਾ ਨੇ ਪੰਛੀ ਸਪੁੱਤਰੀ ਅਮਰਜੀਤ ਕੌਰ ਨੂੰ ਸਭਾ ਦਾ ਅਗਲਾ ਪ੍ਰਧਾਨ ਥਾਪ ਦਿੱਤਾ ਹੈ। ਡਾ. ਐਸ ਤਰਸੇਮ ਵਰਗਾ ਮਹਾਨ ਵਿਦਵਾਨ ਕਰਤਾਰ ਸਿੰਘ ਪੰਛੀ ਦੀ ਬਾਂਹ ਬਣਿਆ ਰਿਹਾ ਅਤੇ ਹੁਣ ਵੀ ਪਰਿਵਾਰ ਦਾ ਮਾਰਗ ਦਰਸ਼ਨ ਕਰ ਰਿਹਾ ਹੈ। ਪੰਛੀ ਅਤੇ ਪਰਿਵਾਰ ਦਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਦਲ ਨਾਲ ਅਮਿਤਵਾਂ ਪਿਆਰ ਅਤੇ ਭਰੋਸਾ ਰਿਹਾ ਹੈ।

ਉਸ ਦਾ ਮਸ਼ਹੂਰ ਕਥਨ ਹੈ ਜਿਸ ਬਹਿਰ ਤੇ ਓਹਨੇ ਲੰਬੀ ਰਚਨਾ ਵੀ ਕੀਤੀ ਹੈ– ਮੇਰਾ ਮਨ ਲੋਚਦਾ ਰਹਿੰਦਾ ਸਦਾ ਦੀਦਾਰ ਸਤਿਗੁਰ ਜੇ ਚੰਗੇ ਭਾਗ ਹੋਵਣ ਤਾਂ ਹੈ ਮਿਲਦਾ ਪਿਆਰ ਸਤਿਗੁਰ ਦਾ

ਕਰਤਾਰ ਸਿੰਘ ਪੰਛੀ ਇਕ ਬਹੁਤ ਮੋਹ ਭਿੱਜੀ ਸ਼ਖਸੀਅਤ ਸੀ। ਪਰਪੱਕ ਸ਼ਾਇਰ ਅਤੇ ਪੱਕਾ ਦੋਸਤ। ਬੰਗਲੌਰ ਅਤੇ ਇੰਗਲੈਂਡ ਦੀਆਂ ਯਾਤਰਾਵਾਂ ਵਿਚ ਸਤਿਗੁਰਾਂ ਦੀ ਹਜ਼ੂਰੀ ਵਿਚ ਉਹ ਸਾਡੇ ਨਾਲ ਸੀ। ਖੁਸ਼ਬਾਸ਼ ਤਬੀਅਤ ਅਤੇ ਮੁਸਕਣੀਆਂ ਵੰਡਦਾ ਰਿਹਾ। ਬਹੁਤ ਮੁਲਵਾਨ ਸ਼ੇਅਰ ਸਹਿਜ ਸੁਭਾਅ ਹੀ ਕਹਿਣ ਵਾਲਾ ਕਰਤਾਰ ਸਿੰਘ ਪੰਛੀ ਭਾਵੇਂ ਉਡਾਰੀ ਮਾਰ ਗਿਆ ਹੈ ਪਰ ਆਪਣੀਆਂ ਕਵਿਤਾਵਾਂ ਵਿਚ ਉਹ ਅਮਰ ਹੋ ਗਿਐ ਜੋ ਸਦਾ ਉਸਦੀ ਯਾਦ ਦਿਵਾਂਦੀਆਂ ਰਹਿਣਗੀਆਂ।

—ਜਗਦੀਸ਼ ਸਿੰਘ ਵਰਿਆਮ



Namdhari Elibrary NamdhariElibrary@gmail.com

# ਪ੍ਰਿੰ. ਮੋਹਨ ਸਿੰਘ ਜੌਹਲ



ਇਕ ਬਹੁਤ ਖੂਬਸੀਰਤ ਅਤੇ ਖੂਬਸੂਰਤ ਇਨਸਾਨ, ਬਜ਼ੁਰਗ ਸਿਖਿਆ ਸ਼ਾਸਤਰੀ ਅਤੇ ਵਰਿਆਮ ਦੇ ਪਰਮ ਹਿਤੂ ਪ੍ਰਿੰ. ਮੋਹਨ ਸਿੰਘ ਜੌਹਲ ੨੮ ਅਕਤੂਬਰ ੨੦੦੯ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਜੌਹਲ ਸਾਹਿਬ ਜੌਹਲਾਂ ਦੇ ਪ੍ਰਸਿਧ ਨਗਰ ਜੰਡਿਆਲਾ ਵਿਚ ਹੀ ੧੯੩੨ ਵਿਚ ਪੈਦਾ ਹੋਏ ਅਤੇ ਜੰਡਿਆਲਾ ਦੇ ਬਾਕੀ ਜੌਹਲਾਂ ਵਾਂਗ ਹੀ ਉਹਨਾਂ ਸਿਖਿਆ ਅਤੇ ਵਿਦਿਆ ਦੇ ਖੇਤਰ ਵਿਚ ਉਚ ਦੁਮਾਲੜੇ ਸਥਾਨ ਪ੍ਰਾਪਤ ਕੀਤੇ। ਪੰਜਾਬ ਦੇ ਅਨੇਕਾਂ ਕਾਲਜਾਂ ਵਿਚ ਉਹਨਾਂ ਪੰਜਾਬੀ ਦੇ ਅਧਿਆਪਕ ਅਤੇ ਪ੍ਰਿੰਸੀਪਲ ਦੀ ਸੇਵਾ ਨਿਭਾਈ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਜਿਸਟਰਾਰ ਵੀ ਰਹੇ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜੁਗਿੰਦਰ ਸਿੰਘ ਪੁਆਰ ਦੇ ਸਮੇਂ ਓਹਨਾਂ ਦੇ ਮੁੱਖ ਸਲਾਹਕਾਰ ਤੇ ਸਹਿਯੋਗੀ ਰਹੇ। ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਉਹ ਕਿਸੇ ਸਮੇਂ ਵਿਦਿਆਰਥੀ ਰਹੇ ਅਤੇ ਇਸ ਰਿਸ਼ਤੇ ਨੂੰ ਓਹਨਾਂ ਤਨੋ ਮਨੋ ਹੰਢਾਇਆ। ਪ੍ਰੋ. ਕਸੇਲ ਦੇ ਜਨਮ ਦਿਨ ਸਨਮਾਨ-ਅਭਿਨੰਦਨ ਸਮੇਂ ਉਹ ਵੀ ਸ੍ਰੀ ਭੈਣੀ ਸਾਹਿਬ ਗਏ ਸਨ। ਇਸ ਦੇ ਇਲਾਵਾ ਖਾਲਸਾ ਕਾਲਜ ਜਲੰਧਰ ਦੇ ਵਰਤਮਾਨ ਪ੍ਰਿੰਸੀਪਲ ਡਾ. ਜਸਪਾਲ ਸਿੰਘ ਰੰਧਾਵਾ ਸਮੇਤ ਉਹ ਵਰਤਮਾਨ ਸਮੇਂ ਦੇ ਨਾਮੀ ਗਰਾਮੀ ਵਿਦਵਾਨਾਂ ਦੇ ਵੀ ਅਧਿਆਪਕ ਰਹੇ। ਉਹ ਦੁਆਬੇ ਦੇ ਪ੍ਰਸਿੱਧ ਸਿਆਸੀ ਨੇਤਾਵਾਂ ਅਤੇ ਪੱਤਰਕਾਰਾਂ ਵਿਚ ਵੀ ਬੜੇ ਸਤਿਕਾਰੇ ਜਾਂਦੇ ਅਤੇ ਇਜ਼ਤ ਨਾਲ ਵੇਖੇ ਜਾਂਦੇ ਸਨ। ਸਾਡੇ ਵਾਸਤੇ ਉਹਨਾਂ ਦਾ ਜਾਣਾ ਬੜੇ ਘਾਟੇ ਵਾਲੀ ਘਟਨਾ ਹੈ। ਉਹ 'ਵਰਿਆਮ' ਨੂੰ ਬਹੁਤ ਪਿਆਰ ਕਰਦੇ ਸਲਾਹੁੰਦੇ ਅਤੇ ਕੀਮਤੀ ਰਾਵਾਂ ਦੇਂਦੇ ਸਨ। ਉਹ ਸਮੇਂ ਦੇ ਇਤਿਹਾਸ ਦੇ ਵੀ ਚਸ਼ਮਦੀਦ ਗਵਾਹ ਸਨ। ਵਰਿਆਮ 'ਚ ਛਪਦੇ ਲੇਖਾਂ ਦੀ ਓਹ ਅਕਸਰ ਭਰਪੂਰ ਪਰਸੰਸਾ ਕਰਦੇ ਅਤੇ ਇਸਦੇ ਲੇਖਕਾਂ ਨੂੰ ਵੀ ਟੈਲੀਫੋਨ ਕਰ ਕੇ ਉਹਨਾਂ ਦੀਆਂ ਲਿਖਤਾਂ ਦੀ ਪਰਸੰਸਾ ਕਰਦੇ। ਇਹ ਗੁਣ ਕਿਸੇ ਬਹੁਤ ਵਡੇ ਆਦਮੀ ਵਿਚ ਹੀ ਹੋ ਸਕਦਾ ਹੈ। ਆਪਣੇ ਅਕਾਲ ਚਲਾਣੇ ਤੋਂ ਦੋ ਚਾਰ ਦਿਨ ਪਹਿਲਾਂ ਵੀ ਉਹ ੭੭ ਸਾਲ ਦੀ ਉਮਰ ਵਿਚ ਚਲ ਕੇ ਵਰਿਆਮ ਦੇ ਦਫਤਰ ਆਏ। ਪ੍ਰਿੰਸੀਪਲ ਜਸਪਾਲ ਸਿੰਘ ਰੰਧਾਵਾ ਦੇ ਮਾਤਾ ਰਾਜਿੰਦਰ ਕੌਰ ਬਾਰੇ ਲੇਖ ਦੀ ਸਾਡੇ ਕੋਲ ਵੀ ਪਰਸੰਸਾ ਕੀਤੀ ਅਤੇ ਪ੍ਰਿੰਸੀਪਲ ਰੰਧਾਵਾ ਕੋਲ ਵੀ। ਉਹ ਦੱਸਦੇ ਸਨ ਕਿ ਮੈਂ ਇਸ ਸਾਰੇ ਪਰਸੰਗ ਦਾ ਗਵਾਹ ਹਾਂ। ਕੋਈ ਵੀ ਲੇਖਕ ਸੰਪਾਦਕ ਪ੍ਰਿੰ. ਮੋਹਨ ਸਿੰਘ ਜੌਹਲ ਦੇ ਮੂੰਹੋਂ ਪਰਸੰਸਾ ਸੁਣ ਕੇ ਸੰਤੁਸ਼ਟ ਕਿਓਂ ਨਾ ਹੋਵੇ। ਓਹਨਾਂ ਦਾ ਬੋਲ ਸਰਟੀਫਿਕੇਟ ਦੀ ਹੈਸੀਅਤ ਰੱਖਦਾ ਸੀ। ਇਕ ਗੱਲ ਜੋ ਓਹਨਾਂ ਨਾਲ ਹੀ ਸੁਪਨਾ ਹੋ ਗਈ ਹੈ ਓਹ ਇਹ ਸੀ ਕਿ ਉਹ ਇਹ ਪੇਸ਼ਕਸ਼ ਕਰ ਕੇ ਗਏ ਸਨ ਕਿ ਵਰਿਆਮ ਕਿਸੇ ਵੀ ਚੰਗੀ ਪੁਸਤਕ ਬਾਰੇ ਲਿਖਣ ਵਾਸਤੇ ਉਹਨਾਂ ਨੂੰ ਭੇਜ ਦੇਵੇ ਉਹ ਸੇਵਾ ਦੇ ਤੌਰ ਤੇ ਲਿਖਣਗੇ ਅਤੇ ਪੁਸਤਕ ਵੀ ਵਾਪਸ ਕਰ ਦੇਣਗੇ। ਉਹਨਾਂ ਨਮਿਤ ਸ਼ਰਧਾਂਜਲੀ ਸਮਾਗਮ, ਕੀਰਤਨ ਅਰਦਾਸ ਵੀ ਲਾਇਲਪੁਰ ਖਾਲਸਾ ਕਾਲਜ ਦੇ ਗੁਰਦੁਆਰਾ ਸਾਹਿਬ ਦੇ ਨਵੇਂ ਬਣੇ ਆਲੀਸ਼ਾਨ ਹਾਲ ਵਿਚ ਹੋਇਆ। ਅਤੇ ਇਸ ਸਮਾਗਮ ਦੀ ਸਟੇਜ ਸਕੱਤਰੀ ਖੁਦ ਪ੍ਰਿੰਸੀਪਲ ਰੰਧਾਵਾ ਜੀ ਨੇ ਕੀਤੀ। ਇਸ ਵਿਚ ਸ਼ਰਧਾਂਜਲੀਆਂ ਦੇ ਇਕ ਲੰਮੇ ਸਿਲਸਲੇ ਵਿਚ ਪ੍ਰੋ. ਕਿਰਪਾਲ ਸਿੰਘ ਕਸੇਲ, ਸਾਬਕਾ ਵਾਈਸ ਚਾਂਸਲਰ ਡਾ. ਜੁਗਿੰਦਰ ਸਿੰਘ ਪੁਆਰ, ਸ. ਸ. ਸ ਪੀ. ਸਿੰਘ, ਅਤੇ ਰਾਜਾ ਹਰਨਰਿੰਦਰ ਸਿੰਘ ਜੇਹੇ ਉਚ ਅਹੁਦਿਆਂ ਤੇ ਬਰਾਜਮਾਨ ਵਿਅਕਤੀ ਸ਼ਾਮਲ ਸਨ। ਸਿਆਸੀ ਜੀਵਨ 'ਚੋਂ ਵੀ ਪਰਮੁਖ ਹਸਤੀਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਹੋਰ ਬਹੁਤ ਪਰਮੁਖ ਹਸਤੀਆਂ ਨੇ ਆਪਣੀ ਹਾਜ਼ਰੀ ਨਾਲ ਹੀ ਸ਼ਰਧਾਂਜਲੀ ਅਰਪਿਤ ਕੀਤੀ। ਜਿਡੇ ਰੁਤਬੇ ਵਾਲੇ ਜੌਹਲ ਸਾਹਿਬ ਸਨ ਅਸੀਂ ਉਸਦੇ ਹਾਣ ਦੇ ਸ਼ਬਦ ਨਹੀਂ ਲਿਖ ਸਕਦੇ। ਏਨਾ ਜ਼ਰੂਰ ਹੈ ਕਿ ਸਾਨੂੰ ਉਹ ਹੋਰਨਾਂ ਵਾਂਗ ਪਿਆਰ ਕਰਦੇ ਸਨ ਅਤੇ ਸਾਡੇ ਕਾਰਜ ਨੂੰ ਬਲ ਦਿੰਦੇ ਸਨ। ਸਾਡੀਆਂ ਸਦੀਵੀ ਯਾਦਾਂ ਵਿਚ ਪ੍ਰਿੰ. ਮੋਹਨ ਸਿੰਘ ਜੌਹਲ ਦੀ ਸ਼ਖਸੀਅਤ ਸਥਿਤ ਹੈ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਮੇਰੀ 'ਮੈਂ'

*-ਵਰਿਆਮ ਸਿੰਘ ਸੰਧੂ*

ਕਾਲਜ ਦੇ ਮੇਨ ਗੇਟ 'ਤੇ ਸਕਿਓਰਟੀ ਅਫ਼ਸਰ 'ਗਿੱਲ' ਨੇ ਰੋਕ ਕੇ ਮੈਨੂੰ ਦੱਸਿਆ, "ਸਰ! ਤੁਹਾਡੇ ਬਾਰੇ ਐਥੇ ਇੱਕ ਥਾਣੇਦਾਰ ਪੁੱਛਦਾ ਫਿਰਦਾ ਸੀ। ਕੁੱਝ ਦੇਰ ਹੋਈ ਅੰਦਰ ਡੀਪਾਰਟਮੈਂਟ ਵੱਲ ਗਿਆ ਹੈ। ਮੈਂ ਆਖਿਆ ਸੀ, 'ਸਾਡੇ ਸਰ ਤਾਂ ਬੜੇ ਨੇਕ ਤੇ ਵਧੀਆ ਬੰਦੇ ਨੇ। ਸਾਰੀ ਦੁਨੀਆਂ ਜਾਣਦੀ ਹੈ ਓਹਨਾਂ ਨੂੰ। ਹਫ਼ਤੇ ਦਸੀਂ ਦਿਨੀਂ ਤਾਂ ਉਹਨਾਂ ਦੀ ਫ਼ੋਟੋ ਅਖ਼ਬਾਰ 'ਚ ਛਪਦੀ ਰਹਿੰਦੀ ਹੈ!"

ਸਕਿਓਰਟੀ ਅਫ਼ਸਰ ਪਿੱਛੋਂ ਮੇਰੇ ਜ਼ਿਲ੍ਹੇ ਦਾ ਹੋਣ ਕਰ ਕੇ ਮੇਰੇ ਨਾਲ ਉਚੇਚਾ ਸਨੇਹ ਕਰਦਾ ਸੀ। ਅੱਗੇ ਵੀ ਇੱਕ ਸੀ ਆਈ ਡੀ ਦਾ ਚਿੱਟ-ਕੱਪੜੀਆ ਹਵਾਲਦਾਰ ਕਾਲਜ ਦੀ 'ਸੂਹ' ਲੈਣ ਲਈ ਗੇਟ 'ਤੇ ਸਕਿਓਰਟੀ ਵਾਲਿਆਂ ਨਾਲ ਬੈਠਾ ਮੈਂ ਕਈ ਵਾਰ ਵੇਖਿਆ ਸੀ। ਉਹ ਵੀ ਮੇਰੇ ਬਾਰੇ 'ਗਿੱਲ' ਕੋਲੋਂ ਪੁੱਛਦਾ ਰਹਿੰਦਾ ਸੀ ਤੇ 'ਗਿੱਲ' ਸਦਾ ਮੇਰੀ ਤਾਰੀਫ਼ ਕਰਦਾ ਰਹਿੰਦਾ ਸੀ। ਇਸ ਬੰਦੇ ਨੂੰ ਮੈਂ ਅਕਸਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਣ ਵਾਲੇ ਮੇਲਿਆਂ/ ਸਮਾਗਮਾਂ 'ਤੇ ਵੀ ਵੇਖਿਆ ਹੋਇਆ ਸੀ।

ਇਕ ਦਿਨ 'ਗਿੱਲ' ਮੈਨੂੰ ਆਵਾਜ਼ ਮਾਰ ਕੇ ਕਹਿੰਦਾ, "ਸਰ! ਆਹ ਭਾਈ ਸਾਹਿਬ ਤੁਹਾਡੇ ਬਾਰੇ ਅਕਸਰ ਪੁੱਛਦੇ ਰਹਿੰਦੇ ਨੇ। ਮੈਂ ਆਖਿਆ, "ਸਰ ਤਾਂ ਬੰਦੇ ਹੀ ਆਪਣੇ ਨੇ। ਮੇਰੇ ਤਾਂ ਭਰਾਵਾਂ ਵਰਗੇ ਨੇ। ਤੁਹਾਡੀ ਉਹਨਾਂ ਨਾਲ ਗੱਲ-ਬਾਤ ਈ ਕਰਾ ਦੇਨਾਂ।"

ਖੜੀਆਂ ਮੁੱਛਾ ਵਾਲਾ ਹਵਾਲਦਾਰ ਬੜੀ ਗਰਮਜੋਸ਼ੀ ਨਾਲ ਹੱਥ ਮਿਲਾ ਕੇ ਮਿਲਿਆ, "ਤੁਹਾਨੂੰ ਕਈ ਵਾਰ ਦੇਸ਼ ਭਗਤ ਹਾਲ ਵਿੱਚ ਬੋਲਦਿਆਂ ਸੁਣਿਐਂ। ਪੜ੍ਹਦੇ ਵੀ ਰਹੀਦਾ। ਗਿੱਲ ਸਾਹਿਬ ਕਹਿੰਦੇ ਸੀ ਕਿ ਤੁਹਾਡਾ ਇਹਨਾਂ ਨਾਲ ਬੜਾ ਪਿਆਰ ਹੈ। ਮੈਂ ਆਖਿਆ, ਮੈਨੂੰ ਵੀ ਮਿਲਾ ਸੰਧੂ ਸਾਹਬ ਨਾਲ।"

ਅੱਜ 'ਗਿੱਲ' ਨੇ ਥਾਣੇਦਾਰ ਬਾਰੇ ਜਾਣਕਾਰੀ ਦਿੱਤੀ ਤਾਂ ਮੈਂ ਮੁਸਕਰਾ ਕੇ ਉਸ ਨਾਲ ਹੱਥ ਮਿਲਾਉਂਦਿਆਂ ਕਿਹਾ, "ਕੋਈ ਨਹੀਂ ਮਿਲ ਲੈਂਦੇ ਆਂ ਥਾਣੇਦਾਰ ਨੂੰ ਵੀ!"

ਮੈਂ ਕਾਲਜ ਦੇ ਦਫ਼ਤਰ ਵੱਲ ਹਾਜ਼ਰੀ ਲਾਉਣ ਤੁਰ ਗਿਆ। ਪੁਲਿਸ ਨਾਲ ਕੋਈ ਪਹਿਲਾ ਵਾਹ ਤਾਂ ਨਹੀਂ ਸੀ ਪਰ ਪਿੰਡੋਂ ਜਲੰਧਰ ਆ ਵੱਸਣ ਤੋਂ ਬਾਅਦ ਕਦੀ 'ਫੜ-ਫੜਾਈ' ਵਾਲੀ ਗੱਲ ਨਹੀਂ ਸੀ ਹੋਈ। ਪਿੰਡ ਰਹਿੰਦਿਆਂ ਤਾਂ ਕਈ ਵਾਰ ਜੇਲ੍ਹ ਵੀ ਜਾਣਾ ਪਿਆ ਸੀ। ਐਮਰਜੈਂਸੀ ਵਿਚ ਵੀ ਦੋ ਵਾਰ ਗ੍ਰਿਫ਼ਤਾਰ ਹੋਇਆਂ ਸਾਂ। ਇਕ ਵਾਰ 'ਵਰਿਆਮ ਸਿੰਘ ਬਨਾਮ ਭਾਰਤ ਸਰਕਾਰ' ਮੁਕੱਦਮੇ ਅਧੀਨ ਤੇ ਦੂਜੀ ਵਾਰ ਡੀ ਆਈ ਆਰ ਲਾ ਕੇ 'ਸਥਾਪਤੀ ਵਿਰੋਧੀ ਲਿਖਤਾਂ' ਲਿਖਣ ਕਾਰਨ ਝੂਠੇ ਮੁਕੱਦਮਿਆਂ ਦਾ ਸਾਹਮਣਾ ਕਰਦਿਆਂ ਜੇਲ੍ਹ ਜਾਣਾ ਪਿਆ ਸੀ। ਇਸਤੋਂ ਇਲਾਵਾ ਜਦੋਂ ਵੀ ਕੋਈ ਸਰਕਾਰ ਵਿਰੋਧੀ ਅੰਦੋਲਨ ਚੱਲਦਾ ਜਾਂ ਕੋਈ ਹੋਰ ਸਿਆਸੀ ਦੁਰਘਟਨਾ ਵਾਪਰਦੀ ਤਾਂ ਲਾਲ ਪਗੜੀਆਂ ਵਾਲੇ ਦਰਸ਼ਨ ਦਿੰਦੇ/ਕਰਦੇ ਰਹਿੰਦੇ ਸਨ। ਹੁਣ ਵੀ ਸਾਲ-ਛਿਮਾਹੀ ਕੋਈ ਪੁਲਿਸ ਵਾਲਾ ਮਿਲਣ ਆ ਹੀ ਜਾਂਦਾ ਸੀ ਤੇ ਮੇਰੇ ਬਾਰੇ 'ਉੱਤੋਂ ਆਈ ਰੀਪੋਰਟ' ਦੀ ਪੜਤਾਲ ਕਰਦਿਆਂ, ਮੇਰਾ 'ਕਿਸੇ ਅੱਤਵਾਦੀ ਪਾਰਟੀ' ਨਾਲ ਕੋਈ ਸੰਬੰਧ ਨਾ ਹੋਣ ਦਾ ਬਿਆਨ ਲਿਖ ਕੇ ਤੇ ਕਿਸੇ ਜਾਣੂ ਦੀ ਗਵਾਹੀ ਪਵਾ ਕੇ ਚਲਿਆ ਜਾਂਦਾ ਸੀ।

ਹਾਜ਼ਰੀ ਲਾਉਣ ਤੋਂ ਵਿਹਲਾ ਹੋ ਕੇ ਡੀਪਾਰਟਮੈਂਟ ਵੱਲ ਜਾ ਰਿਹਾ ਸਾਂ। ਵੇਖਿਆ; ਵਰਦੀ ਵਿੱਚ ਸੱਜਿਆ ਥਾਣੇਦਾਰ ਲਾਇਬ੍ਰੇਰੀ ਦੇ ਉੱਤੋਂ ਦੀ ਵਾਪਸ ਤੁਰਿਆ ਆ ਰਿਹਾ ਸੀ। ਮੈਂ ਉਸ ਕੋਲ ਆਪ ਹੀ ਜਾ ਕੇ ਫ਼ਤਹਿ ਬੁਲਾਈ ਤੇ ਆਪਣੇ ਬਾਰੇ ਦੱਸਿਆ, "ਜੀ ਮੇਰਾ ਨਾਂ ਹੀ ਵਰਿਆਮ ਸਿੰਘ ਸੰਧੂ ਹੈ। ਸੁਣਿਐਂ ਤੁਸੀਂ ਮੇਰੇ ਬਾਰੇ ਪੁੱਛ-ਗਿੱਛ ਕਰਦੇ ਫਿਰਦੇ ਓ। ਮੈਨੂੰ ਪੁੱਛੋ ਜਿਹੜੀ ਗੱਲ ਪੁੱਛਣੀ ਹੈ।"

ਉਸਨੇ ਮੇਰੇ ਨਾਲ ਢਿੱਲਾ ਜਿਹਾ ਹੱਥ ਮਿਲਾਇਆ। ਅੱਖ ਜਿਹੀ ਚੁਰਾ ਕੇ ਕਹਿਣ ਲੱਗਾ, "ਤੁਹਾਡੇ ਬਾਰੇ ਪੁੱਛਣਾ ਹੋਊ ਤਾਂ ਤੁਹਾਨੂੰ ਕਿਉਂ ਪੁੱਛਾਂਗੇ?"

ਉਸਦਾ ਰੁੱਖਾ ਜਿਹਾ ਜਵਾਬ ਸੀ। ਸਾਫ਼ ਜ਼ਾਹਿਰ ਸੀ ਕਿ ਉਹ ਕਾਲਜ ਦੇ 'ਬੰਦਿਆਂ' ਨੂੰ ਮਿਲ-ਮਿਲਾ ਕੇ ਮੇਰੀਆਂ 'ਗਤੀਵਿਧੀਆਂ' ਦੀ ਸੂਹ ਲੈ ਰਿਹਾ ਸੀ। ਸ਼ਾਇਦ 'ਉੱਪਰੋਂ' ਕਿਸੇ 'ਉਚੇਚੀ ਜਾਣਕਾਰੀ' ਦੀ ਮੰਗ ਕੀਤੀ ਗਈ ਹੋਵੇ! ਪਰ 'ਸੂਹ' ਲੈਣ ਲਈ ਵਰਦੀ ਵਿੱਚ 'ਸੱਜ-ਧੱਜ' ਕੇ ਆਉਣ ਦੀ ਭਲਾ ਕੀ ਲੋੜ ਸੀ! ਕੀ ਇਹ ਮੈਨੂੰ ਡਰਾਉਣ ਦਾ ਕੋਈ ਪੈਂਤੜਾ ਸੀ ਜਾਂ ਬਦਨਾਮ ਕਰਨ ਦਾ? ਪਰ ਨਾ ਹੀ ਕਿਸੇ ਬਦਨਾਮੀ ਦਾ ਤੇ ਨਾ ਕਿਸੇ ਹੋਰ ਗੱਲ ਦਾ ਮੈਨੂੰ ਡਰ ਸੀ।

"ਜਿਵੇਂ ਤੁਹਾਡੀ ਮਰਜ਼ੀ! ਪੁੱਛ ਲੌ ਜਿਹਨੂੰ ਪੁਛਣੈਂ।"



Namdhari Elibrary NamdhariElibrary@gmail.com

ਮੈਂ ਵੀ ਰੁੱਖਾ ਜਿਹਾ ਜਵਾਬ ਦਿੱਤਾ ਤੇ ਅੱਗੇ ਤੁਰ ਗਿਆ।

ਐਮ ਏ ਦੀ ਕਲਾਸ ਲਾ ਕੇ ਵਿਭਾਗ ਦੇ ਦਫ਼ਤਰ ਵਿੱਚ ਆ ਕੇ ਬੈਠਾ ਹੀ ਸਾਂ ਕਿ ਦਫ਼ਤਰ ਵਿਚੋਂ ਆਏ ਸੇਵਾਦਾਰ ਨੇ ਦੱਸਿਆ, "ਜਲੰਧਰ ਦੇ ਕਮਿਸ਼ਨਰ ਵੱਲੋਂ ਤੁਹਾਨੂੰ ਫ਼ੋਨ ਆਇਆ ਸੀ। ਦਸ ਕੁ ਮਿੰਟਾਂ ਤੱਕ ਕਮਿਸ਼ਨਰ ਸਾਹਿਬ ਫੇਰ ਫ਼ੋਨ ਕਰਨਗੇ।"



'ਕੀ ਥਾਣੇਦਾਰ ਦਾ ਆਉਣਾ ਤੇ ਕਮਿਸ਼ਨਰ ਦੇ ਦਫ਼ਤਰ ਵਿਚਲੇ ਫ਼ੋਨ ਦਾ ਕੋਈ ਆਪਸੀ ਸੰਬੰਧ ਸੀ!' ਇਹੋ ਸੋਚਦਾ ਦਫ਼ਤਰ ਗਿਆ ਤਾਂ ਕੁੱਝ ਮਿੰਟਾਂ ਬਾਅਦ ਫ਼ੋਨ ਦੀ ਘੰਟੀ ਵੱਜੀ। ਕਮਿਸ਼ਨਰ ਆਪ ਫ਼ੋਨ ਉੱਤੇ ਸੀ, "ਸੰਧੂ ਸਾਹਿਬ! ਮੈਂ ਕਮਿਸ਼ਨਰ ਜਲੰਧਰ ਸ੍ਰੀਵਾਸਤਵਾ ਬੋਲ ਰਿਹਾਂ। ਏਥੇ ਆਉਣ ਤੋਂ ਪਹਿਲਾਂ ਮੈਂ ਆਪਣੇ ਸੀਨੀਅਰ ਅਫ਼ਸਰ ਮਿੱਤਰ ਸਨ ਰਤਨ ਨੂੰ ਪੁੱਛਿਆ ਸੀ ਕਿ ਉਹ ਜਲੰਧਰ ਵਿੱਚ ਰਹਿੰਦੇ ਕੁੱਝ ਲੇਖਕਾਂ/ਕਲਾਕਾਰਾਂ ਦਾ ਪਤਾ ਦੱਸਣ ਤਾਕਿ ਅਸੀਂ ਮਿਲ ਕੇ ਏਥੇ ਸਾਹਿਤਕ ਤੇ ਕਲਾਤਮਕ ਮਾਹੌਲ ਸਿਰਜਣ ਦੀ ਕੋਸ਼ਿਸ਼ ਕਰ ਸਕੀਏ। ਉਹਨਾਂ ਮੈਨੂੰ ਤੁਹਾਡਾ ਨਾਂ ਦੱਸਿਆ ਸੀ। ਤੁਸੀਂ ਕਿਸੇ ਦਿਨ ਆਪਣੇ ਦੋ-ਚਾਰ ਸਾਹਿਤਕ ਮਿੱਤਰਾਂ ਨਾਲ ਆਓ। ਆਪਾਂ ਮਿਲ ਬੈਠੀਏ, ਗੱਲਾਂ ਬਾਤਾਂ ਕਰੀਏ।"

ਕੁਝ ਦਿਨਾਂ ਬਾਅਦ ਕਮਿਸ਼ਨਰ ਵੱਲੋਂ ਜਿਮ-ਖ਼ਾਨਾ ਕਲੱਬ ਵਿੱਚ ਦੁਪਹਿਰ ਦੇ ਖਾਣੇ 'ਤੇ ਮਿਲਣ ਦਾ ਸੱਦਾ ਆਇਆ ਤੇ ਉਸ ਵੱਲੋਂ ਕੁੱਝ ਮਿੱਤਰਾਂ ਨੂੰ ਨਾਲ ਲਿਆਉਣ ਲਈ ਆਖਿਆ ਗਿਆ।

ਮੈਂ ਆਪਣੇ ਨਾਲ ਪਿਆਰਾ ਸਿੰਘ ਭੋਗਲ, ਗੁਰਬਖ਼ਸ਼ ਸਿੰਘ ਬੰਨੋਆਣਾ ਤੇ ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਨੂੰ ਨਾਲ ਲੈ ਕੇ ਗਿਆ। ਖਾਣੇ ਉੱਤੇ ਜਲੰਧਰ ਦਾ ਡਿਪਟੀ ਕਮਿਸ਼ਨਰ ਵੀ ਹਾਜ਼ਰ ਸੀ। ਅਸੀਂ ਕੁਲ ਛੇ ਜਣੇ ਹੀ ਸਾਂ। ਇੱਕ ਦੂਜੇ ਨਾਲ ਜਾਣ-ਪਛਾਣ ਕੀਤੀ/ਕਰਵਾਈ ਗਈ। ਬੜੇ ਹੀ ਸੁਖਾਵੇਂ ਮਾਹੌਲ ਵਿੱਚ ਜਲੰਧਰ ਦੇ ਸਾਹਿਤਕ ਤੇ ਕਲਾਤਮਕ ਮਾਹੌਲ ਬਾਰੇ ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਇਹ ਵੀ ਚਰਚਾ ਹੋਈ ਕਿ ਇਹਨਾਂ ਨੂੰ ਹੋਰ ਚੰਗੀ ਤਰ੍ਹਾਂ ਚਲਾਉਣ ਲਈ 'ਸਰਕਾਰ' ਵੱਲੋਂ ਕੀ ਕੁੱਝ ਕੀਤਾ ਜਾ ਸਕਦਾ ਹੈ!

ਬੜੇ ਦੋਸਤਾਨਾਂ ਮਾਹੌਲ ਵਿੱਚ ਗੱਲਾਂ ਕਰਦਿਆਂ, ਖਾਣੇ ਉਪਰੰਤ ਵਿਛੜਨ ਤੋਂ ਪਹਿਲਾਂ, ਮੈਂ ਹੱਸ ਕੇ ਕਿਹਾ, "ਇਹ ਵੀ ਵਿਡੰਬਨਾਂ ਹੀ ਹੈ ਕਿ ਇੱਕ ਪਾਸੇ ਤੁਸੀਂ ਸਾਨੂੰ ਖਾਣੇ 'ਤੇ ਬੁਲਾ ਕੇ ਏਨਾ ਮਾਣ ਦੇ ਰਹੇ ਓ ਤੇ ਦੂਜੇ ਪਾਸੇ ਅੱਜ ਹੀ ਤੁਹਾਡਾ 'ਥਾਣੇਦਾਰ' ਮੇਰੀਆਂ 'ਗਤੀਵਿਧੀਆਂ' ਦੀ ਜਸੂਸੀ ਕਰ ਰਿਹਾ ਸੀ।"

ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਨੇ ਇਸ 'ਤੇ ਹੈਰਾਨੀ ਪਰਗਟ ਕੀਤੀ। ਕੁੱਝ ਤਾਂ ਨ ਸ ਰਤਨ ਕੋਲੋਂ ਤੇ ਕੁੱਝ ਮੇਰੇ ਮਿੱਤਰਾਂ ਦੀ ਅੱਜ ਦੀ ਗੱਲ-ਬਾਤ ਤੋਂ ਉਹ ਮੇਰੀਆਂ 'ਸਾਹਿਤਕ-ਪ੍ਰਾਪਤੀਆਂ' ਬਾਰੇ ਸੁਣ ਚੁੱਕੇ ਸਨ। ਕਮਿਸ਼ਨਰ ਨੇ ਕਿਹਾ, "ਮੈਂ ਤਾਂ ਅੱਜ ਦੇ ਖਾਣੇ 'ਤੇ ਐੱਸ ਐੱਸ ਪੀ ਸਾਹਬ ਨੂੰ ਵੀ ਬੁਲਾਇਆ ਸੀ ਪਰ ਉਹਨਾਂ ਨੂੰ ਕੋਈ ਬਹੁਤ ਹੀ ਜ਼ਰੂਰੀ ਕੰਮ ਪੈ ਜਾਣ ਕਰ ਕੇ ਆ ਨਹੀਂ ਸਕੇ। ਨਹੀਂ ਤਾਂ ਉਹਨਾਂ ਨਾਲ ਹੁਣੇ ਹੀ ਗੱਲ ਹੋ ਜਾਂਦੀ।"

ਉਹ ਇੱਕ ਪਲ ਲਈ ਰੁਕਿਆ ਤਾਂ ਡਿਪਟੀ ਕਮਿਸ਼ਨਰ ਨੇ ਬੜੇ ਉਤਸ਼ਾਹ ਨਾਲ ਕਿਹਾ, "ਸੰਧੂ ਸਾਹਿਬ ਤੁਸੀਂ ਕਿਸੇ ਵੀ ਦਿਨ, ਜਦੋਂ ਜੀ ਕਰੇ ਮੈਨੂੰ ਦਫ਼ਤਰ ਵਿੱਚ ਆ ਕੇ ਮਿਲੋ। ਆਪਾਂ ਐੱਸ ਐੱਸ ਪੀ ਸਾਹਿਬ ਨਾਲ ਗੱਲ ਕਰਕੇ ਇਸ ਮਾਮਲੇ ਨੂੰ ਨਿਪਟਾ ਹੀ ਦਿੰਦੇ ਹਾਂ।"

ਬੜੇ ਖ਼ੁਸ਼ਗਵਾਰ ਮਾਹੌਲ ਵਿੱਚ ਅਸੀਂ ਅਗਲੀ ਮਿਲਣੀ ਦੀ ਆਸ ਨਾਲ ਗਰਮਜੋਸ਼ੀ ਵਿੱਚ ਹੱਥ ਮਿਲਾ ਕੇ ਅਲੱਗ ਹੋਏ।

ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਮੇਰਾ ਕਿਸੇ ਵੀ 'ਅੱਤਵਾਦੀ' ਪਾਰਟੀ ਜਾਂ ਗਰੁੱਪ ਨਾਲ ਕੋਈ ਸੰਬੰਧ ਨਹੀਂ ਸੀ। ਕਿਸੇ ਵੀ ਲਹਿਰ ਨਾਲ ਸੰਬੰਧਤ ਧਿਰ ਵੱਲੋਂ ਕਿਸੇ ਦੂਜੀ ਧਿਰ ਦੇ ਬੰਦੇ ਨੂੰ ਵਿਚਾਰਾਂ ਦੇ ਵਖਰੇਵੇਂ ਕਰਕੇ 'ਕਤਲ' ਕਰ ਦੇਣ ਵਿੱਚ ਤਾਂ ਮੇਰਾ ਉੱਕਾ ਹੀ ਵਿਸ਼ਵਾਸ ਹੀ ਨਹੀਂ ਸੀ। ਮੈਂ ਸਮਝਦਾ ਸਾਂ ਕਿ ਜਿਹੜੇ ਵਿਚਾਰਧਾਰਕ ਪੈਂਤੜੇ 'ਤੇ ਖਲੋ ਕੇ ਕੋਈ ਧਿਰ/ਵਿਅਕਤੀ ਕਿਸੇ ਬੰਦੇ ਨੂੰ ਕਤਲ ਕਰਦੀ/ਕਰਦਾ ਹੈ, ਹੋ ਸਕਦਾ ਹੈ ਕਿ ਅਗਲੇ ਸਾਲਾਂ ਵਿੱਚ ਕਾਤਲ ਧਿਰ/ਵਿਅਕਤੀ ਖੁਦ ਆਪਣੇ ਉਹਨਾਂ ਵਿਚਾਰਾਂ ਨੂੰ ਹੀ ਗ਼ਲਤ ਸਮਝਣ ਲੱਗ ਜਾਵੇ। ਇਹ ਵੀ ਹੋ ਸਕਦਾ ਹੈ ਕਿ ਜਿਹੜੇ ਪੈਂਤੜੇ 'ਤੇ ਕਾਤਲ ਅੱਜ ਖਲੋਤਾ ਹੈ ਕੱਲ੍ਹ ਨੂੰ ਮਕਤੂਲ ਵੀ ਆਪਣੇ ਤਜਰਬੇ ਤੇ ਹਾਲਾਤ ਤੋਂ ਪ੍ਰਭਾਵਤ ਹੋ ਕੇ ਓਸੇ ਪੈਂਤੜੇ 'ਤੇ ਹੀ ਆਣ ਖਲੋਵੇ! ਪਿਛਲੇ ਸਾਲਾਂ ਵਿੱਚ ਮੈਂ ਇਹ ਵੀ ਵੇਖਿਆ ਸੀ ਕਿ ਜਿਹੜੇ ਸੱਜਣ ਵਿਅਕਤੀਗਤ ਕਤਲਾਂ ਦੀ ਮੁਹਿੰਮ ਦੇ ਵਿਸ਼ਵਾਸੀ ਸਨ, ਉਹਨਾਂ ਵਿਚੋਂ ਹੀ ਕਈ ਆਪਣੀਆਂ ਕਾਰਵਾਈਆਂ ਨੂੰ ਗ਼ਲਤ ਮੰਨਣ ਲੱਗੇ ਸਨ।



Namdhari Elibrary NamdhariElibrary@gmail.com

ਉਹਨਾਂ ਵਿਚੋਂ ਕੁੱਝ ਇੱਕ ਪਿਛਲੇ 'ਸਭ ਕੁੱਝ ਨੂੰ ਰੱਦ' ਕਰਕੇ ਚੰਗੇ ਅਹੁੱਦਿਆਂ ਤੇ ਚੰਗੀਆਂ ਨੌਕਰੀਆਂ 'ਤੇ ਜਾ ਲੱਗੇ ਸਨ ਤੇ ਕੁੱਝ ਇੱਕ ਵਿਦੇਸ਼ਾਂ ਵਿੱਚ ਜਾ ਕੇ ਪਿਛਲਾ 'ਸਭ-ਕੁਝ ਕੌੜੀ ਯਾਦ ਵਾਂਗ ਭੁੱਲ-ਭੁਲਾ ਕੇ' ਮੌਜਾਂ ਕਰਦੇ ਤੇ ਹੋਰਨਾਂ ਨੂੰ 'ਮੱਤਾਂ' ਦੇਣ ਲੱਗੇ ਹੋਏ ਸਨ। ਕੁੱਝ ਇਹੋ ਜਿਹੇ ਵੀ ਸਨ ਜਿਹੜੇ ਕਦੀ 'ਕਮਿਊਨਿਸਟ' ਹੋਣ ਵਿੱਚ ਫ਼ਖ਼ਰ ਸਮਝਦੇ ਸਨ ਪਰ ਅੱਜ ਪਿਰ ਬਦਲ ਕੇ ਖ਼ਾਲਿਸਤਾਨੀ ਬਣ ਗਏ ਸਨ ਪਰ ਦਹਿਸ਼ਤਗਰਦੀ ਵਿੱਚ ਉਹਨਾਂ ਦਾ ਵਿਸ਼ਵਾਸ ਅਜੇ ਵੀ ਅਡਿੱਗ-ਅਡੋਲ ਸੀ। ਉਹਨਾਂ ਦੇ ਇੱਕ ਸਮੇਂ ਲਏ ਪਰ ਹੁਣ 'ਗ਼ਲਤ' ਸਮਝੇ ਜਾਣ ਵਾਲੇ ਵਿਚਾਰਾਂ ਸਦਕਾ ਜਿਹੜੇ ਬੰਦੇ ਮੌਤ ਦੇ ਮੂੰਹ ਵਿੱਚ ਜਾ ਪਏ ਸਨ, ਉਹ ਤਾਂ ਕਦੀ ਵਾਪਸ ਨਹੀਂ ਸਨ ਮੁੜਨ ਲੱਗੇ!

ਇਹ ਤੇ ਇਹਨਾਂ ਨਾਲ ਮਿਲਦੇ ਜੁਲਦੇ ਕਈ ਕਾਰਨਾਂ ਕਰ ਕੇ ਵਿਅਕਤੀਗਤ ਦਹਿਸ਼ਤਗਰਦੀ ਵਿੱਚ ਮੇਰਾ ਰਤੀ ਭਰ ਵੀ ਵਿਸ਼ਵਾਸ ਨਹੀਂ ਸੀ ਰਹਿ ਗਿਆ। ਪਿਛਲੇ ਕਈ ਸਾਲਾਂ ਤੋਂ ਤਾਂ ਮੇਰੀਆਂ ਗਤੀਵਿਧੀਆਂ ਵੀ ਨਿਰੋਲ ਸਾਹਿਤਕ-ਸਭਿਆਚਾਰਕ ਖੇਤਰ ਤੱਕ ਸੀਮਤ ਰਹਿ ਗਈਆਂ ਸਨ। ਇਸਦਾ ਮਤਲਬ ਇਹ ਨਹੀਂ ਕਿ ਮੇਰੇ ਕੋਈ ਸਿਆਸੀ ਵਿਚਾਰ ਹੀ ਨਾ ਹੋਣ। ਮੈਂ ਮੌਜੂਦਾ ਸਥਾਪਤ ਤਾਕਤਾਂ ਦੇ ਲੋਕ-ਵਿਰੋਧੀ ਖ਼ਾਸੇ ਦਾ ਕਦਾਚਿਤ ਵੀ ਹਾਮੀ ਨਹੀਂ ਸਾਂ ਪਰ ਮੇਰਾ ਵਿਸ਼ਵਾਸ ਸੀ ਕਿ ਵਿਸ਼ਾਲ ਲੋਕ-ਲਹਿਰ ਉਸਾਰੇ ਜਾਣ ਨਾਲ ਹੀ ਕੋਈ ਸਿਆਸੀ ਮਕਸਦ ਪੂਰਾ ਹੋ ਸਕਦਾ ਹੈ। ਮੇਰੇ ਇਹਨਾਂ ਸਿਆਸੀ ਵਿਚਾਰਾਂ ਦਾ ਪ੍ਰਗਟਾਵਾ ਆਮ ਤੌਰ 'ਤੇ ਦੇਸ਼-ਭਗਤ ਯਾਦਗਾਰ ਹਾਲ ਵਿੱਚ ਹੋਣ ਵਾਲੇ ਮੇਲਿਆਂ/ਸੈਮੀਨਾਰਾਂ ਵਿੱਚ ਹੁੰਦਾ ਹੀ ਰਹਿੰਦਾ ਸੀ। ਲੋੜ ਪੈਣ 'ਤੇ ਸਿਆਸੀ ਨੌਈਅਤ ਦੇ ਕਿਸੇ ਸਾਹਿਤਕ-ਸਭਿਆਚਾਰਕ ਜਾਂ ਇਤਿਹਾਸਕ ਮਹੱਤਵ ਵਾਲੇ ਮਸਲੇ ਬਾਰੇ ਆਪਣੀ ਰਾਇ ਖੁਲ੍ਹ ਕੇ ਪ੍ਰਗਟਾਉਣ ਵਿੱਚ ਮੈਨੂੰ ਕੋਈ ਹਿਚਕਚਾਹਟ ਨਹੀਂ ਸੀ। ਪਰ ਜ਼ਾਹਿਰਾ ਤੌਰ 'ਤੇ ਮੈਂ ਕਿਸੇ ਵੀ ਸਿਆਸੀ ਪਾਰਟੀ ਨਾਲ ਸੰਬੰਧਤ ਨਹੀਂ ਸਾਂ।

ਪਰ ਮੈਂ ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਵੱਲੋਂ ਸੁਹਿਰਦ-ਭਾਵ ਨਾਲ ਕੀਤੀ ਪੇਸ਼ਕਸ਼ ਨੂੰ ਪ੍ਰਵਾਨ ਕਰਨਾ ਉਚਿੱਤ ਨਾ ਸਮਝਿਆ ਤੇ ਉਸ 'ਮਕਸਦ' ਲਈ ਡਿਪਟੀ ਕਮਿਸ਼ਨਰ ਨੂੰ ਮਿਲਣ ਕਦੀ ਨਾ ਗਿਆ। ਇਸ ਵਿੱਚ ਮੈਨੂੰ ਆਪਣੀ ਹੇਠੀ ਲੱਗਦੀ ਸੀ।

ਉਂਜ ਵੀ ਅਜਿਹੀ ਗ਼ਲਤੀ ਮੈਂ ਇੱਕ ਵਾਰ ਕਰ ਚੁੱਕਾ ਸਾਂ ਤੇ ਹੁਣ ਉਸਨੂੰ ਦੁਹਰਾਉਣਾ ਨਹੀਂ ਸਾਂ ਚਾਹੁੰਦਾ।

ਇਹ ਮੇਰੇ ਐੱਮ ਫ਼ਿਲ ਕਰਨ ਦੇ ਦਿਨਾਂ ਦੀ ਵਾਰਤਾ ਹੈ। ਵਾਰ ਵਾਰ ਹੁੰਦੀਆਂ ਰਹੀਆਂ ਗ੍ਰਿਫ਼ਤਾਰੀਆਂ ਦੀ ਪਰੇਸ਼ਾਨੀ ਤੋਂ 'ਬਚਾਉਣ' ਲਈ ਮੇਰੇ ਨਾਲ ਹੀ ਐੱਮ ਫ਼ਿਲ ਕਰ ਰਿਹਾ ਮਿੱਤਰ ਸਾਧੂ ਸਿੰਘ ਮੈਨੂੰ ਆਪਣੇ ਮਿੱਤਰ ਗੁਰਬਚਨ ਜਗਤ ਦੇ ਚੰਡੀਗੜ੍ਹ ਵਿਚਲੇ ਦਫ਼ਤਰ ਵਿੱਚ ਮਿਲਾਉਣ ਲੈ ਗਿਆ, ਜਿਹੜਾ ਉਹਨੀਂ ਦਿਨੀਂ ਸੀ ਆਈ ਡੀ ਵਿਭਾਗ ਵਿੱਚ ਉੱਚੇ ਅਹੁੱਦੇ (ਸ਼ਾਇਦ ਡੀ ਆਈ ਜੀ) 'ਤੇ ਤਾਇਨਾਤ ਸੀ। ਸਾਧੂ ਸਿੰਘ ਨੇ ਮੇਰੀਆਂ ਗ੍ਰਿਫ਼ਤਾਰੀਆਂ ਪਿੱਛੇ ਕਾਰਜਸ਼ੀਲ 'ਵਿਸ਼ੇਸ਼ ਵਿਚਾਰਧਾਰਕ ਪੈਂਤੜੇ ਨੂੰ ਤਿਆਗ ਦਿੱਤੇ ਜਾਣ ਦੇ ਬਾਵਜੂਦ' ਹੁਣ ਬਿਨਾਂ ਕਿਸੇ ਕਸੂਰ ਦੇ ਪੁਲਿਸ ਵੱਲੋਂ ਮੈਨੂੰ ਵਾਰ ਵਾਰ ਗ੍ਰਿਫ਼ਤਾਰ ਕੀਤੇ ਜਾਣ ਦਾ ਜ਼ਿਕਰ ਕੀਤਾ ਤੇ ਇਸਤੋਂ 'ਮੁਕਤ' ਹੋਣ ਲਈ ਰਾਹ ਪੁੱਛਿਆ। ਗੁਰਬਚਨ ਜਗਤ ਨੇ ਮੈਨੂੰ ਨੇੜਲੇ ਕਿਸੇ ਕਮਰੇ ਵਿੱਚ ਇੱਕ ਹੋਰ ਅਫ਼ਸਰ ਨੂੰ ਮਿਲਣ ਭੇਜ ਦਿੱਤਾ। ਉਸ ਅਫ਼ਸਰ ਨੇ ਬੜੀਆਂ ਸ਼ੱਕੀ ਨਜ਼ਰਾਂ ਨਾਲ ਮੈਨੂੰ ਬੜੇ ਅਜੀਬ-ਓ-ਗਰੀਬ ਸਵਾਲ-ਜਵਾਬ ਕੀਤੇ ਤੇ ਲੰਮੀ ਪੁੱਛ-ਗਿੱਛ ਤੋਂ ਬਾਅਦ ਅੱਗੇ ਦੂਜੇ ਕਮਰੇ ਵਿੱਚ ਕਿਸੇ ਹੋਰ ਅਫ਼ਸਰ ਦੇ ਦਫ਼ਤਰ ਵਿੱਚ ਭੇਜ ਦਿੱਤਾ। ਮੈਨੂੰ ਇਸਤਰ੍ਹਾਂ ਖ਼ਰੋਚ-ਖ਼ਰੋਚ ਕੇ ਸਵਾਲ ਪੁੱਛੇ ਜਾ ਰਹੇ ਸਨ ਜਿਵੇਂ ਮੈਂ 'ਨਕਸਲੀ ਲਹਿਰ ਨੂੰ ਚਲਾਉਣ ਵਾਲਾ ਮੁਲਕ ਦਾ ਬਹੁਤ ਵੱਡਾ ਆਗੂ ਹੋਵਾਂ!'

ਉਹਨਾਂ ਅਫ਼ਸਰਾਂ ਨੂੰ ਮਿਲਣ ਤੋਂ ਬਾਅਦ ਜਦੋਂ ਗੁਰਬਚਨ ਜਗਤ ਦੇ ਦਫ਼ਤਰ ਵਾਪਸ ਮੁੜਿਆ ਤਾਂ ਮੈਂ ਬਹੁਤ ਸ਼ਰਮਿੰਦਾ ਤੇ ਗੁਨਾਹਗ਼ਾਰ ਮਹਿਸੂਸ ਕਰ ਰਿਹਾ ਸਾਂ। ਉਸ ਘੜੀ ਨੂੰ ਪਛਤਾ ਰਿਹਾ ਸਾਂ ਜਦੋਂ ਸਾਧੂ ਸਿੰਘ ਦੇ ਆਖੇ ਲੱਗ ਕੇ ਤੁਰ ਪਿਆ ਸਾਂ। ਸਾਧੂ ਸਿੰਘ ਤਾਂ ਕਿਸੇ 'ਅਫ਼ਸਰ' ਨੂੰ ਨਹੀਂ ਸਗੋਂ ਨੇੜਲੇ 'ਦੋਸਤ' ਨੂੰ 'ਮਿਲਾਉਣ' ਤੇ ਉਸ ਦੀ ਸੁਹਿਰਦ ਰਾਇ ਲੈਣ ਆਇਆ ਸੀ ਪਰ ਅਫ਼ਸਰੀ ਦੀਆਂ ਆਪਣੀਆਂ ਵਿਭਾਗੀ 'ਲੋੜਾਂ ਤੇ ਮਜਬੂਰੀਆਂ' ਸਨ। ਇਹਨਾਂ 'ਲੋੜਾਂ' ਵਿਚੋਂ ਹੀ ਗੁਰਬਚਨ ਜਗਤ ਨੇ ਮੈਨੂੰ ਹੋਰਨਾਂ ਅਫ਼ਸਰਾਂ ਨਾਲ ਮੇਰੀ 'ਪੁਣ-ਛਾਣ' ਕੀਤੇ ਜਾਣ ਲਈ ਮਿਲਾਇਆ ਸੀ।

ਦੂਜੇ ਅਫ਼ਸਰਾਂ ਨਾਲ ਫ਼ੋਨ 'ਤੇ ਗੱਲ ਕਰ ਕੇ ਉਸਨੇ ਸਾਰੀ ਹਕੀਕਤ ਸਮਝ ਲਈ ਤੇ ਦੱਸਿਆ ਕਿ 'ਸਰਕਾਰੀ ਕਾਗ਼ਜ਼ਾਂ' ਵਿਚਲੀਆਂ ਮੇਰੀਆਂ 'ਗਤੀਵਿਧੀਆਂ' ਦੇ ਹਵਾਲੇ ਨਾਲ ਮੇਰਾ ਨਾਂ ਸਹਿਜੇ ਕੀਤੇ 'ਖ਼ਾਮੋਸ਼' ਨਹੀਂ ਕੀਤਾ ਜਾ ਸਕਦਾ। ਇਹ ਉਹਨਾਂ ਦੇ ਆਪਣੇ ਅਧਿਕਾਰ-ਖੇਤਰ ਤੋਂ ਬਾਹਰਲੀ ਗੱਲ ਸੀ। ਇਸ ਨੂੰ 'ਖ਼ਾਮੋਸ਼' ਕਰਨ ਦੀ ਕਾਰਵਾਈ ਸ਼ੁਰੂ ਕਰਨ ਲਈ ਵੀ 'ਮੁੱਖ-ਮੰਤ੍ਰੀ', ਕਿਸੇ ਵਜ਼ੀਰ ਜਾਂ ਮੈਂਬਰ



Namdhari Elibrary NamdhariElibrary@gmail.com

ਪਾਰਲੀਮੈਂਟ ਨੂੰ ਮੇਰੀ 'ਸਫ਼ਾਈ' ਦੇਣੀ ਪਵੇਗੀ।

ਵਾਪਸ ਆਉਂਦਿਆਂ ਸਾਧੂ ਸਿੰਘ ਮੇਰੀ 'ਸਫ਼ਾਈ' ਦੇਣ ਲਈ 'ਰਲ-ਮਿਲ ਕੇ' ਕਿਸੇ 'ਵਜ਼ੀਰ' ਜਾਂ ਮੈਂਬਰ-ਪਾਰਲੀਮੈਂਟ ਦੀ 'ਤਲਾਸ਼' ਕਰਨ ਲੈਣ ਦੀ 'ਕੋਸ਼ਿਸ਼ ਕਰ ਲੈਣ' ਸੰਬੰਧੀ ਗੱਲ-ਬਾਤ ਕਰ ਰਿਹਾ ਸੀ ਅਤੇ ਮੇਰੇ ਤੋਂ ਕਿਤੇ 'ਵੱਡੇ' ਨਾਵਾਂ ਦੇ ਸਰਕਾਰੀ ਰੀਕਾਰਡ ਵਿਚੋਂ 'ਖ਼ਾਮੋਸ਼' ਹੋ ਜਾਣ ਦੇ ਹਵਾਲੇ ਵੀ ਦੇ ਰਿਹਾ ਸੀ। ਪਰ ਮੈਂ ਉਸਤਰ੍ਹਾਂ ਹੀ 'ਸ਼ਰਮਸਾਰ' ਮਹਿਸੂਸ ਕਰ ਰਿਹਾ ਸਾਂ, ਜਿਵੇਂ ਮੇਰੀ ਕਹਾਣੀ 'ਕੁਰਾਹੀਆ' ਦਾ ਖ਼ੁਦਦਾਰ ਹੈੱਡਮਾਸਟਰ ਇਲਾਕੇ ਦੇ ਐੱਮ ਐੱਲ ਏ ਨੂੰ ਮਿਲਣ ਜਾਣ ਦੀ ਗ਼ਲਤੀ ਕਰ ਲੈਣ ਪਿੱਛੋਂ ਬੇਇਜ਼ਤ ਹੋਇਆ ਮਹਿਸੂਸ ਕਰ ਰਿਹਾ ਸੀ ਤੇ ਪਿੱਛੋਂ ਹਾਰਟ-ਅਟੈਕ ਹੋਣ ਨਾਲ ਮਰ ਗਿਆ ਸੀ!

ਮੈਂ ਨਾ 'ਹਾਰਟ-ਅਟੈਕ' ਨਾਲ ਮਰਨਾ ਚਾਹੁੰਦਾ ਸਾਂ ਤੇ ਨਾ ਜ਼ਮੀਰ ਮਾਰ ਕੇ ਮਰਨ ਦੀ ਮੇਰੀ ਕੋਈ ਮਨਸ਼ਾ ਸੀ। ਜੇ ਮੇਰਾ ਨਾਂ ਉਹਨਾਂ ਨੂੰ 'ਖ਼ਾਮੋਸ਼' ਦੀ ਥਾਂ ਉੱਚੀ 'ਬੋਲਦਾ' ਸੁਣਦਾ ਸੀ ਤਾਂ ਸੁਣਦਾ ਰਹੇ! ਮੇਰਾ ਫ਼ੈਸਲਾ ਸੀ ਕਿ ਜੇ ਪਿਛਲੇ ਕਈ ਦਹਾਕਿਆਂ ਤੋਂ ਮੈਂ 'ਮਰਨ ਤੋਂ ਬਚਿਆ ਰਿਹਾ ਸਾਂ' ਤਾਂ ਹੁਣ ਵੀ ਕੋਈ ਆਖ਼ਰ ਨਹੀਂ ਆ ਚੱਲੀ! ਚੱਲਦਾ ਰਹੇ 'ਸਰਕਾਰੀ ਰੀਕਾਰਡ' ਵਿੱਚ ਮੇਰਾ ਨਾਂ ਜਿਵੇਂ ਚੱਲਦਾ ਹੈ, ਕਰਦੀ ਰਹੇ ਸੀ ਆਈ ਡੀ ਤੇ ਪੁਲਿਸ ਪਿੱਛਾ; ਜਿਵੇਂ ਕਰਦੀ ਹੈ!

ਦਿਲਚਸਪ ਗੱਲ ਹੈ ਕਿ ਅਗਲੇ ਸਾਲਾਂ ਵਿੱਚ ਮੇਰੀ ਬਹੁਤ ਸਾਰੇ ਵੱਡੇ ਪੁਲਿਸ ਅਧਿਕਾਰੀਆਂ ਨਾਲ ਜਾਣ-ਪਛਾਣ ਵੀ ਹੋ ਗਈ। ਇਸ ਜਾਣ-ਪਛਾਣ ਦੀ ਸ਼ੁਰੂਆਤ ਪਹਿਲਵਾਨ ਕਰਤਾਰ ਸਿੰਘ ਵੱਲੋਂ ਕਰਵਾਏ ਜਾਣ ਵਾਲੇ ਖੇਡ-ਮੇਲਿਆਂ/ ਸਮਾਗ਼ਮਾਂ ਦੌਰਾਨ ਹੋਈ। ਮੈਂ ਇਹਨਾਂ ਸਮਾਗ਼ਮਾਂ ਵਿੱਚ ਮੁੱਖ ਬੁਲਾਰਾ ਹੁੰਦਾ ਸਾਂ। ਕਰਤਾਰ ਦੇ ਪੁਲਿਸ ਵਿੱਚ ਸੀਨੀਅਰ ਅਧਿਕਾਰੀ ਹੋਣ ਕਰਕੇ ਇਹਨਾਂ ਸਮਾਗ਼ਮਾਂ ਵਿੱਚ ਕਦੀ ਡੀ ਜੀ ਪੀ ਤੇ ਕਦੇ ਏ ਡੀ ਜੀ ਪੀ ਮੁੱਖ-ਪ੍ਰਾਹੁਣੇ ਹੁੰਦੇ। ਉਹਨਾਂ ਤੋਂ ਛੋਟੇ ਅਫ਼ਸਰਾਂ ਤਾਂ ਫਿਰ ਹਾਜ਼ਰ ਹੋਣਾ ਹੀ ਹੁੰਦਾ ਸੀ। ਸਿਆਣੇ ਅਫ਼ਸਰ ਮੇਰੇ ਭਾਸ਼ਨਾਂ ਦੀ ਪਰਸੰਸਾ ਕਰਦੇ। ਕਰਤਾਰ ਦੀ ਜੀਵਨੀ ਲਿਖਣ ਦੀ ਪਰਸੰਸਾ ਵਜੋਂ ਤਿੰਨ ਚਾਰ ਵਾਰ ਤਾਂ ਮੈਨੂੰ ਇਹਨਾਂ ਵੱਡੇ ਪੁਲਿਸ ਅਫ਼ਸਰਾਂ ਰਾਹੀਂ ਸਨਮਾਨਿਤ ਵੀ ਕਰਵਾਇਆ ਗਿਆ। ਇਸ ਜੀਵਨੀ ਨੂੰ ਪੁਲਿਸ ਅਫ਼ਸਰਾਂ ਵੱਲੋਂ ਪੜ੍ਹੇ ਜਾਣ ਕਰਕੇ ਵੀ ਕਈ ਅਫ਼ਸਰ ਮੇਰੇ ਕਦਰਦਾਨ ਸਨ। ਉਸ ਸਮੇਂ ਦੇ ਏ ਡੀ ਜੀ ਪੀ 'ਰ ਸ ਗਿੱਲ ਵਲੋਂ" ਮੈਨੂੰ ਦੋ ਕੁ ਵਾਰ ਖੇਡਾਂ ਵਿੱਚ ਵੱਡੀਆਂ ਮੱਲਾਂ ਮਾਰਨ ਵਾਲੇ ਖਿਡਾਰੀਆਂ ਦੇ ਸਨਮਾਨ ਲਈ ਹੋਣ ਵਾਲੇ ਸਮਾਗ਼ਮਾਂ ਵਿੱਚ ਉਚੇਚੇ ਤੌਰ 'ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਵੀ ਬੁਲਾਇਆ ਗਿਆ। ਮੇਰੀਆਂ ਸਾਹਿਤਕ ਪ੍ਰਾਪਤੀਆਂ ਦੇ ਸਨਮੁੱਖ, ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੇ ਗਏ ਮੈਗ਼ਜ਼ੀਨ 'ਪੰਜਾਬ ਪੁਲਿਸ ਦਰਪਣ' ਲਈ ਮੈਨੂੰ ਗੁਰਦਿਆਲ ਸਿੰਘ, ਸੁਰਜੀਤ ਪਾਤਰ, ਅਜਮੇਰ ਔਲਖ ਦੇ ਨਾਲ ਮੈਗ਼ਜ਼ੀਨ ਦਾ 'ਵਿਸ਼ੇਸ਼ ਸਲਾਹਕਾਰ' ਵੀ ਬਣਾਇਆ ਗਿਆ।

ਪੁਲਿਸ ਅਫ਼ਸਰਾਂ ਨਾਲ ਮੇਰੀ ਇਸ ਜਾਣ-ਪਛਾਣ ਦਾ ਤੇ ਮੈਗ਼ਜ਼ੀਨ ਦੇ 'ਵਿਸ਼ੇਸ਼ ਸਲਾਹਕਾਰ' ਬਣਨ ਦਾ ਆਧਾਰ ਵੀ ਮੇਰੀ 'ਲਿਖਣ ਤੇ ਬੋਲਣ ਕਲਾ' ਹੀ ਸੀ ਤੇ ਦੂਜੇ ਪਾਸੇ ਇਸ ਕਲਾ ਨੇ ਹੀ ਦਹਾਕਿਆਂ ਤੋਂ 'ਮੇਰੇ ਪਿੱਛੇ' ਪੁਲਿਸ ਨੂੰ 'ਸੂਹੀਆਂ' ਵਾਂਗ ਲਾਇਆ ਹੋਇਆ ਸੀ।

ਉਹ ਸੂਹੀਏ ਅਜੇ ਵੀ ਮੇਰੀਆਂ 'ਗਤੀਵਿਧੀਆਂ' ਦਾ ਧਿਆਨ ਰੱਖ ਰਹੇ ਹਨ! ਇਸਦਾ ਭਾਵ ਇਹ ਵੀ ਹੈ ਕਿ ਉਪਰਲੀ ਸਤਹ 'ਤੇ ਸਿਵਿਲ ਜਾਂ ਪੁਲਿਸ ਅਫਸਰਾਂ ਨਾਲ ਤੁਹਾਡੀਆਂ ਨਿੱਜੀ ਸਾਂਝਾਂ ਤਾਂ ਹੋ ਸਕਦੀਆਂ ਹਨ ਪਰ 'ਸਟੇਟ' ਧੁਰ ਅੰਦਰਲੀ ਸਤਹ 'ਤੇ ਆਪਣੇ ਨੇਮ ਅਨੁਸਾਰ 'ਆਪਣੇ ਕੰਮ' ਵਿੱਚ ਲੱਗੀ ਤੇ ਰੁੱਝੀ ਰਹਿੰਦੀ ਹੈ। ਸਟੇਟ ਦੇ ਰੋਜ਼-ਮੱਰਾ ਦੇ ਕੰਮ-ਕਾਜ 'ਤੇ 'ਨਿੱਜੀ' ਸਾਂਝਾਂ ਕਿਸੇ ਤਰ੍ਹਾਂ ਵੀ ਅਸਰ-ਅੰਦਾਜ਼ ਨਹੀਂ ਹੁੰਦੀਆਂ; ਜਿੰਨਾਂ ਚਿਰ ਕੋਈ ਇਹਨਾਂ ਸਾਂਝਾਂ ਨੂੰ 'ਨਿੱਜੀ' ਹਿਤਾਂ ਲਈ ਵਰਤਣ ਦਾ ਉਚੇਚਾ ਚਾਰਾ ਨਾ ਕਰੇ! ਅਜਿਹਾ 'ਚਾਰਾ' ਕਰਨਾ ਮੇਰੀ ਜ਼ਮੀਰ ਨੂੰ ਵਾਰਾ ਨਹੀਂ ਸੀ ਖਾਂਦਾ। 'ਚਾਰਾ' ਕੀਤੇ ਜਾਣ ਦੇ ਬਾਵਜੂਦ ਇਹਨਾਂ 'ਸਾਂਝਾਂ' ਦੀ ਆਪਣੀ ਸੀਮਾਂ ਹੁੰਦੀ ਹੈ ਜਿਸਨੂੰ ਪਾਰ ਕਰਨਾ ਏਨਾ ਸੌਖਾ ਜਾਂ ਸੰਭਵ ਨਹੀਂ ਹੁੰਦਾ। ਗੁਰਬਚਨ ਜਗਤ ਵਾਲੀ ਘਟਨਾ ਦੇ ਹਵਾਲੇ ਨਾਲ ਇਸ ਸੀਮਾ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਇੱਕ ਹੋਰ ਗੱਲ; ਜਿਹੜਾ ਮੈਂ ਆਪਣੇ ਸਵੈਮਾਣ ਦਾ ਬੜੇ ਚਿਰ ਦਾ ਰੌਲਾ ਪਾ ਰਿਹਾਂ, ਉਸ ਬਾਰੇ ਵੀ ਕਰਨਾ ਚਾਹੁੰਦਾ ਹਾਂ। ਅਜਿਹਾ ਲੋੜੋਂ ਵੱਧ 'ਸਵੈਮਾਣ' ਮੇਰੇ ਅਵਚੇਤਨ ਵਿੱਚ ਕਿਸੇ ਹੀਣ-ਭਾਵ ਦੀ ਗ੍ਰੰਥੀ ਦਾ ਚਿੰਨ੍ਹ ਵੀ ਹੋ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਮੈਂ ਸਮਾਜ-ਸਭਿਆਚਾਰ ਦੀ ਲੋੜੀਂਦੀ ਸ਼ਿਸ਼ਟਤਾ ਦੀ ਸਮਝ ਤੋਂ ਊਣਾ ਹੋਵਾਂ! ਇਸ ਬਾਰੇ ਵੀ ਗੱਲ ਕਰਨੀ ਬਣਦੀ ਹੈ।

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿੱਚ ਪੰਜਾਬੀ ਦਾ ਲੈਕਚਰਾਰ ਚੁਣੇ ਜਾਣ ਤੋਂ ਬਾਅਦ ਮੈਂ ਆਪਣੇ ਪਿੰਡ ਗਿਆ। ਇੱਕ-ਦੋ ਦਿਨ ਸਕੂਲ ਤੋਂ ਆਪਣੀ ਛੁੱਟੀ



Namdhari Elibrary NamdhariElibrary@gmail.com

ਮਨਜ਼ੂਰ ਕਰਾਉਂਦਿਆਂ ਲੱਗ ਗਏ। ਇਧਰੋਂ ਵਿਹਲਾ ਹੋ ਕੇ ਮੈਂ ਸਿੱਧਾ ਪੰਜਾਬੀ ਵਿਭਾਗ ਵਿੱਚ ਪੁੱਜਾ। ਮੈਨੂੰ ਖ਼ਾਲਸਾ ਕਾਲਜ ਵਿਚ ਲਿਆਉਣ ਲਈ ਉਚੇਚੀ ਕੋਸ਼ਿਸ਼ ਕਰਨ ਵਾਲੇ ਮੇਰੇ ਮਿੱਤਰ ਨਿਰੰਜਨ ਸਿੰਘ ਢੇਸੀ ਦੇ ਵਿਦੇਸ਼ ਗਏ ਹੋਣ ਕਾਰਨ ਵਿਭਾਗ ਦਾ ਕਾਰਜ-ਭਾਰ ਮੇਰੇ ਪੁਰਾਣੇ ਸ਼ਾਇਰ ਮਿੱਤਰ ਨਰਜੀਤ ਖਹਿਰਾ ਕੋਲ ਸੀ। ਆਪਣੀ ਹਾਜ਼ਰੀ ਰੀਪੋਰਟ ਦਿੱਤੀ। ਵਿਧੀਵਤ ਢੰਗ ਨਾਲ ਮੈਨੂੰ ਸਭ ਤੋਂ ਪਹਿਲਾਂ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਜਾਣਾ ਚਾਹੀਦਾ ਸੀ। ਮੇਰੀ ਚੋਣ ਕਰਨ ਲਈ ਉਸਦਾ ਧੰਨਵਾਦ ਕਰਨਾ ਮੇਰਾ ਇਖ਼ਲਾਕੀ ਫ਼ਰਜ਼ ਵੀ ਸੀ। ਖਹਿਰੇ ਨੇ ਮੈਨੂੰ ਕਿਹਾ ਵੀ, "ਚੱਲੋ ਨਾਲੇ ਰਾਜਾ ਜੀ ਨੂੰ ਮਿਲ ਆਉਂਦੇ ਹਾਂ ਨਾਲੇ ਹਾਜ਼ਰੀ ਰੀਪੋਰਟ ਵੀ ਦਫ਼ਤਰ ਵਿੱਚ ਫੜਾ ਆਵਾਂਗੇ।"

ਪਰ ਮੈਂ ਉਸਨੂੰ ਕਿਹਾ, "ਕੋਈ ਨਹੀਂ ਰਾਜਾ ਜੀ ਨੂੰ ਮਿਲ ਲਵਾਂਗੇ। ਤੁਸੀਂ ਹਾਜ਼ਰੀ ਰੀਪੋਰਟ ਭੇਜ ਛੱਡੋ।"

ਏਥੇ ਤਾਂ ਸਵੈ-ਮਾਣ ਦਾ ਕੋਈ ਸਵਾਲ ਨਹੀਂ ਸੀ। ਸਮਝੋ ਦੁਨਿਆਵੀ ਸਮਝ ਦੀ ਅਸਲੋਂ ਹੀ ਘਾਟ ਸੀ। ਆਪਣਾ ਟਾਈਮ ਟੇਬਲ ਲਿਆ ਤੇ ਜਮਾਤਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਤਿੰਨ ਕੁ ਦਿਨ ਬੀਤੇ ਹੋਣਗੇ। ਕੀ ਵੇਖਦੇ ਹਾਂ ਪ੍ਰਿੰਸੀਪਲ ਰਾਜਾ ਹਰਨਰਿੰਦਰ ਸਿੰਘ ਸਾਡੇ ਵਿਭਾਗ ਵੱਲ ਤੁਰਿਆ ਆ ਰਿਹਾ ਸੀ। ਪੰਜ-ਛੇ ਪ੍ਰੋਫ਼ੈਸਰਾਂ ਦੀ ਫੌਜ ਉਸਦੇ ਆਸੇ ਪਾਸੇ ਸੀ। ਉਹ ਵਿਭਾਗ ਦੇ ਦਫ਼ਤਰ ਅੰਦਰ ਦਾਖ਼ਲ ਹੋਏ। ਅਸੀਂ ਸਵਾਗਤ ਲਈ ਉੱਠ ਬੈਠੇ। ਪ੍ਰਿੰਸੀਪਲ ਨੇ ਕੁਰਸੀ 'ਤੇ ਬਹਿੰਦਿਆਂ ਦੋਵਾਂ ਹੱਥਾਂ ਨਾਲ ਆਪਣੇ ਦਰਸ਼ਨੀ ਦਾਹੜੇ ਨੂੰ ਸਵਾਰਦਿਆਂ ਮੇਰਾ ਹਾਲ-ਚਾਲ ਪੁੱਛਿਆ। ਮੈਂ ਨਿਮਰਤਾ ਨਾਲ ਜਵਾਬ ਦਿੱਤਾ। ਰਾਜਾ ਜੀ ਨੇ ਆਪਣੇ ਵਿਸ਼ੇਸ਼ ਅੰਦਾਜ਼ ਵਿੱਚ ਕਹਾਣੀ ਛੂਹ ਲਈ:

"ਮਿਰਜ਼ਾ ਗ਼ਾਲਿਬ ਨੂੰ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੇ ਪੇਸ਼ਕਸ਼ ਕੀਤੀ ਕਿ ਜੇ ਉਹ ਚਾਹੁਣ ਤਾਂ ਉਹਨਾਂ ਨੂੰ ਯੂਨੀਵਰਸਿਟੀ ਵਿੱਚ (ਅਸਲ ਵਿੱਚ ਇਹ ਪੇਸ਼ਕਸ਼ ਕਿਸੇ ਕਾਲਜ ਦੇ ਪ੍ਰਿੰਸੀਪਲ ਵੱਲੋਂ ਹੋਈ ਸੀ-ਲੇਖਕ) ਉਰਦੂ ਵਿਭਾਗ ਦਾ ਮੁਖੀ ਲਾਇਆ ਜਾ ਸਕਦਾ ਹੈ। ਉਹਨਾਂ ਦੇ ਫਾਕੇ ਚੱਲ ਰਹੇ ਸਨ। ਇਹ ਚੰਗੀ ਪੇਸ਼ਕਸ਼ ਸੀ। ਉਹ ਮੰਨ ਗਏ। ਵਿਭਾਗ ਦੇ ਮੁਖੀ ਵਜੋਂ ਗ਼ਾਲਿਬ ਸਾਹਿਬ ਨੂੰ ਜਾਇਨ ਕਰਨ ਦੀ ਤਰੀਕ ਮਿਥ ਲਈ ਗਈ। ਮਿਥੀ ਤਰੀਕ 'ਤੇ ਜਦੋਂ ਮਿਰਜ਼ਾ ਗ਼ਾਲਿਬ ਯੂਨੀਵਰਸਿਟੀ ਦੇ ਗੇਟ 'ਤੇ ਪਹੁੰਚੇ ਤਾਂ ਓਥੇ ਖੜ੍ਹੋਤੇ ਸਕਿਓਰਟੀ ਦੇ ਕਰਮਚਾਰੀਆਂ ਨੂੰ ਪੁੱਛਣ ਲੱਗੇ, "ਵਾਈਸ-ਚਾਂਸਲਰ ਕਿੱਥੇ ਹੈ? ਏਥੇ ਗੇਟ 'ਤੇ ਨਹੀਂ ਆਇਆ?" ਉਹਨਾਂ ਦੱਸਿਆ, "ਜੀ ਉਹ ਤਾਂ ਆਪਣੇ ਦਫ਼ਤਰ ਵਿੱਚ ਹੋਣਗੇ। ਏਥੇ ਉਹਨਾਂ ਨੇ ਕੀ ਲੈਣ ਆਉਣਾ ਸੀ!" ਮਿਰਜ਼ਾ ਸਾਹਿਬ ਏਸ ਗੱਲ ਤੋਂ ਵੱਟ ਖਾ ਗਏ। ਕਹਿੰਦੇ, "ਵਾਈਸ-ਚਾਂਸਲਰ ਨੂੰ ਏਨੀ ਸਮਝ ਵੀ ਨਹੀਂ ਕਿ ਉਸ ਵੱਲੋਂ ਮਿਰਜ਼ਾ ਗ਼ਾਲਿਬ ਨੂੰ ਗੇਟ 'ਤੇ ਆ ਕੇ ਰੀਸੀਵ ਕਰਨਾ ਬਣਦਾ ਹੈ! ਜਿਹੜੇ ਵਾਈਸ-ਚਾਂਸਲਰ ਨੂੰ ਏਨੀ ਅਕਲ ਵੀ ਨਹੀਂ ਮੈਂ ਉਸਦੀ ਯੂਨੀਵਰਸਿਟੀ ਵਿੱਚ ਕੋਈ ਵੀ ਅਹੁੱਦਾ ਲੈਣ ਤੋਂ ਇਨਕਾਰ ਕਰਦਾ ਹਾਂ ਤੇ ਵਾਪਸ ਚੱਲਿਆ ਹਾਂ।" ਏਨੀ ਆਖ ਕੇ ਮਿਰਜ਼ਾ ਸਾਹਿਬ ਜਿਧਰੋਂ ਆਏ ਸਨ ਉਧਰ ਹੀ ਪਰਤ ਗਏ।"

ਸਾਰੇ ਬੜੇ ਧਿਆਨ ਨਾਲ ਪ੍ਰਿੰਸੀਪਲ ਦਾ ਪ੍ਰਵਚਨ ਸੁਣ ਰਹੇ ਸਨ। ਇਸ ਪ੍ਰਸੰਗ ਦੇ ਸੁਣਾਏ ਜਾਣ ਦਾ ਭਾਵ ਸਮਝਣ ਲਈ ਸਭ ਦੀਆਂ ਅੱਖਾਂ ਵਿੱਚ ਜੁਗਿਆਸਾ ਤੇ ਭਰਵੱਟੇ ਉੱਠੇ ਹੋਏ ਸਨ। ਰਾਜਾ ਜੀ ਆਪਣੇ ਮੁੱਛਹਿਰਿਆਂ ਵਿੱਚ ਹੱਸੇ ਤੇ ਤੋੜਾ ਝਾੜਿਆ, "ਮੈਂ ਆਖਿਆ ਵਰਿਆਮ ਸੰਧੂ ਵਰਗਾ ਏਡਾ ਵੱਡਾ ਲੇਖਕ ਸਾਡੇ ਕਾਲਜ ਵਿੱਚ ਆਇਆ ਹੈ। ਕਿਤੇ ਇਸ ਗੱਲੋਂ ਨਰਾਜ਼ ਹੋ ਕੇ ਮਿਰਜ਼ਾ ਸਾਹਿਬ ਵਾਂਗ ਵਾਪਸ ਨਾ ਮੁੜ ਜਾਂਦਾ ਹੋਵੇ ਕਿ ਕਾਲਜ ਦਾ ਪ੍ਰਿੰਸੀਪਲ ਉਸਨੂੰ ਤਿੰਨ ਦਿਨ ਤੋਂ ਮਿਲਣ ਹੀ ਨਹੀਂ ਆਇਆ!"

ਜ਼ੋਰ ਦਾ ਹਾਸਾ ਖਿੜਿਆ। ਹੱਸਿਆ ਤਾਂ ਮੈਂ ਵੀ ਪਰ ਸ਼ਰਮਿੰਦਿਆਂ ਦੇ ਤਾਣ! ਰਾਜਾ ਜੀ ਨੇ ਆਪਣੇ ਤਿੱਖੇ ਸ਼ਾਇਰਾਨਾ ਅੰਦਾਜ਼ ਨਾਲ ਵਿੰਨ੍ਹ ਛੱਡਿਆ ਸੀ। ਮੇਰੀ ਬਨਾਵਟੀ ਹਉਮੈਂ ਦੀ ਫੂਕ ਨਿਕਲ ਗਈ ਸੀ। ਉਸ ਦਿਨ ਮੈਨੂੰ ਲੱਗਾ ਮੇਰੇ ਅੰਦਰ ਹਰ ਵੇਲੇ ਜਿਹੜੀ 'ਮੈਂ! ਮੈਂ! !' ਹੁੰਦੀ ਰਹਿੰਦੀ ਹੈ ਉਹ ਸਦਾ ਠੀਕ ਨਹੀਂ ਹੁੰਦੀ। ਕਦੀ ਕਦੀ 'ਤੂੰ! ਤੂੰ! !' ਆਖਣਾ ਵੀ ਮਾੜਾ ਨਹੀਂ ਹੁੰਦਾ!

**ਯਾਦਾਂ**

ਕੁੱਝ ਲੋਕ ਐਸੇ ਵੀ ਹੁੰਦੇ ਜਿਹੜੇ ਬੀਤੇ ਬਾਰੇ ਸੋਗੀ ਅਫਸੋਸੀਆ ਯਾਦਾਂ ਰਖਦੇ ਹਨ। ਇਸ ਤਰ੍ਹਾਂ ਦੇ ਲੋਕਾਂ ਦੇ ਵਰਤਮਾਨ ਅਤੇ ਭਵਿੱਖ ਬਾਰੇ ਵੀ ਇਸੇ ਤਰ੍ਹਾਂ ਦੇ ਗਮਗੀਨ ਖਿਆਲ ਹੁੰਦੇ ਹਨ। ਕੁੱਝ ਲੋਕ ਹੁੰਦੇ ਹਨ ਜਿਹੜੇ ਬੀਤੇ ਬਾਰੇ ਰੌਸ਼ਨ, ਧੁਪਹਿਲੀਆਂ ਯਾਦਾਂ ਰਖਦੇ ਹਨ। ਉਹਨਾਂ ਦੇ ਚਿੰਤਨ ਵਿਚ ਵਰਤਮਾਨ ਅਤੇ ਭਵਿੱਖ ਵੀ ਰੌਸ਼ਨ ਹੈ। ਤੀਜੀ ਤਰ੍ਹਾਂ ਦੇ ਲੋਕ ਉਹ ਹੁੰਦੇ ਹਨ ਜਿਨ੍ਹਾਂ ਦੀਆਂ ਯਾਦਾਂ ਵਿਚ ਖੁਸ਼ੀ ਵੀ ਹੁੰਦੀ ਹੈ, ਉਦਾਸੀ ਵੀ, ਧੁੱਪ ਵੀ ਹੁੰਦੀ ਹੈ ਛਾਂ ਵੀ। ਵਰਤਮਾਨ ਤੇ ਭਵਿੱਖ ਬਾਰੇ ਉਨ੍ਹਾਂ ਦੇ ਵਿਚਾਰਾਂ ਵਿਚ ਵੀ ਵਨ ਸੁਵੰਨੇ ਭਾਵ, ਖਿਆਲ, ਸੰਗੀਤ ਤੇ ਰੰਗ ਭਰੇ ਹੁੰਦੇ ਹਨ।

*—ਰਸੂਲ ਹਮਜ਼ਾਤੋਵ*
*ਮੇਰਾ ਦਾਗਿਸਤਾਨ*


Namdhari Elibrary NamdhariElibrary@gmail.com

# ਸੱਚੇ ਮਾਰਗ ਦਾ ਸੋਝੀਵਾਨ—ਸੂਬਾ ਖੁਸ਼ਹਾਲ ਸਿੰਘ ਬਰਾਜ

—ਸੁਵਰਨ ਸਿੰਘ ਵਿਰਕ

"ਓਨਾਂ ਚਿਰ ਨਹੀਂ ਜੋਸ਼ ਜੁਆਨ ਬਣਦਾ,
ਜਿਨਾਂ ਚਿਰ ਨਾ ਬੁੱਧ ਬਲਵਾਨ ਹੋਵੇ।
ਓਹ ਸਾਣ ਕੁਰਬਾਣੀ ਦੀ ਪਰਖਦੇ ਨੇ,
ਜੀਹਨਾਂ ਤਲੀ ਉਤੇ ਰਖੀ ਜਾਨ ਹੋਵੇ।
ਸਫਰੀ ਸੱਚਿਆਂ ਆਸ਼ਕਾਂ ਸਾਦਕਾਂ ਦੀ,
ਕਤਲਗਾਰ ਦੇ ਵਿਚ ਪਹਿਚਾਨ ਹੋਵੇ।"

ਪੰਜਾਬੀ ਦੇ ਚਰਚਿਤ ਸਟੇਜੀ-ਕਵੀ ਸਵ. ਸ. ਸੰਤੋਖ ਸਿੰਘ ਸਫਰੀ ਦੇ ਉਪਰੋਕਤ ਸ਼ਬਦ ਪੰਜਾਬ ਦੀ ਵੀਰ ਪਰੰਪਰਾ ਨੂੰ ਮੂਰਤਮਾਨ ਕਰਦੇ ਹਨ। ਇਸ ਵੀਰ ਪਰੰਪਰਾ ਵਿਚ ਨਿੱਗਰ ਵਾਧਾ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿੱਢੇ ਬ੍ਰਿਟਿਸ਼ ਬਸਤੀਵਾਦ ਵਿਰੋਧੀ ਕੂਕਾ ਅੰਦੋਲਨ ਨੇ ਕੀਤਾ। ਸਤਿਗੁਰੂ ਜੀ ਦੁਆਰਾ ਛੇੜਿਆ ਗਿਆ ਇਹ ਜਨ ਅੰਦੋਲਨ ਆਪਣੀ ਸੰਗਠਨ ਸ਼ਕਤੀ ਅਤੇ ਹਮਲਾਵਰ ਸਮਰੱਥਾ ਸਮੇਤ ਮੁਤਵਾਜ਼ੀ ਸਰਕਾਰ ਬਨਾਉਣ ਤੱਕ ਪੁੱਜ ਗਿਆ ਸੀ। ਇਸ ਮੁਤਵਾਜ਼ੀ ਸਰਕਾਰ ਦਾ ਮੇਰੂ ਮਣਕਾ ਤਾਂ ਸ੍ਰੀ ਸਤਿਗੁਰੂ ਜੀ ਦੀ ਪਰਮ ਉਚ ਸ਼ਖਸੀਅਤ ਸੀ ਅਤੇ ਇਸ ਮਾਲਾ ਦੇ ਦੂਸਰੇ ਮਹੱਤਵਪੂਰਨ ਮਣਕੇ ਆਪ ਦੁਆਰਾ ਸਾਜੇ ਸੂਬੇ, ਨਾਇਬ ਸੂਬੇ ਅਤੇ ਹੋਰ ਸੰਤ ਮਹੰਤ ਜਥੇਦਾਰ ਆਦਿਕ ਸਨ। ਇਹ ਸਾਰੇ ਹੀ ਬੜੀ ਬਲਵਾਨ ਬੁੱਧ, ਜੁਆਨ ਜੋਸ਼, ਆਤਮ ਗਿਆਨ ਨਾਲ ਭਰਪੂਰ, ਤਲੀ ਉਤੇ ਸੀਸ ਧਰ ਕੇ ਆਪਣੇ ਕਾਤਲ ਦੀ ਭਾਲ ਵਿਚ, ਦਿਨ ਰਾਤ ਬਿਖੜੇ ਪੈਂਡਿਆਂ ਦੇ ਰਾਹੀ ਬਣੇ ਰਹਿੰਦੇ ਸਨ। ਸਤਿਗੁਰੂ ਜੀ ਦੀ ਛੋਹ ਨਾਲ ਇਹ ਸਧਾਰਨ ਮਨੁੱਖਾਂ ਤੋਂ ਅਸਧਾਰਨ ਵਿਅਕਤੀ ਬਣ ਗਏ ਸਨ। ਇਸ ਲਈ ਸਾਡਾ ਇਤਿਹਾਸ ਇਹਨਾਂ ਨੂੰ ਵੱਡੇ ਮਾਨ ਸਨਮਾਨ ਨਾਲ ਆਪਣੇ ਚੇਤਿਆਂ ਵਿਚ ਵਸਾਈ ਬੈਠਾ ਹੈ। ਇਹਨਾਂ ਵਿਚ ਕਈ ਸ਼ਹੀਦੀ ਬਾਟੇ ਛਕ ਗਏ, ਕਈ ਪੰਦਰਾਂ ਵੀਹਾਂ ਸਾਲਾਂ ਤੋਂ ਵੱਧ ਅਤੇ ਕਈ ਤਾਂ ਉਮਰ ਵੀ ਬਿਗਾਨੀਆਂ ਧਰਤੀਆਂ ਤੇ ਡੱਕੇ ਆਪਣੇ ਵਤਨ ਦੀ ਪਿਆਰੀ ਮਿਟੀ ਦੇ ਦਰਸ਼ਨ ਦੀਦਾਰਿਆਂ ਦੀ ਸਿੱਕ ਮਨਾਂ ਵਿਚ ਲੈ ਕੇ ਹੀ ਕੂਚ ਨਗਾਰੇ ਵਜਾ ਗਏ। ਕਈ ਇਸ ਧਰਤੀ ਤੇ ਰਹਿੰਦੇ ਹੋਏ ਵੀ, ਤਿਲ ਤਿਲ ਕਰਕੇ, ਆਪਣੇ ਪ੍ਰਾਣਾਂ ਦੀ ਆਹੂਤੀ, ਪਰਦੇਸੀ ਪ੍ਰੀਤਮ ਦੇ ਮਿਸ਼ਨ ਦੀ ਪੂਰਤੀ ਹਿਤ ਜਾਰੀ ਹੋਮ ਵਿਚ, ਪਾਉਂਦੇ ਰਹੇ ਅਤੇ ਉਫ਼ ਤੱਕ ਨਹੀਂ ਕਿਹਾ। ਇਸ ਅਤਿ ਕਰੜੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਆਪਣਾ ਸਿੱਖੀ ਸਿਦਕ, ਆਪਣੀ ਮਰਿਆਦਾ, ਆਪਣਾ ਕੂਕਪੁਣਾ, ਭਾਈਚਾਰੇ ਵੱਲੋਂ ਅਲੱਗ ਥਲੱਗ ਕਰਨ ਦੀ ਸਜ਼ਾ ਭੁਗਤਦਿਆਂ ਵੀ ਨਿਬਾਹਿਆ। ਅਜੇਹੀ ਕੋਟੀ ਵਿਚ ਹੀ ਪ੍ਰਸਿੱਧ ਕੂਕਾ ਸੂਬਾ ਖੁਸ਼ਹਾਲ ਸਿੰਘ ਪਿੰਡ ਬਰਾਜ ਜ਼ਿਲ੍ਹਾ ਸਿਰਸਾ (ਹੁਣ ਹਰਿਆਣਾ ਪ੍ਰਾਂਤ) ਦਾ ਜ਼ਿਕਰ ਆਉਂਦਾ ਹੈ।

ਸੂਬਾ ਜੀ ਦਾ ਸਥਾਨ ਨਾਮਧਾਰੀ ਇਤਿਹਾਸ ਵਿਚ ਬਹੁਤ ਉੱਚਾ ਹੈ। ਉਹਨਾਂ ਦੇ ਉੱਚੇ ਆਚਰਣ ਅਤੇ ਆਪਣੇ ਸਤਿਗੁਰੂ-ਮਿਸ਼ਨ ਪ੍ਰਤੀ ਸਮਰਪਣ ਭਾਵਨਾ ਤਾਂ ਮੁਕੰਮਲ ਸੀ ਹੀ, ਗੁਰੂ-ਪਰਿਵਾਰ ਨਾਲ ਉਹਨਾਂ ਦੀ ਨਿਕਟ ਰਿਸ਼ਤੇਦਾਰੀ ਵੀ ਇਕ ਕਾਰਨ ਸੀ। ਭਾਵੇਂ ਇਸ ਰਿਸ਼ਤੇਦਾਰੀ ਦਾ ਸਮਾਂ ਆਪ ਦੀ ਆਰਜਾ ਵਿਚ ਮਸਾਂ ਦੋ ਢਾਈ ਸਾਲ ਹੀ ਰਿਹਾ। ਇਸ ਤੋਂ ਪਹਿਲਾਂ ਵੀ ਕੂਕਾ ਕਾਜ ਲਈ ਆਪ ਦੀ ਤਤਪਰਤਾ ਤੋਂ ਸਰਕਾਰ ਬਰਤਾਨੀਆ ਭਲੀ ਭਾਂਤ ਪਰਿਚਿਤ ਸੀ। ਅਸੀਂ ਸੂਬਾ ਜੀ ਬਾਰੇ ਚਰਚਾ ੧੮੭੧ ਈ. ਵਾਲੀ ਮਹੱਤਵਪੂਰਨ ਕੂਕਿਆਂ ਦੀ ਲਿਸਟ ਨਾਲ ਹੀ ਸ਼ੁਰੂ ਕਰਦੇ ਹਾਂ :

ਸਰਕਲ-ਅੰਬਾਲਾ, ਜ਼ਿਲ੍ਹਾ ਸਿਰਸਾ, ਸੀਰੀਅਲ ਨੰਬਰ ਜ਼ਿਲ੍ਹੇ ਦਾ, ਨਾਮ ਅਤੇ ਅਹੁਦਾ-ਖੁਸ਼ਹਾਲ ਸਿੰਘ ਸੂਬਾ; ਪਿਤਾ-ਕਰਮ ਸਿੰਘ; ਧੰਦਾ-ਵਾਹੀਨਵਾਨ; ਨਿਵਾਸ ਪਿੰਡ ਬਰਾਜਵਾਲਾ; ਥਾਣਾ ਰੋੜੀ

ਹੁਲੀਏ ਬਾਰੇ-ਇਕ ਉੱਚਾ ਲੰਮਾ ਖੂਬਸੂਰਤ ਮਨੁੱਖ, ਮਜ਼ਬੂਤ ਅਤੇ ਚੁਸਤ, ਕਾਹਲੀ ਕਾਹਲੀ ਤੇ ਸਨਮਾਨਜੋਗ ਢੰਗ ਨਾਲ ਬੋਲਣ ਵਾਲਾ-ਕੋਈ ਵਿਸ਼ੇਸ਼ ਸਰੀਰਕ ਲੱਛਣ ਲਿਖਣ ਵਾਲੇ ਨਹੀਂ, ੫੦ ਤੋਂ ੬੦ ਵਰ੍ਹੇ ਦੇ ਦਰਮਿਆਨ ਉਮਰ। ਚਾਲ ਚੱਲਣ ਤੇ ਸੁਭਾਉ ਆਦਤਾਂ ਬਾਰੇ ਲਿਖਿਆ ਹੈ-"ਉਹ ਕੂਕਾ ਵਿਸ਼ਵਾਸ ਵਿਚ ਬਹੁਤ ਦ੍ਰਿੜ ਹੈ। ਦਾਨੀ ਸੁਭਾਉ ਦਾ ਵਿਅਕਤੀ ਕਿਹਾ ਜਾਂਦਾ ਹੈ। ਉਹ ਸਾਜਿਸ਼ੀ ਚਾਲ ਚੱਲਣ ਵਾਲਾ ਮਾਲੂਮ ਹੁੰਦਾ ਹੈ। ਪਟਿਆਲਾ ਅਤੇ ਨਾਭਾ (ਰਿਆਸਤਾਂ) ਦੇ ਕੂਕਿਆਂ ਨਾਲ ਉਸਦੇ ਘਨਿਸ਼ਠ ਸਬੰਧ ਹਨ।"[1]

ਜਨਵਰੀ ੧੮੭੨ ਈ. ਤੋਂ ਪਹਿਲਾਂ ਦੇ ਸਰਕਾਰੀ ਰੀਕਾਰਡ ਵਿਚ ਬਾਬਾ ਖੁਸ਼ਹਾਲ ਸਿੰਘ ਦਾ ਜ਼ਿਕਰ ਨਹੀਂ ਆਉਂਦਾ। ਮਾਲੂਮ ਹੁੰਦਾ ਹੈ ਕਿ ਉਹ ੧੮੭੦ ਈ. ਦੇ ਆਸ ਪਾਸ ਹੀ ਕੂਕਾ ਸੂਬਾ ਬਣਿਆ ਹੈ। ਜੇ ਇਸ ਤੋਂ ਪਹਿਲਾਂ ਉਹ ਕੂਕਾ ਸੂਬਾ ਹੁੰਦਾ ਤਾਂ ੧੮੬੭ ਈ. ਦੇ ਦੀਵਾਲੀ ਅੰਮ੍ਰਿਤਸਰ ਜਾਂ



Namdhari Elibrary NamdhariElibrary@gmail.com

ਹੋਲਾ ਮਹੱਲਾ ਅਨੰਦਪੁਰ ਸਾਹਿਬ ਵਿਚ ਭਾਗ ਲੈਣ ਵਾਲੇ ਪ੍ਰਮੁੱਖ ਕੂਕਾ ਆਗੂਆਂ ਵਿਚ ਸਰਕਾਰੀ ਅਧਿਕਾਰੀਆਂ ਨੇ ਉਸਦਾ ਜ਼ਿਕਰ ਵੀ ਕਰਨਾ ਸੀ। ਕੂਕਾ ਸੂਬਿਆਂ ਦੀ ਸਥਾਪਨਾ ਦਾ ਕਾਰਜ ਵੀ ਸਤਿਗੁਰੂ ਜੀ ਨੇ ੧੮੬੪-੬੫ ਈ. ਵਿਚ ਸ਼ੁਰੂ ਕਰਕੇ ੧੮੭੧ ਈ. ਦੇ ਅੰਮ੍ਰਿਤਸਰ ਰਾਇਕੋਟ ਬੁੱਚੜ ਬੱਧ ਦੇ ਸਾਕਿਆਂ ਤੱਕ ਜਾਰੀ ਰਖਿਆ ਸੀ। ਇਸ ਲਈ ਖੁਸ਼ਹਾਲ ਸਿੰਘ ਹੋਰਾਂ ਨੂੰ ਸੂਬਾ ਪਦਵੀ, ਉਸ ਦੇ ਨਾਮ ਰੰਗਣ ਵਿਚ ਰੰਗੇ ਜਾਣ ਬਾਅਦ ਅਤੇ ਥਰਾਜ ਪਿੰਡ ਦਾ ਅਪ੍ਰੈਲ ੧੮੭੧ ਈ. ਵਿਚ ਦੌਰਾ ਕਰਨ ਤੋਂ ਬਾਅਦ ਇਲਾਕੇ ਅਤੇ ਭਾਈਚਾਰੇ ਵਿਚ ਉਸਦਾ ਇਕ ਭਲੇ ਪੁਰਖ ਜਿਉਂ ਵਿਆਪਕ ਪ੍ਰਭਾਵ ਵੇਖਣ ਤੋਂ ਬਾਅਦ ਹੀ ਸਤਿਗੁਰੂ ਜੀ ਨੇ ਬਖਸ਼ੀ ਸੀ। "ਜੁੱਗ ਪਲਟਾਊ ਸਤਿਗੁਰੂ" ਰਚਿਤ ਸੰਤ ਨਿਧਾਨ ਸਿੰਘ ਆਲਿਮ, "ਗੁਰ ਅਵਤਾਰ" ਰਚਿਤ ਸੰਤ ਇੰਦਰ ਸਿੰਘ ਚਕਰਵਰਤੀ (ਸਤਿਜੁਗ ਦੇ ਸ੍ਰੀ ਭੈਣੀ ਸਾਹਿਬ ਤੋਂ ਪ੍ਰਕਾਸ਼ਿਤ ਹੋਣ ਵਾਲੇ ੧੯੩੦ ਈ. ਦੇ ਪਹਿਲੇ ਬਸੰਤ ਅੰਕ ਵਿਚ ਮੁੱਖ ਲੇਖ), ਨਾਹਰ ਸਿੰਘ ਐਮ. ਏ. ਦੇ "ਨਾਮਧਾਰੀ ਇਤਿਹਾਸ" ਵਿਚ ਖੁਸ਼ਹਾਲ ਸਿੰਘ ਹੋਰਾਂ ਦੀ ਗਿਣਤੀ ਸਤਿਗੁਰੂ ਜੀ ਦੁਆਰਾ ਥਾਪੇ ਪਹਿਲੇ ੨੨ ਸੂਬਿਆਂ ਵਿਚ ਹੁੰਦੀ ਹੈ। ਇਹ ਇਤਿਹਾਸ ਨਾਮਧਾਰੀ ਮੌਖਿਕ ਪਰੰਪਰਾ ਤੇ ਆਧਾਰਿਤ ਹਨ। ਡਾ. ਫੌਜਾ ਸਿੰਘ ਬਾਜਵਾ "ਕੂਕਾ ਮੂਵਮੈਂਟ" ਵਿਚ ਸਰਕਾਰੀ ਰੀਕਾਰਡ ਤੇ ਆਧਾਰਿਤ ਜਿਹੜੀ ੨੨ ਸੂਬਿਆਂ ਦੀ ਲਿਸਟ ਦਿੰਦਾ ਹੈ, ਉਸ ਵਿਚ ਖੁਸ਼ਹਾਲ ਸਿੰਘ ਦਾ ਨਾਮ ਨਹੀਂ ਪਰ ਉਹ ਇਹ ਵੀ ਲਿਖਦਾ ਹੈ:

"ਇਹ ਲਿਸਟ (ਸਰਕਾਰੀ ਰੀਕਾਰਡ ਤੇ ਆਧਾਰਿਤ) ਸੰਤ ਨਿਧਾਨ ਸਿੰਘ ਆਲਿਮ ਅਤੇ ਨਾਹਰ ਸਿੰਘ ਹੋਰਾਂ ਦੀਆਂ ਲਿਖਤਾਂ ਨਾਲ ਪੂਰਨ ਭਾਂਤ ਨਹੀਂ ਮਿਲਦੀ। ਮਿਸਾਲ ਵਜੋਂ ਰਤਨ ਸਿੰਘ, ਖੁਸ਼ਹਾਲ ਸਿੰਘ, ਮਾਨ ਸਿੰਘ, ਭਗਵਾਨ ਸਿੰਘ, ਰਾਜਾ ਸਿੰਘ ਅਤੇ ਜੋਤਾ ਸਿੰਘ ਦੇ ਨਾਮ ਜੋ ਇਹਨਾਂ ਲੇਖਕਾਂ ਨੇ ਦਿੱਤੇ ਹਨ ਸੂਬਿਆਂ ਵਜੋਂ), ਉੱਪਰਲੀ ਲਿਸਟ ਵਿਚ ਨਹੀਂ ਮਿਲਦੇ। ਸ਼ਾਇਦ ਇਸ ਮੁਸ਼ਕਿਲ ਦਾ ਇਕ ਭਾਗ ਇਉਂ ਹੱਲ ਕੀਤਾ ਜਾ ਸਕਦਾ ਹੈ ਕਿ ਸਰਕਾਰੀ ਸੂਹੀਆਂ ਦੀਆਂ ਰੀਪੋਰਟਾਂ ਮੁਕੰਮਲ ਤੌਰ ਤੇ ਭਰੋਸੇਯੋਗ ਨਹੀਂ ਹੋ ਸਕਦੀਆਂ ਤੇ ਇਸ ਤੋਂ ਅੱਗੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਮੇਂ ਸਮੇਂ ਨਵੇਂ ਅਨੁਭਵ ਦੇ ਆਧਾਰ ਤੇ ਕੁਝ ਤਬਦੀਲੀਆਂ ਵੀ ਕੀਤੀਆਂ ਜਾ ਸਕਦੀਆਂ ਹਨ।[੨] ਸੂਬਾ ਖੁਸ਼ਹਾਲ ਸਿੰਘ ਅਜੇਹੇ ਨਵੇਂ ਅਨੁਭਵਾਂ ਦੀ ਹੀ ਕੂਕਾ ਜਥੇਬੰਦੀ ਨੂੰ ਦੇਣ ਹਨ।

ਸੂਬਾ ਜੀ ਦੇ ਜੀਵਨ ਸਮਾਚਾਰਾਂ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਸਰਕਾਰ ਅੰਗਰੇਜ਼ੀ ਦਾ ਰੀਕਾਰਡ (ਰਿਆਸਤ ਪਟਿਆਲਾ ਤੇ ਹੋਰ ਸਿੱਖ ਰਿਆਸਤਾਂ ਵਿਚਲੇ ਕੂਕਿਆਂ ਨਾਲ ਸਬੰਧਤ ਰੀਕਾਰਡ ਨੂੰ ਜੇ ਕਦੇ ਹਵਾ ਲੱਗ ਗਈ ਤਾਂ ਭਾਵੀ ਇਤਿਹਾਸ-ਖੋਜੀਆਂ ਦਾ ਕੰਮ ਕੁਝ ਆਸਾਨ ਹੋ ਸਕਦਾ ਹੈ), ਸਤਿਗੁਰੂ ਬਿਲਾਸ ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼, ਮੌਖਿਕ ਪਰੰਪਰਾਗਤ ਇਤਿਹਾਸ ਆਦਿ ਕੁਝ ਕੁ ਸਰੋਤ ਹਨ। ਪਰ ਇਸ ਸਬੰਧ ਵਿਚ ਬੇਸ਼ਕੀਮਤੀ ਸਾਮਗਰੀ ਮੁਹੱਈਆ ਕਰਵਾਉਂਦਾ ਮਹਾਂ-ਕਵੀ, ਪ੍ਰਬੁੱਧ ਪੰਜਾਬੀ ਲੇਖਕ ਅਤੇ ਉਰਦੂ ਪੰਜਾਬੀ ਦੇ ਪੱਤਰਕਾਰ, ਸ. ਅਵਤਾਰ ਸਿੰਘ 'ਆਜ਼ਾਦ' ਦਾ ਸੂਬਾ ਜੀ ਦੀ ਸਪੁੱਤਰੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ, ਮਹਾਰਾਜਾ ਗੁਰਦਿਆਲ ਸਿੰਘ ਜੀ ਦੀ ਸਤਿਕਾਰਤ ਮਾਤਾ, ਜਗਤ-ਮਾਤਾ ਜੀਵਨ ਕੌਰ ਜੀ ਨਾਲ ਮੁਲਾਕਾਤ ਤੇ ਆਧਾਰਿਤ ਸਤਿਜੁਗ ਦੇ ੧੨ ਮਾਘ ੧੯੯੫ ਬਿਕ੍ਰਮੀ ਦੇ ਬਸੰਤ ਅੰਕ ਵਿਚ ਛਪਿਆ "ਨਾਮਧਾਰੀ ਇਤਿਹਾਸ ਦੇ ਕੁਝ ਪੱਤਰੇ" ਨਾਮੀ ਲੇਖ ਹੈ। ਜਿਸ ਦੇ ਅਰੰਭ ਵਿਚ ਲੇਖਕ ਲਿਖਦਾ ਹੈ ਕਿ ਉਹ ੧੯੩੯ ਈ. ਦੇ ਪਹਿਲੇ ਦੂਜੇ ਮਹੀਨੇ ਵਿਚ, ਸਤਿਜੁਗ, ਦੇ ਬਸੰਤ ਅੰਕ ਦੀ ਪਰਕਾਸ਼ਨਾ ਹਿਤ, ਸ੍ਰੀ ਭੈਣੀ ਸਾਹਿਬ ਆਇਆ ਸੀ, ਜੋ ਕੰਮ ਛੇਤੀ ਨਿਪਟ ਗਿਆ ਅਤੇ ਹੁਣ ਵਿਹਲਾ ਵਕਤ ਬਿਤਾਉਣ ਲਈ ਸਤਿਜੁਗ ਦੇ ਲੰਮਾ ਸਮਾਂ ਰਹੇ ਐਡੀਟਰ, ਮਾਸਟਰ ਬਲਵੰਤ ਸਿੰਘ ਬੁੰਡਾਲਾ (ਅੰਮ੍ਰਿਤਸਰ) ਦੇ ਸੁਝਾਅ ਤੇ, ਉਸ ਮਾਤਾ ਜੀ ਤੋਂ ਮੌਖਿਕ ਇਤਿਹਾਸ ਨੋਟ ਕਰਨਾ ਸ਼ੁਰੂ ਕੀਤਾ। ਮਾਸਟਰ ਜੀ, ਜੇ ਉਸ ਭਲੇ ਪੁਰਖ ਨੂੰ ਨਾ ਪਰੇਰਦੇ ਤਾਂ ਬਾਬਾ ਖੁਸ਼ਹਾਲ ਸਿੰਘ ਸੂਬਾ ਬਾਰੇ, ਸਾਡੀ ਜਾਣਕਾਰੀ ਅਧੂਰੀ ਰਹਿਣੀ ਸੀ ਅਤੇ ਕਿਸੇ ਵਿਅਕਤੀ ਦੇ ਜੀਵਨ ਵੇਰਵਿਆਂ ਬਾਰੇ ਉਸ ਦੀ ਸਪੁੱਤਰੀ, ਜੋ ਗੁਰੂ ਹਰੀ ਸਿੰਘ ਜੀ ਦੇ ਮਹਿਲ ਵੀ ਸਨ, ਤੋਂ ਬੇਹਤਰ ਸਬੂਤ ਹੋਰ ਕੀ ਮਿਲਣਾ ਸੀ। ਪੁਰਾਣੇ ਲੋਕਾਂ ਨਾਲ ਮੁਲਾਕਾਤਾਂ ਨੂੰ ਲਿਖਤ ਦਾ ਜਾਮਾ ਪੁਆਉਣ ਦਾ ਕੰਮ ਹਮੇਸ਼ਾਂ ਬੜਾ ਅਰਥ ਭਰਪੂਰ ਰਿਹਾ ਹੈ।

ਮਾਤਾ ਜੀ ਦੇ ਦੱਸਣ ਮੁਤਾਬਿਕ ਅਤੇ ਸਰਕਾਰੀ ਰੀਕਾਰਡ ਵਿਚਲੀ ੫੦-੬੦ ਵਰ੍ਹੇ ਉਮਰ ਨੂੰ ਧਿਆਨ ਵਿਚ ਰੱਖਦਿਆਂ ਬਾਬਾ ਜੀ ਦਾ ਜਨਮ ੧੮੨੫ ਈ. ਵਿਚ ਪਿੰਡ ਥਰਾਜ (ਸਰਕਾਰੀ ਰੀਕਾਰਡ ਮਲੋਟ-ਮੁਕਤਸਰ ਨੇੜਲੇ ਥਰਾਜਵਾਲਾ ਨਾਲ ਟਪਲਾ ਖਾਂਦਾ ਹੈ) ਜ਼ਿਲ੍ਹਾ ਹਿਸਾਰ ਵਿਚ ਹੋਇਆ। ਹੁਣ ਇਸ ਪਿੰਡ ਦਾ ਜ਼ਿਲ੍ਹਾ ਸਿਰਸਾ ਹੈ ਅਤੇ ੧੮੩੭ ਈ. ਤੋਂ ੧੮੮੫ ਈ. ਤਕ ਸਿਰਸਾ ਹੀ ਜ਼ਿਲ੍ਹਾ ਸੀ। ਫਿਰ ਇਸ ਦਾ ਕੁਝ ਹਿੱਸਾ ਫੀਰੋਜ਼ਪੁਰ ਨਾਲ ਮਿਲਾ ਦਿੱਤਾ ਅਤੇ ਮੰਡੀ



Namdhari Elibrary NamdhariElibrary@gmail.com

ਡੱਬਵਾਲੀ ਤੋਂ ਦੱਖਣ ਵੱਲ ਦਾ ਹਿੱਸਾ ਹਿਸਾਰ ਜ਼ਿਲ੍ਹੇ ਨਾਲ ਜੋੜ ਦਿੱਤਾ। ਸਿਰਸਾ ਦਾ ਇਹ ਖਿੱਤਾ ਕਿਸੇ ਸਮੇਂ ਜੱਸਾ ਸਿੰਘ ਰਾਮਗੜ੍ਹੀਏ ਦੇ ਅਧੀਨ ਰਿਹਾ ਸੀ। ਦੱਖਣ ਯਾਤਰਾ ਸਮੇਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਦੇ ਗੁਆਂਢ ਦਮਦਮਾ ਸਾਹਿਬ ਕੁਝ ਸਮਾਂ ਵਿਸ਼ਰਾਮ ਕੀਤਾ ਸੀ। ਉਸ ਸਮੇਂ ਆਪ ਦੇ ਅਲੌਕਿਕ ਬਲੀਦਾਨ ਦੀ ਗਾਥਾ ਤੋਂ ਪ੍ਰੇਰਿਤ ਆਂਢ ਗੁਆਂਢ ਦੇ ਪਿੰਡਾਂ ਵਿਚ ਸਿੱਖੀ ਦੇ ਬੂਟੇ ਲੱਗ ਗਏ। ਕਿਸੇ ਸਮੇਂ ਇਹ ਨਗਰ ਰੋੜੀ ਦੇ ਪਰਗਣੇ ਵਿਚ ਸ਼ਾਮਲ ਸੀ ਤੇ ਨਾਭਾ ਦੇ ਇਕ ਪਹਿਲੇ ਸਿੱਖ ਮਹਾਰਾਜਾ ਦਾ ਰੋੜੀ ਤੇ ਅਧਿਕਾਰ ਹੋਣਾ ਵੀ, ਸਿੱਖੀ ਦੇ ਫੈਲਣ ਵਿਚ ਸਹਾਈ ਹੋਇਆ ਹੋਵੇਗਾ। ਉੱਥ ਰਵਾਇਤ ਇਹ ਵੀ ਹੈ ਕਿ ਪ੍ਰਿਥਵੀ ਰਾਜ ਚੌਹਾਨ, ਦਿੱਲੀ-ਪਤੀ ਦੀ ਦਿਲੀ ਤੋਂ ਹਾਰ ਬਾਅਦ, ਉਸ ਦੇ ਕਬੀਲੇ ਦੇ ਕੁਝ ਲੋਕ ਰੋੜੀ ਇਲਾਕੇ ਵਿਚੋਂ ਲੰਘਦੀ, ਘੱਗਰ ਨਾਲੀ ਦੀ ਦੰਦੀ (ਕਿਨਾਰੇ) ਤੇ ਆਬਾਦ ਹੋਣ ਕਾਰਨ, ਦੰਦੀਵਾਲ ਗੋਤ ਦੇ ਜੱਟ ਬਣ ਗਏ। ਬਹੁਤੇ ਜੱਟਾਂ ਦਾ ਨਿਕਾਸ ਸੂਰਜ-ਬੰਸੀ ਜਾਂ ਚੰਦਰ-ਬੰਸੀ ਰਾਜਪੂਤਾਂ ਵਿਚੋਂ ਹੀ ਹੋਇਆ ਹੈ। ਬਾਬਾ ਖੁਸ਼ਹਾਲ ਸਿੰਘ ਵੀ ਦੰਦੀਵਾਲ ਗੋਤ ਦੇ ਜੱਟ ਭਾਈਚਾਰੇ ਨਾਲ ਸਬੰਧਿਤ ਸਨ। ਸਿੱਖ ਰਾਜ ਦੇ ਖਾਤਮੇ ਸਮੇਂ ਜਿਸ ਤਰ੍ਹਾਂ ਬਾਕੀ ਪੰਜਾਬ ਵਿਚ ਸਿੱਖੀ ਨੂੰ ਖੋਰਾ ਲੱਗਣਾ ਸ਼ੁਰੂ ਹੋਇਆ ਸੀ ਉਵੇਂ ਹੀ ਪੰਜਾਬ ਦੇ ਮਾਲਵਾ ਖਿੱਤੇ ਜਾਂ ਜੰਗਲ ਦੇ ਇਸ ਇਲਾਕੇ ਵਿਚ ਵੀ, ਸਿੱਖ ਜੱਟਾਂ ਵਿਚੋਂ ਵਿਰਲਾ ਟਾਵਾਂ ਹੀ ਸਾਬਤ ਸੂਰਤ ਸੀ, ਬਹੁਤੇ ਤਮਾਕੂਨੋਸ਼ੀ ਵੀ ਕਰਨ ਲੱਗ ਪਏ ਸਨ। ਬਾਬਾ ਖੁਸ਼ਹਾਲ ਸਿੰਘ ਜਿਸ ਖਿੱਤੇ ਵਿਚ ਰਹਿੰਦੇ ਸਨ, ਪੰਜਾਬ ਦੀ ਸਿੱਖ ਵਸੋਂ ਦਾ ਇਹ ਅੰਤਿਮ ਸਿਰਾ ਸੀ। ਆਪ ਦੇ ਨਗਰਾਂ ਤੋਂ ਅੱਗੇ ਜਾਂ ਬਾਗੜੀ ਹਿੰਦੂ ਭਾਈਚਾਰਾ ਸੀ, ਜਾਂ ਨਾਲੀ ਦੇ ਇਲਾਕੇ ਵਿਚ ਪਚਾਸੇ ਮੁਸਲਮਾਨ। ਰਾਣੀਆਂ ਦਾ ਭੱਟੀ ਮੁਸਲਮਾਨ ਨਵਾਬ ੧੮੫੭ ਦੇ ਪ੍ਰਿਥਮ ਵਿਦਰੋਹ ਵਿਚ ਜੂਝਣ ਵਾਲਾ ਸੂਰਬੀਰ, ਅੰਗਰੇਜ਼ਾਂ ਨੇ ਫਾਹੇ ਲਾ ਦਿੱਤਾ ਅਤੇ ਉਸਦੇ ਅੱਸੀ ਪਿੰਡ ਸਿਰਸਾ ਦੇ ਸਰਕਾਰ ਪ੍ਰਸਤ ਖਜ਼ਾਨਚੀ ਪਰਿਵਾਰ ਨੂੰ ਦੇ ਦਿੱਤੇ, ਜੋ ਭੂਮੀ ਸੁਧਾਰਾਂ ਤੋਂ ਬਾਅਦ ਮੁਜ਼ਾਰੇ ਕਿਸਾਨਾਂ ਦੀ ਮਾਲਕੀ ਵਿਚ ਆਏ। ਸਤਿਗੁਰੂ ਜੀ ਨਾਲ ਪਹਿਲੀ ਭੇਂਟ ਦਾ ਵੇਰਵਾ ਮਾਤਾ ਜੀਵਨ ਕੌਰ ਜੀ ਦੀ ਰਸਨਾ ਤੋਂ ਆਜ਼ਾਦ ਸਾਹਿਬ ਇਉਂ ਨੋਟ ਕਰ ਰਹੇ ਹਨ :

"...ਬਾਬਾ ਖੁਸ਼ਹਾਲ ਸਿੰਘ ਜੀ ਆਪਣੇ ਪਿੰਡ ਵਿਚ ਸਿਰਕੱਢ ਜ਼ਿਮੀਂਦਾਰ ਸਨ ਅਤੇ ਜਿਨ੍ਹਾਂ ਦਾ ਗੁਜ਼ਾਰਾ ਚੰਗਾ ਸੀ। ਉਹਨਾਂ ਨੂੰ ਗੁਰਸਿੱਖੀ ਦੀ ਰੰਗਣ ਕਿਵੇਂ ਚੜ੍ਹੀ? ਇਸ ਪ੍ਰਸ਼ਨ ਦਾ ਉੱਤਰ ਮਾਤਾ ਜੀ ਨੇ ਇਹ ਦਿੱਤਾ ਸੀ ਕਿ ਵੱਡੇ ਸਤਿਗੁਰੂ (ਸਤਿਗੁਰੂ ਰਾਮ ਸਿੰਘ) ਸ੍ਰੀ ਮੁਕਤਸਰ ਸਾਹਿਬ ਮਾਘੀ ਤੇ ਸੰਗਤਾਂ ਨੂੰ ਤਾਰਨ ਗਏ ਸਨ ਕਿ ਮੇਰੇ ਪਿਤਾ ਜੀ ਨੇ ਆਪ ਦਾ ਜੱਸ ਸੁਣਕੇ ਦਰਸ਼ਨ ਜਾ ਕੀਤੇ। ਓਹ ਦਰਸ਼ਨ ਅਸਚਰਜ ਅਸਰ ਵਾਲੇ ਸਨ। ਪਿਤਾ ਜੀ ਦਰਸ਼ਨ ਦਾਤ ਪ੍ਰਾਪਤ ਕਰਨ ਸਾਰ, ਉਸ ਰੱਬੀ ਜੋਤ ਤੋਂ ਸਦਕੇ ਹੋ ਗਏ ਅਤੇ ਘਰ ਤਦ ਪਰਤੇ ਜਦ ਭਜਨ ਪੁੱਛ ਲਿਆ। ਭਜਨ ਪੁੱਛਣ ਦੇ ਉਪਰੰਤ ਉਹਨਾਂ ਦੀ ਕੀ ਦਸ਼ਾ ਹੋਈ, ਇਸ ਪ੍ਰਸ਼ਨ ਦਾ ਉੱਤਰ ਕੇਵਲ ਉਹ ਸੱਜਣ ਹੀ ਦੇ ਸਕਦੇ ਹਨ, ਜੋ ਸਤਿਗੁਰਾਂ ਪਾਸੋਂ ਨਾਮ ਦਾਤ ਲੈ ਕੇ ਵਰੋਸਾਏ ਹਨ। ਹਾਂ ਜੀ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਪੰਚਮ ਪਾਤਸ਼ਾਹ ਜੀ ਦੇ ਕਥਨ ਅਨੁਸਾਰ "ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖ ਰਸਿਕ ਬੈਰਾਗੀ" ਵਾਲੀ ਗੱਲ ਹੋ ਗਈ ਅਤੇ ਬੈਰਾਗੀ ਰਸਿਕ ਪੁਰਖ ਦੀ ਭੇਟ ਨੇ ਬਾਬਾ ਖੁਸ਼ਹਾਲ ਸਿੰਘ ਜੀ ਨੂੰ ਹੋਰ ਮੰਡਲਾਂ ਵਿਚ ਹੀ ਪੁਚਾ ਦਿੱਤਾ।

"ਭਜਨ ਪੁੱਛ ਕੇ ਤੇ ਉਸ ਵਿਚ ਗੁੱਟ ਹੋ ਕੇ ਆਪ ਪਿੰਡ ਪਰਤ ਆਏ। ਲੋਕਾਂ ਤਕਿਆ ਬਾਬਾ ਸਾਹਿਬ ਦੀ ਕਾਇਆ ਹੀ ਪਲਟ ਗਈ ਹੈ ਅਤੇ ਜਟਊਪੁਣੇ ਦੀ ਓਪਰੀ ਜਹੀ ਤੇ ਖਰ੍ਹਵੀ ਜਹੀ ਆਕੜ ਗੁਰਸਿਖੀ ਦੀ ਪਾਣ ਚੜ੍ਹਨ ਸਾਰ ਲਹਿ ਗਈ ਹੈ। ਦਿਨ ਰਾਤ ਭਜਨ ਵਿਚ ਮਗਨ ਰਹਿਣ ਅਤੇ ਬਹਿੰਦੇ ਉਠਦੇ ਤੇ ਕਾਰ ਵਿਹਾਰ ਕਰਦੇ ਵੀ ਸੁਰਤੀ ਦੀ ਤਾਰ ਸ਼ਬਦ ਨਾਲ ਪ੍ਰੋਈ ਰੱਖਣ। ਕਦੇ ਉਪਰਾਮਤਾ ਆ ਜਾਵੇ, ਤਾਂ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਚੀਨੀ ਵਾਲੇ ਪਾਤਸ਼ਾਹ ਦੇ ਚਰਨ ਜਾ ਪਰਸਨ ਅਤੇ ਖੁੱਲ੍ਹੀ ਦਰਸ਼ਨ ਦਾਤ ਲੈ ਕੇ ਸਾਰੀਆਂ ਤੋਟਾਂ ਨਿਵਾਰ ਲੈਣ।

"ਇਸੇ ਤਰ੍ਹਾਂ ਇਕ ਵੇਰਾਂ ਆਪ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਲਈ ਆਏ। ਸਤਿਗੁਰਾਂ ਨੇ ਹੁਕਮ ਕੀਤਾ : ਖੁਸ਼ਹਾਲ ਸਿੰਘਾ! ਸਿੱਖਾਂ ਨੂੰ ਭਜਨ ਦਸ।"

"ਉੱਤਰ ਦਿੱਤਾ-" ਸੱਚੇ ਪਾਤਸ਼ਾਹ! ਮੈਂ ਤਾਂ ਆਪ ਸਿਰੇ ਤੇ ਬੈਠਾ ਹਾਂ।

"ਗਰੀਬ ਨਿਵਾਜ ਫੁਰਮਾਣ ਲੱਗੇ-" ਸਿਰੇ ਦਾ ਮਤੀਰਾ (ਹਦਵਾਣਾ) ਸਭ ਤੋਂ ਵੱਡਾ ਹੁੰਦਾ ਏ, ਭਾਈ ਹੁਕਮ ਮੰਨ।"

"ਏਥੇ ਇਹ ਗੱਲ ਖਾਸ ਤੌਰ ਤੇ ਦੱਸਣ ਵਾਲੀ ਹੈ ਕਿ ਇਸ ਵੇਲੇ ਤੀਕ ਬਾਬਾ ਖੁਸ਼ਹਾਲ ਸਿੰਘ ਜੀ ਨੇ ਕਛਹਿਰਾ ਨਹੀਂ ਪਾਇਆ ਸੀ। ਦਰਸ਼ਨ ਕਰਕੇ ਜਦ ਪਿੰਡ ਗਏ ਤਾਂ ਕਛਹਿਰੇ ਸਿਵਾਏ ਤੇ ਪਹਿਨ ਲਏ।"

"ਆਪਦੇ ਜੀਵਨ ਦੇ ਬਾਕੀ ਦੇ ਸੰਖੇਪ ਸਮਾਚਾਰ ਇਹ ਹਨ ਕਿ ਪੰਜਾਂ ਸੱਤਾਂ ਬਿਹੰਗਮਾਂ ਸਾਧੂਆਂ ਨੂੰ ਹਰ ਵੇਲੇ ਆਪ



Namdhari Elibrary NamdhariElibrary@gmail.com

ਪਾਸ ਰੱਖਦੇ ਸਨ, ਜਿੰਨੀ ਸਰ ਬਣ ਆਉਂਦੀ ਉਨ੍ਹਾਂ ਦੀ ਸੇਵਾ ਕਰਦੇ ਤੇ ਦਸ ਜਾਂ ਬਾਰਾਂ ਲੋਈਆਂ ਹਰ ਸਾਲ ਸਾਧੂਆਂ ਨੂੰ ਦੇਣੀਆਂ ਤਾਂ ਆਪ ਦਾ ਜ਼ਰੂਰੀ ਨਿਯਮ ਸੀ। ਆਪ ਸਨ ਤਾਂ ਅਨਪੜ੍ਹ ਅਰ ਗੁਰਬਾਣੀ ਦਾ ਸ਼ੁੱਧ ਪਾਠ ਸੁਣਨ ਲਈ ਭਾਈ ਮਹਿਤਾਬ ਸਿੰਘ ਅਤੇ ਭਾਈ ਭਗਵਾਨ ਸਿੰਘ ਜੈਸੇ ਗੁਰਮੁਖ ਗੁਰਸਿੱਖਾਂ ਨੂੰ ਆਪਣੇ ਪਾਸ ਰੱਖਦੇ ਸਨ। ਇਹਨਾਂ ਨਾਮ ਅਭਿਆਸੀ ਸੱਜਣਾਂ ਤੋਂ ਬਿਨਾਂ ਭਾਈ ਸੁੰਦਰ ਸਿੰਘ, ਬਿਸ਼ਨ ਸਿੰਘ ਕਲੈਹਰੀ ਰਿਆਸਤ ਪਟਿਆਲਾ, ਭਾਈ ਸੁੰਦਰ ਸਿੰਘ ਜੀ ਚੀਮਾ ਜ਼ਿਲ੍ਹਾ ਲੁਧਿਆਣਾ, ਭਾਈ ਮੱਲ ਸਿੰਘ ਲਹਿਰਾ ਜ਼ਿਲ੍ਹਾ ਫੀਰੋਜ਼ਪੁਰ ਅਤੇ ਭਾਈ ਗੁਲਾਬ ਸਿੰਘ ਜੀ ਦਮਦਮਾ ਸਾਹਿਬ... ਆਦਿ ਸਾਧੂਆਂ ਨੂੰ ਵੀ ਆਪਣੇ ਪਾਸ ਰੱਖਿਆ ਕਰਦੇ ਸਨ।

"ਭਾਈ ਹਰਨਾਮ ਸਿੰਘ ਜੀ ਪਿੰਡ ਗਿੱਲ, ਰਿਆਸਤ ਨਾਭਾ ਜੋ ਮਾਤਾ ਜੀ ਦੇ ਮਾਮਾ ਸਨ ਅਤੇ ਸੱਚੇ ਸੁੱਚੇ ਗੁਰਸਿੱਖ ਸਨ। ਉਹ ਵੀ ਬਰਾਜ ਹੀ ਰਿਹਾ ਕਰਦੇ ਸਨ ਅਤੇ ਟੱਬਰ ਵਿਚੋਂ ਉਹੋ ਪਹਿਲੇ ਸੱਜਣ ਸਨ, ਜਿਨ੍ਹਾਂ ਨੇ ਮਾਤਾ ਜੀ ਦੇ ਪਿਤਾ ਬਾਬਾ ਖੁਸ਼ਹਾਲ ਸਿੰਘ ਜੀ ਪਾਸੋਂ ਆਪ ਭਜਨ ਪੁੱਛਿਆ ਅਤੇ ਬਾਕੀ ਦੇ ਟੱਬਰ ਨੂੰ ਦੱਸ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

"ਭਾਈ ਖੁਸ਼ਹਾਲ ਸਿੰਘ ਜਿੱਥੇ ਸਾਧੂਆਂ ਦੀ ਸੇਵਾ ਕਰਨੀ ਸਭ ਤੋਂ ਉਤਮ ਸਮਝਦੇ ਸਨ, ਉਥੇ ਆਪ ਦਾ ਨਿਯਮ ਇਹ ਵੀ ਸੀ ਕਿ ਹਰ ਪੰਦਰਾਂ ਦਿਨਾਂ ਦੇ ਉਪਰੰਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪੁਆਉਂਦੇ। ਪਸੇਰੀ ਪੱਕੀ ਦਾ ਕੜਾਹ ਪ੍ਰਸ਼ਾਦ ਕਰਦੇ ਅਤੇ ਤਿੰਨ ਤਿੰਨ ਮਣ ਦੁੱਧ ਦੀ ਖੀਰ ਰਿੰਨ੍ਹ ਕੇ ਸਾਰੇ ਪਿੰਡ ਨੂੰ ਛਕਾਉਂਦੇ। ਸਤਿਗੁਰਾਂ ਨੇ ਆਪ ਨੂੰ ਜ਼ਿਲ੍ਹਾ ਹਿਸਾਰ ਦਾ ਸੂਬਾ ਥਾਪਿਆ ਸੀ ਅਤੇ ਅਨੇਕਾਂ ਐਸੇ ਸਿੱਖ ਸਨ ਜੋ ਆਪ ਪਾਸੋਂ ਭਜਨ ਪੁੱਛ ਕੇ ਜਨਮ ਮਰਨ ਰਹਿਤ ਹੋ ਗਏ। ਜਦ ਸਤਿਗੁਰਾਂ ਨੇ ਪ੍ਰਦੇਸ ਗਮਨ ਕੀਤਾ, ਆਪ ਜਿੰਦਾ ਸਨ ਅਤੇ ਇਹ ਦਿਲ ਵਿਦੀਰਣ ਕਰਨ ਵਾਲੀ ਦੁਖਦਾਈ ਘਟਨਾ ਉਹਨਾਂ ਦੇ ਸਾਹਮਣੇ ਹੀ ਹੋਈ ਸੀ। ਮਾਤਾ ਜੀ ਦੱਸਦੇ ਹਨ ਕਿ ਪਿਤਾ ਜੀ ਲਗਭਗ ੬੫ ਸਾਲਾਂ ਦੇ ਸਨ, ਜਦ ਗੁਰਪੁਰੀ ਪਧਾਰੇ ਤੇ ਜਿਸ ਵੇਲੇ ਉਹਨਾਂ ਦਾ ਚਲਾਣਾ ਹੋਇਆ, ਸ੍ਰੀ ਮਹਾਰਾਜ ਪ੍ਰਤਾਪ ਸਿੰਘ ਜੀ, ਨਵਾਂ ਮਹੀਨਿਆਂ ਦੇ ਮਾਸੂਮ ਬਾਲ ਸਨ।"[੭]

ਇਸ ਤੋਂ ਸਪਸ਼ਟ ਹੋਇਆ ਕਿ ਸੂਬਾ ਖੁਸ਼ਹਾਲ ਸਿੰਘ ਜੀ ਦਾ ਅਕਾਲ ਚਲਾਣਾ ਉਹਨਾਂ ਦੇ ਪਿੰਡ ਬਰਾਜ ਵਿਖੇ ਹੀ, ਦਿਸੰਬਰ ੧੮੯੦ ਈ. ਵਿਚ ਹੋਇਆ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਦੀ ਦਾਤ ਜਿਸ ਮਾਘੀ ਤੇ ਮੁਕਤਸਰ ਸਾਹਿਬ ਵਿਖੇ ਹਾਸਲ ਕੀਤੀ ਸੀ ਉਹ ਮਾਘੀ ੧੮੬੯ ਈ. ਦੀ ਸੀ। ਇਸ ਤੋਂ ਪਹਿਲਾਂ ਜੂਨ ੧੮੬੩ ਤੋਂ ਮਾਰਚ ੧੮੬੭ ਈ. ਤੱਕ ਸਤਿਗੁਰੂ ਜੀ ਭੈਣੀ ਸਾਹਿਬ ਨਜ਼ਰਬੰਦ ਰਹੇ ਸਨ। ਸੰਨ ੧੮੬੯ ਈ. ਦੀ ਮਾਘੀ ਦਾ ਮੇਲਾ ਭਾਈ ਬਾਹੋਵਾਲ ਦੀ ਲਿਖਤ ਮੁਤਾਬਿਕ ਗਿੱਲ (ਸਿਆਲਕੋਟ) ਬਾਬੇ ਜਮੀਅਤ ਸਿੰਘ ਪਾਸ ਮਨਾਇਆ ਸੀ। ੧੮੬੯ ਈ. ਵਿਚ ਜਦੋਂ ਸਤਿਗੁਰੂ ਜੀ ਨੇ ਮਾਨਾ ਵਾਲਾ ਕਾਲਰ ਵਿਖੇ ਹੋਲਾ ਮਹੱਲਾ ਮਨਾਇਆ ਸੀ ਤਾਂ ਮਾਲਵੇ ਦੇ ਸਿੰਘਾਂ ਨੇ ਬਰਾਜਵਾਲਾ (ਮੁਕਤਸਰ) ਵਿਖੇ ਹੋਲੇ ਮਹੱਲੇ ਦੀ ਤਿਆਰੀ ਸ਼ੁਰੂ ਕਰ ਲਈ ਸੀ। ਇਸ ਹੋਲੇ ਮਹੱਲੇ ਦੀ ਤਿਆਰੀ ਵਿਚ ਸਮੁੰਦ ਸਿੰਘ ਉਰਫ ਮਸਤਾਨ ਸਿੰਘ ਬਰਾਜਵਾਲਾ ਦੇ ਨਾਲ ਬਾਬਾ ਖੁਸ਼ਹਾਲ ਸਿੰਘ ਹੋਰਾਂ ਦਾ ਵੀ ਜ਼ਿਕਰ ਮਿਲਦਾ ਹੈ। ਜਿਸ ਤੋਂ ਮਾਲੂਮ ਹੁੰਦਾ ਹੈ ਕਿ ਕੂਕੇ ਬਨਣ ਤੋਂ ਸਾਲ ਸਵਾ ਸਾਲ ਬਾਦ ਹੀ ਉਹ ਆਪਣੇ ਪੰਥ ਵਿਚ ਮਕਬੂਲ ਹੋ ਗਏ ਸਨ। ਉਂਝ ਉਹ ਬੜੇ ਦਾਨਾਅ ਵਿਅਕਤੀ ਸਨ। ਇਸ ਲਈ ਥਾਣੇਦਾਰ ਦੀਵਾਨ ਬਖਸ਼ ਨੂੰ ਸੋਧਣ ਅਤੇ ਹਲ ਪੰਜਾਲੀਆਂ ਚਰਖੇ ਵਗੈਰਾ ਸੰਦ-ਸੰਦਉੜਾ ਅਗਨ ਭੇਟ ਕਰਕੇ, ਘਰਾਂ ਨੂੰ ਬਿਨਾਂ ਜੰਦਰੇ ਕੁੰਡੇ ਲਾਏ, ਨੱਸ ਤੁਰਨ ਵਾਲੇ ਭਾਈ ਮਸਤਾਨ ਸਿੰਘ ਦੇ ਨਾਲ ਦੇ ੪੪ ਸਾਥੀਆਂ ਵਿਚੋਂ ਉਹ ਨਹੀਂ ਸਨ, ਜਿਹਨਾਂ ਤੇ ਸਰਕਾਰ ਨੇ ਇਸੇ ਸਾਲ ਬਗਾਵਤ ਦਾ ਮੁਕਦਮਾ ਚਲਾ ਕੇ ਕੁਝਨਾ ਨੂੰ ਸਜ਼ਾਵਾਂ ਤੇ ਬਾਕੀਆਂ ਨੂੰ ਤਾੜਨਾ ਕਰਕੇ ਛੱਡ ਦਿੱਤਾ ਸੀ।

੧੮੭੧ ਈ. ਦੇ ਨਾਮਧਾਰੀ ਸਿੰਘਾਂ ਦੇ ਹੋਲੇ ਮਹੱਲੇ ਦੇ ਸਥਾਨ ਬਾਰੇ ਇਤਿਹਾਸਕਾਰ ਇਕ ਮੱਤ ਨਹੀਂ ਹਨ। ਭਾਈ ਸੰਤੋਖ ਸਿੰਘ ਬਾਹੋਵਾਲ ਇਹ ਹੋਲਾ ਖੋਟੇ (ਜ਼ਿਲ੍ਹਾ ਫੀਰੋਜ਼ਪੁਰ) ਵਿਚ ਅਤੇ ਭਾਈ ਧਿਆਨ ਸਿੰਘ ਕਾਦਰਾਬਾਦੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ ਲਿਖਦੇ ਹਨ। ਇਸ ਹੋਲੇ ਤੋਂ ਵਾਪਸੀ ਸਮੇਂ ਸਤਿਗੁਰੂ ਜੀ ਆਪਣੀ ਲਹਿਰ ਦੇ ਭਵਿੱਖ ਦਾ ਆਕਲਨ ਜਿਹਨਾਂ ਸ਼ਬਦਾਂ ਵਿਚ ਕਰਦੇ ਹਨ ਉਹਨਾਂ ਤੋਂ ਬਾਬਾ ਖੁਸ਼ਹਾਲ ਸਿੰਘ ਵੈਰਾਗੀ ਮਨੋਦਸ਼ਾ ਵਿਚ ਆ ਜਾਂਦੇ ਹਨ। ਉਹ ਸਤਿਗੁਰੂ ਜੀ ਨੂੰ ਨਿਹੋਰੇ ਵੀ ਦਿੰਦੇ ਹਨ, ਮੁਗਲ ਰਾਜ ਸਮੇਂ ਸਿੰਘਾਂ ਤੇ ਹੋਈਆਂ ਸਖਤੀਆਂ ਦੇ, ਕਿਉਂ ਜੁ ਹੁਣ ਫਰੰਗੀ ਵੀ ਕੂਕੇ ਸਿੱਖਾਂ ਦੇ ਸਬੰਧ ਵਿਚ ਮੁਗਲਾਂ ਦੀ ਪੈੜ ਵਿਚ ਹੀ ਪੈਰ ਧਰਦੇ ਨਜ਼ਰ ਆਉਂਦੇ ਹਨ। ਅਤੇ ਆਪਣੀ ਜਗਿਆਸੂ ਬਿਰਤੀ ਦੁਆਰਾ ਬਾਬਾ ਖੁਸ਼ਹਾਲ ਸਿੰਘ ਸਤਿਗੁਰੂ ਜੀ ਤੋਂ ਕਈ ਵਰ, ਖਾਲਸੇ ਲਈ ਲੈਣ ਵਿਚ ਸਫਲ ਹੁੰਦੇ ਹਨ। ਇਤਿਹਾਸ ਨੂੰ ਪੌਰਾਣਿਕ ਪਰਸੰਗਾਂ ਦੀ ਚਾਸ਼ਨੀ ਵਿਚ ਪੇਸ਼ ਕਰਕੇ ਭਾਈ



Namdhari Elibrary NamdhariElibrary@gmail.com

ਬਾਹੋਵਾਲ ਨਿਮਨ ਲਿਖਿਤ ਸੁੰਦਰ ਪਰਸੰਗ, ਆਪਣੀ ਮਨੋਹਰ ਸ਼ੈਲੀ ਵਿਚ ਪ੍ਰਸਤੁਤ ਕਰਦੇ ਹਨ, ਜਿਸ ਤੇ ਬਾਬਾ ਖੁਸ਼ਹਾਲ ਸਿੰਘ ਗੁਰੂ ਖੁਸ਼ੀਆਂ ਦਾ ਵੱਡਾ ਪਾਤਰ ਸਿੱਧ ਹੁੰਦਾ ਹੈ :

"ਚਾਰ ਸਿੱਖ ਨਾਲ ਹੋਰ ਸੇ। ਅੰਤਰਜਾਮੀ ਜੀ ਬਚਨ ਕੀਤਾ ਮੈਨੂੰ ਬਿੱਲੋ ਲੈ ਜਾਣਗੇ। ਤਿੰਨ ਵੇਰੀ ਏਹੀ ਬਚਨ ਕੀਤਾ। ਬਾਬਾ ਕੁਸ਼ਾਲ ਸਿੰਘ ਨੇ ਰੰਗ ਵਿਚ ਹੋਇ ਕੇ ਬੋਲਾ ਕੀਤਾ ਜੇ ਤੁਸੀਂ ਕਹਿੰਦੇ ਹੋ ਲੈ ਜਾਣਗੇ ਫਰੰਗੀ ਤਾਂ ਸਾਨੂੰ ਕੇਹੜੀ ਦਾਤ ਬਖਸ਼ੀ ਹੈ ਆਪਣੀ ਮੁਕਤੀ ਕਰੀਏ? ਤੁਸਾਂ ਤਾਂ ਜਾਣਾ ਈ ਹੈ। ਜੀਆਂ ਨੂੰ ਕੀ ਸੁਣਾਉਂਦੇ ਹੋ? ਸਾਨੂੰ ਤਾਂ ਹੁਣ ਤੱਕ ਦੁੱਖ ਹੀ ਰਿਹਾ ਹੈ। ਕਿਸੇ ਜੁਗ ਕਹੋ ਖਾਂ ਕੇਹੜਾ ਸੁਖ ਦਿੱਤਾ ਜੇ? ਮੁਗਲਾਂ ਦੇ ਵਕਤ ਸਿੱਖਾਂ ਦੇ ਸਿਰ ਵੱਢ ਵੱਢ ਕੇ ਇਨਾਮ ਦੁਆ ਹੁਣ ਤਕ ਦੁਖ ਹੀ ਰਿਹਾ ਹੈ।...ਦੀਨ ਦਿਆਲ ਜੀ ਬਚਨ ਕੀਤਾ ਪਾਛੇ ਜੋ ਹੋਈ ਸੋ ਹੋਈ, ਹੁਣ ਸਭ ਚੀਜ਼ ਧੁਆਡੀ ਹੋਈ। ਕਈ ਫੇਰੀ ਏਹੀ ਬਚਨ ਕੀਤਾ ਪਾਛੇ ਜੋ ਹੋਈ ਸੋ ਹੋਈ। ਕੁਸ਼ਾਲ ਸਿੰਘ ਨੇ ਅਰਜ ਕੀਤੀ ਕਿ ਕੇਹੜੀ ਚੀਜ਼? ਮਿਹਰਬਾਨ ਹੋਇਕੇ ਬਚਨ ਕੀਤਾ ਮੀਰੀ-ਪੀਰੀ ਫਕੀਰੀ-ਵਜੀਰੀ-ਬਗੀਰੀ-ਦਰਦਵੰਦੀ-ਦਰਵੇਸੀ। ਰਾਗੀ ਕਾ ਰਾਗ ਭਾਗੀ ਕਾ ਭਾਗ। ਜਤੀ ਕਾ ਜਤ ਤਾਪੀ ਕਾ ਤਪ। ਸਤੀ ਕਾ ਸਤ ਬ੍ਰਹਮੇ ਕਾ ਬ੍ਰਹਮ। ਬਿਸ਼ਨ ਕਾ ਬਿਸ਼ਨ ਸ਼ਿਵ ਕਾ ਸ਼ਿਵ। ਏਹ ਵਸਤਾਂ ਖਾਲਸੇ ਕੋ ਬਖਸ਼ੀਆਂ ਹੈਨ।"[੭]

ਇਸ ਤਰ੍ਹਾਂ ਬਾਬਾ ਖੁਸ਼ਹਾਲ ਸਿੰਘ ਜੀ ਦੇ ਬਹਾਨੇ, ਸਤਿਗੁਰੂ ਰਾਮ ਸਿੰਘ ਜੀ ਨੇ, ਆਪਣੇ ਸੰਤ ਖਾਲਸੇ ਨੂੰ ਵਿਲੱਖਣ ਰੂਪ ਵਿਚ, ਚਾਰੇ ਚੱਕਾਂ ਵਿਚ ਉਜਾਗਰ ਕਰਨ ਲਈ, ਬੇਅੰਤ ਵਰਦਾਨ ਬਖਸ਼ੇ, ਜਿਸ ਨਾਲ ਉਹ ਆਪਣੇ ਸੰਪੂਰਨ ਕਰਤਾਰੀ ਜਲੌਅ ਵਿਚ ਰੂਪਮਾਨ ਹੋ ਕੇ, ਵਕਤ ਦੀ ਧਾਰਾ ਨੂੰ ਬਦਲਣ ਦੇ ਸਮਰੱਥ ਹੋ ਸਕਿਆ।

ਅਪ੍ਰੈਲ ੧੯੭੧ ਈ. ਵਿਚ ਵੈਸਾਖੀ ਦੇ ਪੁਰਬ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਾਲਵੇ ਦੀਆਂ ਸੰਗਤਾਂ ਨੂੰ ਨਿਵਾਜਦੇ ਹੋਏ, ਦਮਦਮਾ ਸਾਹਿਬ ਵਿਖੇ ਇਸ ਇਤਿਹਾਸਕ ਜੋੜ ਮੇਲੇ ਤੇ ਦਰਸ਼ਨ ਦਿੱਤੇ ਸਨ। ਇਹ ਉਹੋ ਅਸਥਾਨ ਹੈ ਜਿੱਥੇ ਸਰਬੰਸਦਾਨੀ ਜੀ ਨੇ ਕਿਲਾ ਆਨੰਦਪੁਰ ਤਿਆਗਣ ਅਤੇ ਚਮਕੌਰ ਤੇ ਮੁਕਤਸਰ (ਖਿਦਰਾਣੇ ਦੀ ਢਾਬ) ਦੀਆਂ ਜੰਗਾਂ ਬਾਅਦ ਕੁਝ ਸਮਾਂ ਵਿਸ਼ਰਾਮ ਕੀਤਾ ਸੀ। ਇਥੇ ਹੀ ਗੁਰੂ ਮਹਿਲਾਂ ਨੇ ਸਾਡੇ ਇਤਿਹਾਸ ਦਾ ਸਭ ਤੋਂ ਵਿਕਟ ਪ੍ਰਸ਼ਨ ਸਤਿਗੁਰੂ ਜੀ ਤੋਂ ਪੁੱਛਿਆ ਸੀ :-

"ਮੇਰੇ ਦੋ ਲਾਲਾਂ ਦੇ ਜੋੜੇ, ਸਤਿਗੁਰੋ! ਕਿੱਥੇ ਨੇ?
ਸਨ ਨਾਲ ਤੁਹਾਡੇ ਤੋਰੇ, ਸਤਿਗੁਰੋ! ਕਿੱਥੇ ਨੇ?"

ਜੁਆਬ ਵਿਚ ਹਜ਼ੂਰ ਨੇ ਫੁਰਮਾਇਆ ਸੀ :

"ਹੋਇਆ ਕੀ ਜੇ ਆਨ ਤੇ ਸ਼ਾਨ ਬਦਲੇ,
ਚਾਰੇ ਲਾਲ ਹਾਂ ਆਪਣੇ ਵਾਰ ਬੈਠੇ।
ਭਾਗਾਂ ਵਾਲੀਏ ਮਾਰ ਕੇ ਨਿਗ੍ਹਾ ਤੱਕੀਂ।
ਤੇਰੀ ਗੋਦ ਵਿਚ ਕਈ ਹਜ਼ਾਰ ਬੈਠੇ।"

ਤੇ ਇਉਂ ਮਾਤਾ ਸਾਹਿਬ ਦੇਵਾਂ ਸਮੁੱਚੇ ਖਾਲਸਾ ਪੰਥ ਜਾਂ ਗੱਲ ਨੂੰ ਹੋਰ ਸਟੀਕ ਬਣਾਉਂਦਿਆਂ ਸਮੁੱਚੀ ਜੁੜਦੀ ਲੁਕਾਈ ਦੀ ਮਾਤਾ ਬਣ ਗਈ। ਦਮਦਮਾ ਸਾਹਿਬ ਤੋਂ ਵਾਪਸੀ ਸਮੇਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਥਰਾਜ ਅਤੇ ਆਸ ਪਾਸ ਦੇ ਪਿੰਡਾਂ ਵਿਚ ਦਰਸ਼ਨ ਦੇ ਕੇ ਫਿਰ ਦਸ਼ਮੇਸ਼ ਜੀ ਦੀ ਸਿਖੀ ਦਾ ਛੱਟਾ ਦਿੱਤਾ ਅਤੇ ਲੋਕਾਂ ਨੂੰ ਕੁਰਹਿਤਾਂ ਤੋਂ ਹਟਾਇਆ। ਇਹ ਵੇਰਵਾ ਵੀ ਸਾਡੇ ਪ੍ਰਥਮ ਕੂਕਾ ਇਤਿਹਾਸਕਾਰ ਨੇ ਇਉਂ ਸੰਭਾਲਿਆ ਹੈ :

"ਬਾਬੇ ਕੁਸ਼ਾਲ ਸਿੰਘ ਅਰਜ ਕੀਤੀ ਜੀ ਥਰਾਜ ਮੈਂ ਚਰਨ ਪਾਵੋ। ਬਾਬੇ ਕਾ ਬਚਨ ਮੰਨ ਕੇ ਅਰਦਾਸਾ ਕਰਕੇ ਤੁਰੇ। ਸੁਖਚੈਨ (ਪਿੰਡ) ਮੈਂ ਪੜਾਉ ਕੀਤਾ।..."

"ਅਰਦਾਸਾ ਕਰਕੇ ਤੁਰੇ। ਅੱਗੇ ਥਰਾਜ ਦੇ ਲੋਕਾਂ ਕੇ ਦਿਲ ਮੈਂ ਹੋਈ ਜੇਕਰ ਗੁਰੂ ਹੈਨ ਤਾਂ ਆਪੇ ਹੀ ਘਰ ਆਇ ਜਾਣ। ਅੰਤਰਜਾਮੀ ਜੀ ਦਰਵਾਜ਼ੇ ਅੱਗੇ ਜਾਇ ਕਰ ਖੜ੍ਹੇ ਹੋਏ। ਸਿੰਘਾਂ ਘੋੜੀ ਫੜੀ ਤੇ ਪਲੰਘ ਪਰ ਹੋਇਕੇ ਦੀਦਾਰ ਦੇਣ ਲੱਗੇ। ਪਿੰਡ ਦੇ ਲੋਕ ਸੀਸ ਝੁਕਾਇਕੇ ਮੱਥਾ ਟੇਕਦੇ ਹੈ। ਬੜੀ ਖੁਸ਼ੀ ਹੋਈ ਕਿ ਸਾਡੇ ਘਰ ਗੁਰੂ ਬਾਰ੍ਹਵੇਂ ਜੀ ਮੂਰਤ ਧਾਰ ਕੇ ਆਇ ਹੈ। ਦਰਸ਼ਨ ਕੀਤਾ। ਲੋਕਾਂ ਨੂੰ ਐਤਨੀ ਮਾਲੂਮ ਹੋਈ ਕਿ ਠੀਕ ਅੰਤਰਜਾਮੀ। ਨੇੜੇ ਕੇ ਕੁਸੰਗੀ ਨਜ਼ੀਮਾਰ ਸਤ ਕੁ ਸਰੀਰ ਹੋਰ ਘਰ ਜਾਇਕੇ ਹੁੱਕਾ ਪੀਣ ਲੱਗੇ।...ਜਿਸ ਜਗ੍ਹਾ ਹੁੱਕਾ ਪੀਂਦੇ ਸੇ ਓਥੇ ਉਨ੍ਹਾਂ ਦੇ ਸਿਰ ਪਰ ਜਾਇ ਖੜੇ ਹੋਏ।...ਉਨ੍ਹਾਂ ਨੇ ਹੁੱਕਾ ਪੀਣਾ ਈ ਬਖਸ਼ਾਇਆ। ਬਚਨ ਹੋਇਆ ਹੁੱਕਾ ਨ ਪੀਵੋ, ਧੁਆਨੂੰ ਸਜਦਾ ਨਹੀਂ...

"ਸਵਾ ਪਹਿਰ ਨਾਲ ਇਸ਼ਨਾਨ ਕਰਕੇ ਆਸਾ ਕੀ ਵਾਰ ਲਗਣੇ ਲੱਗੀ। ਹਵਨ ਹੋਣੇ ਲੱਗਾ। ਗ੍ਰੰਥ ਸਾਹਿਬ ਪਰਗਾਸਿਆ। ੧੯੨੮ (ਬਿਕ੍ਰਮੀ-ਮਹੀਨਾ ਵਸਾਖ, ਅਪ੍ਰੈਲ ੧੯੭੧ ਈ.) ਮੇਂ ਫਤੇਹ ਕੌਰ ਤੇ ਜੀਵਨ ਕੌਰ ਦੋਨਾਂ ਦੇ ਅਨੰਦ ਪੜ੍ਹੇ। ਜੋੜੀ ਦਾਤ ਸੀ ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਧਰੀ। ਬਾਬੇ ਜੀ ਕਹਾ ਜਿਸਦੀ ਦਾਤ ਹੈ ਤਿਸਕੇ ਆਗੇ ਧਰੀ ਹੈ। ਲੜਕੇ ਵਾਲੇ ਵਿਚ ਨਰਾਜ ਹੋਏ ਕਿ ਅਸੀਂ ਖਾਲੀ ਜਾਵਾਂਗੇ? ਦਾਤ ਤਾਂ ਸਾਡੀ ਸੀ। ਬਾਬੇ ਨੇ ਕਹਾ ਕਿ ਦਾਤ ਗੁਰੂ ਕੀ ਹੈ। ਗੁਰੂ ਜੀ ਬਚਨ ਕੀਤਾ ਦੇਖਾਂ ਅਬਲ੍ਹ ਬਧੇ ਕਿ ਗੁਰੂ ਬਧੇ। ਬਾਬੇ ਕੁਸ਼ਾਲ



Namdhari Elibrary NamdhariElibrary@gmail.com

ਸਿੰਘ ਕਹਾ ਕਿ ਭਾਈ ਜੇਕਰ ਤੁਸੀਂ ਗੁਰੂ ਕੀ ਰੀਤੀ ਰੱਖੋਗੇ ਤਾਂ ਅਸੀਂ ਕੁੜੀਆਂ ਭੇਜ ਦਿਆਂਗੇ। ਜੇਕਰ ਨਾ ਰੀਤੀ ਰੱਖੀ ਤਾਂ ਨਾ ਭੇਜਾਂਗੇ ਕੁੜੀਆਂ। ਸਾਡਾ ਸਾਕ ਨਾਤਾ ਸਿੱਖੀ ਦਾ ਹੈ। ਧਰਮ ਕਾ ਸਾਕ ਹੈ। ਉਨ੍ਹਾਂ ਨੇ ਨਾ ਰੀਤੀ ਰੱਖੀ ਔਰ ਨਾ ਮਨਜ਼ੂਰ ਕੀਤੀ। ਬਾਬਾ ਜੀ ਲੜਕੀਆਂ ਨਾ ਭੇਜੀਆਂ। ਅੰਤਰਜਾਮੀ ਜੀ ਬਚਨ ਕੀਤਾ ਏਹ ਨਹੀਂ ਸਮਝਣਾ ਜੋ ਅਨੰਦ ਪੜ੍ਹਾਏ ਹੈਨ। ਏਨ੍ਹਾਂ ਨੂੰ ਭਾਈ ਤੂੰ ਕੁਆਰੀਆਂ ਹੀ ਸਮਝ। ਜਿਥਿ ਕੀਆਂ ਹੈਨ ਓਥੇ ਹੀ ਜਾਣਗੀਆਂ।"[5]

ਸ੍ਰੀ ਸਤਿਗੁਰੂ ਜੀ ਦੀ ਛੋਟੀ ਪੁੱਤਰੀ ਬੀਬੀ ਦੈਆ ਕੌਰ ਨਾਰੰਗਵਾਲ (ਲੁਧਿਆਣਾ) ਦੇ ਮਤਾਬ ਸਿੰਘ ਨਾਲ ਵਿਆਹੀ ਸੀ। ਇਹ ਮਤਾਬ ਸਿੰਘ ਵੀ ਗੁਰੂ ਰੀਤੀ ਨਹੀਂ ਸੀ ਰੱਖਦਾ, ਜਿਸ ਤੇ ਬੀਬੀ ਇਸ ਦੇ ਨਾਲ ਨਹੀਂ ਸੀ ਜਾਂਦੀ। ਇਹਨੇ ਇਸੇ ਕਿੜ ਵਿਚ ਸ੍ਰੀ ਭੈਣੀ ਸਾਹਿਬ ਦੇ ਸਰੋਵਰ ਪਾਸ ਬੀਬੀ ਤੇ ਮਾਰੂ ਹਮਲਾ ਕਰ ਦਿੱਤਾ। ਬੀਬੀ ਲੁਧਿਆਣੇ ਹਸਪਤਾਲ ਵਿਚ ਚੱਲ ਵੱਸੀ। ਇਹ ਜੁਲਾਈ ੧੯੬੮ ਈ. ਵਿਚ ਕਤਲ ਦੇ ਦੋਸ਼ ਹੇਠ ਫਾਹੇ ਲੱਗ ਗਿਆ ਸੀ। ਇਸੇ ਤਰ੍ਹਾਂ ਸਾਡੇ ਇਤਿਹਾਸ ਵਿਚ ਦਰਜ ਹੈ ਕਿ ਨੀਲਿਆਂ ਵਾਲੀ (ਰਿਆਸਤ ਬਹਾਵਲਪੁਰ) ਦੇ ਗੁਰਮੁਖ ਸਿੰਘ ਜ਼ੈਲਦਾਰ ਦੇ ਪੁੱਤਰ ਨਾਲ ਗੁਰੂ-ਸਰ (ਗੱਦਾਂ ਡੋਬ) ਜ਼ਿਲ੍ਹਾ ਫੀਰੋਜ਼ਪੁਰ ਨਿਵਾਸੀ ਸ. ਸੁੰਦਰ ਸਿੰਘ ਸੋਹੂ ਨਾਮਧਾਰੀ ਦੀ ਪੁੱਤਰੀ ਬੀਬੀ ਵੀਰੋ ਜੀ ਦਾ ਰਿਸ਼ਤਾ ਤਹਿ ਹੋਇਆ ਸੀ ਪਰ ਜ਼ੈਲਦਾਰ ਦੁਆਰਾ ਸਿੰਘ ਸਭਾ ਦੇ ਪ੍ਰਭਾਵ ਵਿਚ ਆ ਕੇ ਨਾਮਧਾਰੀ ਮੱਤ ਤੋਂ ਦੂਰ ਹੋਣ ਕਾਰਨ ਇਹ ਰਿਸ਼ਤਾ ਵੀ ਪਰਵਾਨ ਨਹੀਂ ਸੀ ਚੜ੍ਹਿਆ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਅਨੰਦ ਕਾਰਜ ਤੋਂ ਬਾਅਦ ਬੀਬੀ ਵੀਰੋ ਜੀ ਮਾਤਾ ਭੂਪਿੰਦਰ ਕੌਰ ਜੀ ਦੇ ਨਾਉਂ ਨਾਲ ਵਿਖਿਆਤ ਹੋਏ। ਉਪਰੋਕਤ ਵੇਰਵਿਆਂ ਦੇ ਲਿਖਣ ਤੋਂ ਭਾਵ ਇਹੋ ਹੈ ਕਿ ਗੁਰੂ ਦੇ ਪ੍ਰੀਤਵਾਨ ਸਿੱਖਾਂ ਲਈ, ਸੰਸਾਰੀ ਨਾਤੇ, ਗੁਰਸਿੱਖੀ ਦੇ ਨਾਤੇ ਦੇ, ਹਮੇਸ਼ਾਂ ਅਧੀਨ ਹੀ ਰਹਿੰਦੇ ਆਏ ਸਨ। ਅਤੇ ਬਾਬਾ ਖੁਸ਼ਹਾਲ ਸਿੰਘ ਹੋਰਾਂ ਦੀਆਂ ਦੋਹਾਂ ਪੁੱਤਰੀਆਂ ਦੇ ਮੁਆਮਲੇ ਵਿਚ ਵੀ ਬਾਹੋਵਾਲ ਜੀ ਦੇ ਸ਼ਬਦਾਂ ਵਿਚ ਸਤਿਗੁਰੂ ਜੀ ਦੀਆਂ ਟਿੱਪਣੀਆਂ ਸਾਰਗਭਿਤ ਸਿਧ ਹੋਈਆਂ। ਇਕ ਕਾਰਨ, ਜੋ ਦਰਅਸਲ ਪਰਮੁੱਖ ਕਾਰਨ ਬਣਿਆ ਉਹ ਇਹ ਵੀ ਸੀ ਕਿ ਅੰਗਰੇਜ਼ ਸਰਕਾਰ ਦੇ ਬਾਗੀ ਕੂਕਿਆਂ ਨਾਲ ਕੋਈ ਦੁਨਿਆਵੀ ਨਾਤਾ ਰੱਖਣਾ ਸਧਾਰਨ ਲੋਕਾਂ ਦੇ ਵੱਸ ਦੀ ਖੇਡ ਨਹੀਂ ਸੀ ਤੇ ਫਿਰ ਬਾਬਾ ਖੁਸ਼ਹਾਲ ਸਿੰਘ ਸਧਾਰਨ ਕੂਕੇ ਨਾ ਹੋ ਕੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੂਬਾ ਪਦਵੀ ਨਾਲ ਨਿਵਾਜੇ ਹੋਣ ਕਾਰਨ ਪਰਮੁੱਖ ਕੂਕਾ ਆਗੂ ਸਨ। ਇਹੋ ਜ਼ਿੰਮੇਵਾਰੀ ਉਹ ਤਾ-ਉਮਰ ਤਨਦੇਹੀ ਨਾਲ ਨਿਭਾਹੁੰਦੇ ਰਹੇ।

ਸੂਬਾ ਖੁਸ਼ਹਾਲ ਸਿੰਘ ਹੋਰਾਂ ਨਾਲ ਸਬੰਧਿਤ ਇਕ ਹੋਰ ਪਰਸੰਗ ਵੀ, ਉਹਨਾਂ ਦੇ ਇਸੇ ਨਗਰ ਵਾਲੇ ਦੌਰੇ ਦੇ ਨਾਲ ਹੀ ਜੁੜਿਆ ਹੈ। ਸੂਬਾ ਜੀ ਨੇ ਇਕ ਦਿਨ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਮੈਨੂੰ ਕਿਸੇ ਪੂਰਨ ਬ੍ਰਹਮ ਗਿਆਨੀ ਸੰਤਾਂ ਦੇ ਦੀਦਾਰ ਦੀ ਤਲਬ ਹੈ। ਕਹਿੰਦੇ ਹਨ ਕਿ ਸ਼ਿਰੋਮਣੀ ਸੂਬਾ ਜਵਾਹਰ ਸਿੰਘ ਹੋਰਾਂ ਦੇ ਮਨ ਵਿਚ ਸੂਖਮ ਅਭਿਮਾਨ ਹੋ ਗਿਆ ਕਿ ਸਤਿਗੁਰੂ ਜੀ ਉਹਨਾਂ ਵੱਲ ਹੀ ਇਸ਼ਾਰਾ ਕਰਨਗੇ। ਪਰ ਕਉਤਕ ਕੁਝ ਹੋਰ ਤਰ੍ਹਾਂ ਵਰਤ ਗਿਆ। ਪ੍ਰਸਿੱਧ ਪੰਜਾਬੀ ਕਵੀ ਵਿਧਾਤਾ ਸਿੰਘ ਤੀਰ ਹੋਰਾਂ ਦੀ "ਸਿੱਖੀ-ਸਿਦਕ" ਨਾਮ ਦੀ ੧੯੩੬ ਈ. ਦੇ ਜ਼ਬਤ ਸ਼ੁਦਾ ਬਸੰਤ ਅੰਕ ਵਿਚ ਛਪੀ ਇਕ ਕਵਿਤਾ, ਇਸ ਦੌਰੇ ਦੇ ਸਬੰਧ ਵਿਚ ਹੀ ਵਾਤਾਵਰਣ ਇਉਂ ਬਿਆਨ ਕਰਦੀ ਹੈ :

"ਧਰਤੀ ਮਾਲਵੇ ਦੀ ਖਾਣ ਬਰਕਤਾਂ ਦੀ
ਰਾਣੀ, ਉਸ ਦੀਆਂ ਕੁਦਰਤਾਂ ਸਾਰੀਆਂ ਦੀ
ਚਰਨ ਰਾਮ ਦੇ ਸਿਦਕ ਵਿਚ ਪਰਸ ਰਹੀ ਸੀ,
ਦਿਲੋਂ ਭਰੀ ਹੋਈ ਤਾਂਘਾਂ ਭਾਰੀਆਂ ਦੀ
ਵਗਦੀ ਪਈ ਸੀ ਸਰਸੇ ਦੇ ਤੱਪਿ ਅੰਦਰ,
ਖੁੱਲ੍ਹੀ ਨਾਮਧਾਰਾ ਨਾਮਧਾਰੀਆਂ ਦੀ
ਠੰਢ ਪਾਉਂਦੀ ਪਈ ਸੀ ਸੜਦਿਆਂ ਨੂੰ,
ਰੂਹ ਰਬ ਦੀ ਸ਼ਕਲ ਸੰਸਾਰੀਆਂ ਦੀ
ਹਰ ਇਕ ਦਿਲ ਅੰਦਰ ਦਰਦ ਦੇਸ਼ ਦਾ ਸੀ,
ਹਰ ਇਕ ਅੱਖ ਅੰਦਰ ਰਾਮ ਵੱਸਦਾ ਸੀ
ਹਰ ਇਕ ਜੀਭ ਤੇ ਰਾਮ ਸੀ ਰਾਜ ਕਰਦਾ,
ਹਰ ਇਕ ਰੂਪ ਅੰਦਰ ਰਾਮ ਹੱਸਦਾ ਸੀ"

ਹੋਇਆ ਇਸ ਤਰ੍ਹਾਂ ਕਿ ਇਕ ਸੂਬਾ ਹਰਨਾਮ ਸਿੰਘ ਜੋ ਸੂਬਾ ਗਿਆਨੀ ਰਤਨ ਸਿੰਘ ਮੰਡੀ ਕਲਾਂ ਦਾ ਭਰਾ ਹੀ ਸੀ, ਮਾਈਆਂ ਦੇ ਜਥੇ ਦੇ ਨਾਲ ਨਾਲ ਚੱਲ ਰਿਹਾ ਸੀ। ਮਸਤਾਨਿਆਂ ਨੇ, ਜਿਹਨਾਂ ਦੇ ਆਗੂ ਭਾਈ ਹੀਰਾ ਸਿੰਘ ਲਹਿਣਾ ਸਿੰਘ ਸਕਰੌਦੀ ਵਾਲੇ ਸਨ, ਉਸ ਸੂਬੇ ਨੂੰ ਰਤਾ ਵਿੱਥ ਤੇ ਤੁਰਨ ਲਈ ਕਿਹਾ। ਇਸ ਤੇ ਸੂਬਾ ਹਰਨਾਮ ਸਿੰਘ ਨੇ ਵੀ ਰਤਾ ਖਰਵੀ ਗੱਲ ਕਹਿ ਦਿੱਤੀ। ਮਸਤਾਨਿਆਂ ਨੇ ਉਸਨੂੰ ਘੋੜੀ ਤੋਂ ਲਾਹ ਕੇ ਚਾਹਟਾ ਹੀ ਨਹੀਂ ਛਕਾਇਆ ਇਹ ਵੀ ਕਿਹਾ-"ਸਤਿਗੁਰੂ ਜੀ ਨੇ ਤੁਹਾਨੂੰ ਕਿਹੜੇ ਕੰਮ ਲਾਇਆ ਹੈ ਤੇ ਤੁਸੀਂ ਕੀ ਕਰਦੇ ਹੋ?" ਸੂਬਾ ਜੀ ਦੀ ਕੁੱਟ ਮਾਰ ਥੋੜੀ ਜ਼ਿਆਦਾ ਹੋ ਗਈ। ਸੂਬੇ ਸਤਿਗੁਰੂ ਜੀ ਦੇ ਥਾਪੇ ਸਨ। ਮਸਤਾਨੇ ਵੀ ਆਪਣੇ ਆਪ ਨੂੰ, ਅਕਾਲੀ ਫੂਲਾ ਸਿੰਘ ਹੋਰਾਂ ਦੇ ਨਿਹੰਗ



Namdhari Elibrary NamdhariElibrary@gmail.com

ਸਿੰਘਾਂ ਜਿਉਂ, ਸਿੱਖੀ ਰਹ ਰੀਤਾਂ ਅਤੇ ਆਚਰਣ ਦੇ ਰਾਖੇ ਸਮਝਦੇ ਸਨ। ਥੋਹੜੀ ਕਸ਼ਮਕਸ਼ ਦੋਹਾਂ ਧਿਰਾਂ ਦੀ ਪਹਿਲਾਂ ਵੀ ਰਹਿੰਦੀ ਸੀ। ਹੁਣ ਕਿਉਂਕਿ ਸੂਚਨਾ ਪਹਿਲੀ ਸੂਬੇ ਗਿਆਨੀ ਸਿੰਘ ਨੂੰ ਇਹ ਮਿਲੀ ਕਿ ਤੁਹਾਡਾ ਸੂਬਾ ਭਰਾ ਮਸਤਾਨਿਆਂ ਨੇ ਕੁੱਟ ਕੁੱਟ ਕੇ ਮਾਰ ਦਿੱਤਾ ਹੈ। ਉਹ ਵੀ ਗਰਮ ਹੋ ਗਏ। ਅਤੇ ਸਾਰੇ ਸੂਬਿਆਂ ਨੂੰ ਨਾਲ ਲੈ ਕੇ ਗਿਆਨੀ ਸਿੰਘ ਸਤਿਗੁਰੂ ਜੀ ਦੇ ਪੇਸ਼ ਹੋ ਕੇ, ਲੋਥ ਨਾਲ ਲੋਥ ਪਾਉਣ ਦੀ ਮੰਗ ਕਰਨ ਲੱਗਾ। ਭਲਾ ਇਹ ਹੋਇਆ ਕਿ ਬਾਬਾ ਲਾਲ ਸਿੰਘ ਲਤਾਲਾ ਹਰਨਾਮ ਸਿੰਘ ਨੂੰ ਘੋੜੀ ਤੇ ਬਿਠਾ ਕੇ ਜ਼ਖਮੀ ਹੋਏ ਨੂੰ ਲੈ ਆਇਆ। ਸਤਿਗੁਰੂ ਜੀ ਨੇ ਕਿਹਾ ਕਿ ਗਿਆਨੀ ਸਿੰਘ ਤੇਰਾ ਨਿਆਂ ਮੈਂ ਕਰਾਂਗਾ। ਉਹਨੂੰ ਠੰਢਿਆਂ ਕਰ ਕੇ ਹਜ਼ੂਰ ਮਾਨਸਾ ਦੇ ਨੇੜੇ ਨੰਗਲ ਪਿੰਡ ਦੀ ਇਕ ਢਾਬ ਦੇ ਕੰਢੇ ਬੈਠੇ ਮਸਤਾਨਾ ਦਲ ਪਾਸ ਪੁੱਜ ਗਏ। ਹੁਕਮ ਹੋਇਆ ਕਿ ਇਕ ਚੱਕਰ ਵਿਚ ਖਲੋ ਜਾਉ ਤੇ ਮੇਰੇ ਸਾਹਮਣੇ ਵਾਰੀ ਵਾਰੀ ਤੁਰੇ ਆਉ। ਸਤਿਗੁਰੂ ਜੀ ਨੇ ਜ਼ਬਰਦਸਤ ਢੰਗ ਨਾਲ ਡਾਂਗ ਪਰਸਾਦ ਵਰਤਾਇਆ। ਜਦੋਂ ਮਸਤਾਨੇ ਇਕ ਵੇਰ ਇਕ ਪਾਸਿਉਂ ਭੁਗਤ ਗਏ ਤਾਂ ਫਿਰ ਦੂਜਾ ਪਾਸਾ ਅੱਗੇ ਕਰ ਕੇ ਕਹਿੰਦੇ ਕਿ ਹਜ਼ੂਰ ਇਸ ਬੰਨੇ ਦੇ ਪਾਪ ਵੀ ਝਾੜ ਦਿਉ। ਦੂਹਰਾ ਗੱਫਾ ਵਰਤਿਆ। ਜਾਂਦਿਆਂ ਹੁਕਮ ਹੋਇਆ, "ਮੇਰੀਆਂ ਅੱਖਾਂ ਤੋਂ ਦੂਰ ਹੋ ਜਾਉ। ਤੁਹਾਡਾ ਅੰਨ ਜਲ ਵੀ ਬੰਦ।" ਚਾਰ ਦਿਨ ਮਸਤਾਨੇ ਸਤਿਗੁਰੂ ਜੀ ਦੇ ਡੇਰੇ ਤੋਂ ਏਨਾ ਕੁ ਦੂਰ ਡੇਰਾ ਲਾਉਂਦੇ ਜਿੱਥੇ ਆਪ ਦੀ ਨਜ਼ਰ ਨਹੀਂ ਸੀ ਪਹੁੰਚਦੀ। ਲੰਗਰ ਵੀ ਮਸਤ ਹੋ ਗਿਆ। ਤੇ ਇਹ ਚਾਰੇ ਦਿਨ ਸਤਿਗੁਰੂ ਜੀ ਵੀ ਕੁਝ ਨਹੀਂ ਸਨ ਛਕ ਰਹੇ। ਕਹਿਣ "ਮੇਰੇ ਸੰਘ ਵਿਚ ਪੱਤੀਆਂ ਪੈ ਗਈਆਂ ਹਨ।" ਬੜੇ ਓੜ੍ਹ-ਪੋੜ੍ਹ ਹੋਏ। ਅਖੀਰ ਕਸਾਈਵਾੜੇ ਦੇ ਸ. ਗੁਰਦਿੱਤ ਸਿੰਘ ਨੇ ਬਾਬਾ ਖੁਸ਼ਹਾਲ ਸਿੰਘ ਨੂੰ ਪੁੱਛਿਆ ਕਿ ਸਤਿਗੁਰੂ ਜੀ ਪਰਸ਼ਾਦ ਕਿਉਂ ਨਹੀਂ ਛਕ ਰਹੇ। ਇਸ ਪਿੰਡ ਦਾ ਨਾਂ ਸਤਿਗੁਰੂ ਜੀ ਨੇ ਕਰਤਾਰਗੜ੍ਹ ਰੱਖਿਆ ਸੀ। ਬਾਬਾ ਖੁਸ਼ਹਾਲ ਸਿੰਘ ਨੇ ਸਾਰੀ ਵਾਰਤਾ ਸੁਣਾ ਕੇ ਕਿਹਾ ਕਿ ਜਿੰਨਾ ਚਿਰ ਮਸਤਾਨੇ ਭੁੱਖੇ ਰਹਿਣਗੇ ਸਤਿਗੁਰੂ ਜੀ ਪਰਸ਼ਾਦ ਨਹੀਂ ਛਕਣਗੇ। ਸਤਿਗੁਰੂ ਜੀ ਸੂਬਿਆਂ ਦੀ ਇੱਛਾ ਪੂਰਤੀ ਮੁਤਾਬਿਕ, ਮਸਤਾਨਿਆਂ ਦੀ ਇਸ ਮਾਰ ਕੁਟਾਈ ਦੀ ਸਜ਼ਾ ਆਪਣੇ ਸਰੀਰ ਤੇ ਝੱਲ ਰਹੇ ਸਨ, ਇਸ ਗੱਲ ਦਾ ਗਿਆਨ ਸਭ ਤੋਂ ਪਹਿਲਾਂ ਬਾਬਾ ਖੁਸ਼ਹਾਲ ਸਿੰਘ ਨੂੰ ਹੋਇਆ ਤੇ ਉਸਨੇ ਹੀ ਸ. ਗੁਰਦਿਤ ਸਿੰਘ ਤੋਂ ਅਰਜ਼ ਕਰਵਾ ਕੇ ਮਸਤਾਨਿਆਂ ਨੂੰ ਪਰਸ਼ਾਦ ਛਕਾਉਣ ਦਾ ਹੁਕਮ ਵੀ ਆਪ ਤੋਂ ਜਾਰੀ ਕਰਵਾਇਆ ਤੇ ਇਉਂ ਸਤਿਗੁਰੂ ਜੀ ਦਾ ਅਨਸ਼ਨ ਵੀ ਖ਼ਤਮ ਕਰਵਾਇਆ। ਇਸੇ ਲਈ ਤੀਰ ਜੀ ਦੀ ਉਪਰੋਕਤ ਕਵਿਤਾ ਇਹਨਾਂ ਸਤਰਾਂ ਨਾਲ ਸਮਾਪਤ ਹੁੰਦੀ ਹੈ :

"ਤੀਰ" ਇਹ ਹੈ ਪ੍ਰੇਮ ਦੀ ਉੱਚ ਝਾਕੀ,
ਲੇਸ ਏਸ ਵਿਚ ਦੁਨੀਆ ਦੇ ਰੰਗ ਦੀ ਨਹੀਂ
ਸਿੱਖ ਅੰਨ ਦੇ ਬਿਨਾਂ ਜੇ ਰਹੇ ਭੁੱਖਾ,
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ।"

ਇਉਂ ਬਾਬਾ ਖੁਸ਼ਹਾਲ ਸਿੰਘ ਨੂੰ ਆਪਣੇ ਪ੍ਰਸ਼ਨ ਦਾ ਉੱਤਰ ਮਿਲ ਗਿਆ ਕਿ ਸਤਿਗੁਰੂ ਦੇ ਪੰਥ ਵਿਚ ਇਕ ਜਾਂ ਦੋ ਨਹੀਂ ਅਨੇਕਾਂ ਬ੍ਰਹਮ ਗਿਆਨੀ ਸੰਤ ਹਨ। ਤੇ ਫਿਰ ਜਦੋਂ ਇਹੋ ਮਸਤਾਨੇ ਮਲੇਰਕੋਟਲੇ ਦੇ ਰੱਕੜ ਵਿਚ ਤੋਪਾਂ ਅੱਗੇ ਤੂੰਬਾ ਤੂੰਬਾ ਹੋ ਕੇ ਉੱਡ ਗਏ ਤਾਂ ਉਹਨਾਂ ਦਾ ਬ੍ਰਹਮ ਗਿਆਨ ਵਿਸ਼ਵ ਵਿਖਿਆਤ ਹੋ ਗਿਆ।

ਮਲੇਰਕੋਟਲੇ ਦੇ ਸਾਕੇ ਵਾਲੇ, ਮੇਲਾ ਮਾਘੀ ਸ੍ਰੀ ਭੈਣੀ ਸਾਹਿਬ ਵਿਖੇ ਜਨਵਰੀ ੧੮੭੨ ਈ. ਵਿਚ ਬਾਬਾ ਖੁਸ਼ਹਾਲ ਸਿੰਘ ਆਪਣੀ ਪੁੱਤਰੀ ਮਾਤਾ ਜੀਵਨ ਕੌਰ ਸਮੇਤ ਆਏ ਹੋਏ ਸਨ। ਇਥੋਂ ਆਪ ਨੂੰ ਸਤਿਗੁਰਾਂ ਦੀ ਜਲਾਵਤਨੀ ਬਾਦ ਬਾਕੀ ਸੰਗਤ ਜਿਉਂ ਹੀ ਪੁਲੀਸ ਹਿਰਾਸਤ ਵਿਚ ਲੈ ਕੇ ਥਾਣਿਉਂ ਥਾਣੀ ਉਹਨਾਂ ਦੇ ਪਿੰਡ ਭੇਜ ਦਿੱਤਾ ਗਿਆ ਸੀ। ਇਸੇ ਸਮੇਂ ਉਹਨਾਂ ਦੇ ਕੁਝ ਚਿਰ ਸਿਰਸਾ ਜਿਹਲ ਵਿਚ ਬੰਦ ਰਹਿਣ ਦਾ ਜ਼ਿਕਰ ਵੀ ਮਿਲਦਾ ਹੈ।

ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੇ ਪਿਤਾ ਬਾਬਾ ਜੱਸਾ ਸਿੰਘ, ਪ੍ਰਦੇਸ਼ ਗਮਨ ਤੋਂ ਦੋ ਕੁ ਸਾਲ ਬਾਅਦ ੧੮੭੪ ਈ. ਵਿਚ ਅਕਾਲ ਚਲਾਣਾ ਕਰ ਗਏ। ਉਸ ਸਮੇਂ ਬਾਬਾ ਖੁਸ਼ਹਾਲ ਸਿੰਘ ਜੀ ਦਾ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਪਾਸ ਆਉਣ ਅਤੇ ਗੁਰੂ ਹਰੀ ਸਿੰਘ ਜੀ ਦਾ ਖੁਸ਼ਹਾਲ ਸਿੰਘ ਨੂੰ ਇਹ ਦੱਸਣ ਦਾ ਪਰਸੰਗ ਵੀ ਬਾਹੋਵਾਲ ਜੀ ਲਿਖਦੇ ਹਨ ਕਿ ਗੁਰੂ ਹਰੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਸਨ "ਭਾਈ ਤੂੰ ਕਿਉਂ ਉਦਾਸ ਹੋਇਆ ਹੈ। ਮੈਂ ਤੇਰੇ ਪਾਸ ਹਾਂ ਗਿਆ ਨਹੀਂ ਹਾਂ। ਤੂੰ ਲੰਗਰ ਤੋਰ ਤੇ ਚਿੰਤਾ ਨਾ ਕਰ। ਉਸੀ ਵਕਤ ਥੀਂ ਸਾਡੀ ਸਭ ਚਿੰਤਾ ਦੂਰ ਹੋਈ।"[੫] ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੰਘਾਂ ਨੂੰ ਵੱਧ ਤੋਂ ਵੱਧ ਭਜਨ ਬਾਣੀ ਕਰਨ ਲਈ ਲਿਖਦੇ ਅਤੇ ਆਪਣੇ ਨਮਿੱਤ ਦਮਦਮੇ ਸਾਹਿਬ ਪਾਠ ਕਰਨ ਲਈ ਵੀ ਆਦੇਸ਼ ਭੇਜਦੇ ਸਨ। ਅਪ੍ਰੈਲ ੧੮੭੮ ਦੀ ਵੈਸਾਖੀ ਨੂੰ ਗੁਰੂ ਹਰੀ ਸਿੰਘ ਜੀ ਸਰਕਾਰ ਤੋਂ ਛੁੱਟੀ ਲੈ ਕੇ ਦਮਦਮੇ ਸਾਹਿਬ ਪੰਜ ਅਖੰਡ ਪਾਠ ਕਰਕੇ ਆਏ। ਇਸ ਮੌਕੇ ਆਪ ਨੂੰ ਬਾਬਾ ਖੁਸ਼ਹਾਲ ਸਿੰਘ ਪਹਿਲੀ ਵੇਰ ਆਪਣੇ ਪਿੰਡ ਥਰਾਜ ਲੈ ਕੇ ਗਿਆ। ਜਿਥੇ ਆਪ



Namdhari Elibrary NamdhariElibrary@gmail.com

ਮਾਈਸਰਖਾਨੇ ਵਿਚੋਂ ਦੀ ਹੁੰਦੇ ਗਏ। ਮਾਈਸਰਖਾਨੇ ਰਾਮ ਸਿੰਘ ਜ਼ਿਮੀਦਾਰ ਦੀ ਪੁੱਤਰੀ ਬੀਬੀ ਅਤਰੀ ਨੇ ਆਪਣਾ ਡੇਰਾ ਬਣਾਇਆ ਸੀ। ਇਹ ਬੀਬੀ ਪੜ੍ਹੀ ਲਿਖੀ ਵਿਦਵਾਨ ਤੇ ਯੁਵਾ ਅਵਸਥਾ ਵਿਚ ਸੀ। ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਦੇ ਰੋਗ ਗ੍ਰਸਤ ਹੋਣ ਕਾਰਨ ਅਤੇ ਗੁਰੂ-ਘਰ ਦੀ ਵੇਲ ਵਧਾਉਣ ਦੀ ਇੱਛਾ ਨਾਲ, ਸੂਬਾ ਗਿਆਨੀ ਰਤਨ ਸਿੰਘ ਨੇ ਬੀਬੀ ਅਤਰੀ ਦੀ ਛਾਪ ਸਤਿਗੁਰੂ ਜੀ ਦੀ ਉਂਗਲੀ ਵਿਚ ਬਿਨਾਂ ਹੁਕਮ ਤੋਂ ਪਾ ਦਿੱਤੀ ਕਿ ਇਹਨੂੰ ਪਤਨੀ ਦੇ ਤੌਰ ਤੇ ਪਰਵਾਨ ਕਰੋ। ਸਤਿਗੁਰੂ ਜੀ ਦਾ ਜੁਆਬ ਸੀ, "ਗਿਆਨੀ ਸਿੰਘ ਅਸੀਂ ਅੱਗੇ ਇਕ ਗਾਨਾ ਬੱਧਾ ਹੈ। ਵਾਰ ਵਾਰ ਨਹੀਂ ਬੰਨ੍ਹੀ ਦਾ। ਨਾਲੇ ਸਾਡੀ ਹੁਣ ਨਾ ਅਵਸਥਾ ਹੈ ਨਾ ਸਾਡੀ ਵਾਸ਼ਨਾ ਹੈ।" ਇਸੇ ਦੌਰਾਨ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਕਰਨ ਬਾਅਦ ਮਾਈ ਅਤਰੀ ਸਰਕਾਰ ਪਾਸੋਂ, ਸਤਿਗੁਰੂ ਜੀ ਪਾਸ ਜਾ ਕੇ ਰਹਿਣ ਦੀ ਆਗਿਆ ਮੰਗਦੀ ਰਹੀ ਕਿ ਮੇਰੇ ਪਤੀ ਹਨ। ਸਤਿਗੁਰੂ ਜੀ ਨੇ ਸਰਕਾਰ ਨੂੰ ਕਿਹਾ, "ਇਹ ਮੇਰੀ ਪਤਨੀ ਨਹੀਂ।" ਉਸਨੂੰ ਤੇ ਉਹਦੇ ਸਬੰਧੀਆਂ ਨੂੰ ਵੀ ਲਿਖਿਆ ਕਿ ਇਹ ਤਾਂ ਅੰਞਾਣੀ ਹੈ, ਤੁਸੀਂ ਸਿਆਣੇ ਬਣੋ। ਇਹਨੂੰ ਸਮਝਾਉ। ਖ਼ੈਰ ਸਤਿਗੁਰੂ ਜੀ ਨੇ ਉਹਨੂੰ ਕਦੇ ਵੀ ਬਤੌਰ ਪਤਨੀ ਪਰਵਾਨ ਨਾ ਕੀਤਾ। ਪਰ ਇਸ ਗੱਲ ਦੇ ਰਾਮ ਰੌਲੇ ਕਾਰਨ ਨਾਮਧਾਰੀ ਪੰਥ ਵਿਚ ਉਸਦੀ ਮਾਨਤਾ ਜ਼ਰੂਰ ਹੋਣ ਲੱਗ ਪਈ। ਉਹ ਦੌਰੇ ਵੀ ਕਰਦੀ ਸਾਰੇ ਪੰਜਾਬ ਵਿਚ। ਗੁਰਦੁਆਰਾ ਭੈਣੀ ਸਾਹਿਬ ਵੀ ਜਾਂਦੀ। ਉਥੋਂ ਦੀ ਪਰਬੰਧਕ ਵੀ ਰਹੀ ਤੇ ਕੂਕਿਆਂ ਦੀ ਇਕ ਸ਼ਕਤੀਸ਼ਾਲੀ ਸ਼ਖਸੀਅਤ, ਜਿਸ ਦੁਆਲੇ ਸੰਗਤ ਜੁੜ ਸੱਕਦੀ ਸੀ, ਸਮਝ ਕੇ ਅੰਗਰੇਜ਼ ਸਰਕਾਰ ਤੇ ਮਹਾਰਾਜਾ ਪਟਿਆਲਾ ਵੀ ਉਸ ਤੇ ਰੋਕਾ ਲਾਉਂਦੇ। ਉਹ ਬਹਾਦਰਗੜ੍ਹ ਕਿਲ੍ਹੇ ਵਿਚ ਕੈਦ ਵੀ ਰਹੀ। ਜਿਥੇ ਪੰਥਕ ਜਜ਼ਬੇ ਹੇਠ ਬਾਬਾ ਖੁਸ਼ਹਾਲ ਸਿੰਘ ਨੇ ਆਪਣੀਆਂ ਦੋਵੇਂ ਪੁੱਤਰੀਆਂ, ਮਾਤਾ ਜੀਵਨ ਕੌਰ ਤੇ ਮਾਤਾ ਫਤੇਹ ਕੌਰ ਨੂੰ ਉਸ ਦੀ ਦੇਖਭਾਲ ਲਈ ਭੇਜ ਦਿੱਤਾ ਸੀ। ਵੇਰਵਾ ਬਾਹੋਵਾਲ ਜੀ ਦੇ ਸ਼ਬਦਾਂ ਵਿਚ : "ਖਾਨੇਵਾਲੀ ਅਤਰ ਕੌਰ ਕੋ ਖਾਨੇ ਸੇ ਪਟਿਆਲੇ ਮੇਂ ਲੈ ਗਏ, ਨਜ਼ਰਬੰਦ ਰੱਖੀ। ਫੇਰ ਬਹਾਦਰਗੜ੍ਹ ਕੇ ਕਿਲੇ ਮੇਂ ਰੱਖੀ। ਗ੍ਰੰਥ ਸਾਹਿਬ ਜੀ ਕਾ ਪਾਠ ਕਰਨਾ। ਸਿੰਘ ਔਂਦੇ ਜਾਂਦੇ ਰਹੇ। ਜਦ ਹਾਕਮ ਨੇ ਪੁੱਛਣਾ ਤੂੰ ਕਿੱਥੇ ਰਹਿਣ ਮੇਂ ਰਾਜ਼ੀ ਹੈ ਆਖਣਾ ਕਿ ਮੈਂ ਭੈਣੀ ਸਾਹਿਬ ਰਹਾਂਗੀ, ਮੇਰਾ ਘਰ ਹੈ। ਬਹਾਦਰਗੜ੍ਹ ਤੀਨ ਬਰਸ ਰਹੀ। ਤਾਂ ਬਾਬਾ ਕੁਸ਼ਾਲ ਸਿੰਘ ਗਿਆ ਪਟਿਆਲੇ ਮੇਂ। ਨਾਲ ਮਾਈ ਜਿਊਣ ਕੌਰ ਮਾਈ ਫਤੇ ਕੌਰ ਹੈ। ਗੰਡਾ ਸਿੰਘ ਬਖਸ਼ੀ ਨੇ ਰਿਹਾਈ ਕਰਵਾਇ ਦਿੱਤੀ। ਕਹਾ ਕਿ ਜਹਾਂ ਤੁਮਾਰੀ ਰਜ਼ਾ ਹੈ ਤਹਾਂ ਰਹੋ। ਫੇਰ ਖਾਨੇ ਨੂੰ ਗਈ। ਸੱਤ ਦਿਨ ਰਹਿ ਕੇ ਫੇਰ ਰਾਮਦਾਸਪੁਰੇ (ਭੈਣੀ ਸਾਹਿਬ) ਸਾਹਿਬ ਮੇਂ ਆਈ। ਨਾਲ ਮਾਈ ਫਤੇ ਕੌਰ ਤੇ ਜਿਊਣ ਕੌਰ। ਕੋਈ ਕੁ ਦਿਨ ਰਹਿ ਕੇ ਮੁੜ ਗਈਆਂ ਬਰਾਜ ਨੂੰ।

"ਕੋਈ ਕੁ ਦਿਨ ਠਹਿਰ ਕੇ ਖਾਨੇ ਵਾਲੀ ਨੇ ਅਰਜੀ ਦਿੱਤੀ ਫਰੰਗੀ ਕੋ ਕਿ ਮੇਰੀ ਸੇਵਾ ਵਾਸਤੇ ਜਿਊਣ ਕੌਰ ਤੇ ਫਤੇ ਕੌਰ ਚਾਹੀਦੇ। ਫਰੰਗੀ ਨੇ ਕਹਾ ਕਿ ਹੋਰ ਜਨਾਨੇ ਬਹੁਤ ਹੈਂ। ਗੁਰਦੇਈ ਹੈ ਉਸਸੇ ਕਰਵਾਇ ਲਵੋ ਸੇਵਾ। ਖਾਨੇਵਾਲੀ ਨੇ ਕਹਾ ਕਿ ਹੋਰ ਕੋ ਮੇਰੀ ਟਹਲ ਕਰਨੇ ਕੀ ਕੁਝ ਖਵਰ ਨਹੀਂ ਹੈ। ਓਹ ਮੇਰੀ ਟੈਹਲ ਨੂੰ ਜਾਣਦੀਆਂ ਹੈ, ਅੱਗੇ ਮੇਰੀ ਸੇਵਾ ਕਰਦੀਆਂ ਰਹੀਆਂ। ਫਰੰਗੀ ਨੇ ਹੁਕਮ ਦੀਆ ਕਿ ਮੰਗਵਾ ਲਵੋ। ਤਾਂ ਮਾਈ ਜਿਊਣ ਕੌਰ ਆਈ। ਰਾਮਦਾਸਪੁਰੇ ਸਾਹਿਬ ਖਾਨੇਵਾਲੀ ਕੀ ਟੈਹਲ ਸੇਵਾ ਮੇਂ ਹਾਜ਼ਰ ਹੋਈ। ਪਹਿਲੇ ਤਾਂ ਏਕ ਬੁਰਜ ਸੀ ਤਿਸ ਮੇਂ ਰਹਿਣ ਲੱਗੀਆਂ। ਫੇਰ ਮੰਦਰ ਬਣਾਇਆ, ਉਪਰ ਚੁਬਾਰਾ।...ਗੁਰੂ ਹਰੀ ਸਿੰਘ ਜੀ ਕਾ ਤੇ ਮਾਈ ਜਿਊਣ ਕੌਰ ਕਾ ਅਰਦਾਸਾ ਕਰ ਦੀਆ। ਮਹਾਰਾਜ ਪਰਤਾਪ ਸਿੰਘ ਜੀ ਆਇ ਨਿਵਾਸ ਲੀਆ, ਦਸ ਮਹੀਨੇ ਪਾਛੇ ਪ੍ਰਕਾਸ਼ ਕੀਤਾ।"੭

ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਕਾਸ਼ ਤੋਂ ਕੋਈ ਸਾਢੇ ਨੌਂ ਸਾਲ ਬਾਅਦ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀਆਂ ਕੁੰਜੀਆਂ ਮਾਤਾ ਜਿਊਣ ਕੌਰ ਪਾਸ ਆਈਆਂ। ਬਾਹੋਵਾਲ ਜੀ ਲਿਖਦੇ ਹਨ—"ਸਰਬ ਖਾਲਸਾ ਸੁਣ ਕੇ ਖੁਸ਼ੀ ਹੋਇਆ ਕਿ ਮਾਲਕਾਂ ਕੋਲ ਕੁੰਜੀਆਂ ਆਈਆਂ ਹੈਂ, ਸਰਬ ਕੀ ਖਬਰ ਰੱਖਣਗੇ। ਬਾਬਾ ਕੁਸ਼ਾਲ ਸਿੰਘ ਕੇ ਘਰ ਕੁਝ ਪਰਵਾਹ ਨਹੀਂ ਸੀ। ਓਥੇ ਦੀਆਂ ਕੁੰਜੀਆਂ ਭੀ ਵੱਡੇ ਮਾਈ ਜੀ ਦੇ ਅਖਤਿਆਰ ਸੀਆਂ, ਭਾਮੇਂ ਕਿਸੇ ਬਰਤਨ ਕਦੀ ਨਾ ਸੀ ਕਿਸੇ ਪੁੱਛਿਆ। ਦੁੱਧ ਭੀ ਘਰ ਮੇਂ ਹਮੇਸ਼ਾਂ ਰਹਿੰਦਾ। ਸਰਬ ਪਦਾਰਥ ਘਰ ਮੇਂ ਸੀ। ਕਿਸੀ ਬਾਤ ਕੀ ਕਮਤੀ ਨਾ ਸੀ ਮਾਪਿਆਂ ਦੋ ਦੋਮੇਂ ਭੈਣਾਂ ਪਿਆਰੀਆਂ ਸੀ। ਰੁਪਯੇ ਰੱਖਣ ਦੇਣ ਲੈਣ, ਬਾਬੇ ਜੀ ਕਦੇ ਨਾ ਸੀ ਲੇਖਾ ਪੁੱਛਿਆ। ਮਾਈ ਭਾਗਭਰੀ ਬਡੇ ਭਾਗਾਂ ਵਾਲੀ ਹੈ ਜਿਸ ਕੀ ਧੀ ਕਾ ਸੰਬੰਧ ਪ੍ਰਮੇਸ਼ਰ ਨਾਲ ਹੋਇਆ ਹੈ। ਭਾਈ ਕਾ ਨਾਮ ਚੂਹੜ ਸਿੰਘ ਹੈ। ਸੋ ਭੀ ਬੜੇ ਸੰਤ ਰੂਪ ਹੈਂ। ਮਾਈ ਜਿਊਣ ਕੌਰ ਕਾ ਮਾਮਾ ਬੜਾ ਦਲੇਰ ਸੀ। ਜੇਕਰ ਪਾਠ ਕਰਾਉਣਾ ਜੋੜਾ ਪਾਠੀ ਰੋਜ ਸੇਰ ਘਿਓ ਛਕੇ ਓਸ ਥੀ ਪਾਠ ਕਰਾਉਣਾ।"੮

ਸੋ ਸੰਤਾਨ ਦੇ ਤੌਰ ਤੇ ਬਾਬਾ ਖੁਸ਼ਹਾਲ ਸਿੰਘ ਹੋਰਾਂ ਦੀਆਂ ਦੋ ਪੁੱਤਰੀਆਂ ਅਤੇ ਇਕੋ ਪੁੱਤਰ ਸੀ ਜੋ ਮਾਤਾ ਜਿਊਣ ਕੌਰ



Namdhari Elibrary NamdhariElibrary@gmail.com

ਤੋਂ ਉਮਰ ਵਿਚ ੪-੫ ਸਾਲ ਵੱਡਾ ਸੀ। ਇਸ ਚੂਹੜ ਸਿੰਘ ਦਾ ਅੱਗੋਂ ਇਕ ਪੁੱਤਰ ਸ. ਦਿਆਲ ਸਿੰਘ ਸੀ, ਜੋ ਹਿਸਾਰ ਡਿਸਟ੍ਰਿਕਟ ਬੋਰਡ ਦਾ ਮੈਂਬਰ ਰਿਹਾ ਸੀ। ਆਪਣੇ ਮਾਮਾ ਜੀ ਦੇ ਪੁੱਤਰ ਦਿਆਲ ਸਿੰਘ ਹੋਰਾਂ ਦੀ ਅਮਰਾਸਰ ਦੇ ਜਿਉਰੂਦੀਨ ਪਠਾਣ ਨਾਲ ਪਗਵੱਟ ਭਾਈਬੰਦੀ, ਮੁਸਲਿਮ ਵੱਸੋਂ ਵਾਲੇ ਖੇਤਰ ਵਿਚ, ਸ੍ਰੀ ਜੀਵਨ ਨਗਰ ਦੀ ਸਥਾਪਨਾ ਦੇ ਮੁੱਢਲੇ ਦੌਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੜੇ ਕੰਮ ਆਈ ਸੀ। ਸ. ਦਿਆਲ ਸਿੰਘ ਹੋਰਾਂ ਦੇ ਅੱਗੋਂ ਤਿੰਨ ਪੁੱਤਰ ਸਨ ਵੱਡਾ ਸ. ਚੰਨਣ ਸਿੰਘ ਜਿਸਦਾ ਜੀਵਨ ਨਗਰ ਦੀ ਜ਼ਮੀਨ ਖਰੀਦ ਵਿਚ ਤੇ ਸਥਾਪਨਾ ਵਿਚ ਚੋਖਾ ਯੋਗਦਾਨ ਸੀ। ਵਿਚਕਾਰਲਾ ਨਿਰੰਜਨ ਸਿੰਘ ਤੇ ਸਭ ਤੋਂ ਛੋਟੇ ਸ. ਸੋਹਣ ਸਿੰਘ ਹੀ ਉਹਨਾਂ ਦੇ ਇਕ ਮਾਤਰ ਜੀਵਤ ਸਪੁੱਤਰ ਹਨ ਜੋ ਜੀਵਨ ਨਗਰ ਵਿਚ ਨਿਵਾਸ ਰੱਖਦੇ ਹਨ। ਪਰਿਵਾਰ ਨਿਰੰਜਨ ਸਿੰਘ ਹੋਰਾਂ ਦਾ ਥਰਾਜ ਪਿੰਡ ਵਿਚ ਰਹਿੰਦਾ ਹੈ।

ਮਾਤਾ ਜਿਊਣ ਕੌਰ, ਜਦੋਂ ਮਾਈ ਅਤਰੀ ਦੇ ਨਾਲ ਬਹਾਦਰਗੜ੍ਹ ਉਸ ਦੀ ਸੇਵਾ ਵਿਚ ਗਈ ਸੀ ਤਾਂ ਪਟਿਆਲਾ ਸਰਕਾਰ ਨੇ ਮਾਤਾ ਜਿਊਣ ਕੌਰ ਨੂੰ ਥਾਣਿਉਂ ਥਾਣੀ, ਅੰਬਾਲਾ ਲੁਧਿਆਣਾ ਫਿਰ ਫੀਰੋਜ਼ਪੁਰ ਪੁਚਾਇਆ। ਮਾਈ ਜੀ ਨੂੰ ਉਦੋਂ ਬੁਖਾਰ ਚੜ੍ਹਦਾ ਸੀ। ਫੀਰੋਜ਼ਪੁਰ ਬਾਬਾ ਖੁਸ਼ਹਾਲ ਸਿੰਘ ਉਹਨਾਂ ਨੂੰ ਲੈਣ ਪੁੱਜੇ ਸਨ। ਆਪਣੀ ਪੁੱਤਰੀ ਦੀ ਇਹ ਹਾਲਤ ਵੇਖ ਕੇ ਉਹ ਵੈਰਾਗੀ ਹੋ ਗਏ ਤਾਂ ਮਾਤਾ ਜੀ ਨੇ ਢਾਰਸ ਬੰਨ੍ਹਾਉਂਦਿਆਂ ਕਿਹਾ ਸੀ–"ਵਾਹ ਬਾਬਾ ਜੀ! ਏਹੋ ਜੇਹੇ ਕੰਮਾਂ ਵਿਚ ਰੋਈਦਾ ਹੈ।"[੯] ਦੇਸ਼ ਆਜ਼ਾਦੀ ਲਈ ਕੂਕਿਆਂ ਨੇ ਜੋ ਜੱਫਰ ਜਾਲੇ ਹਨ, ਉਸ ਵਿਚ ਪਤਾ ਨਹੀਂ ਕਿੰਨੇ ਮਾਪਿਆਂ ਨੂੰ, ਆਪਣੇ ਬੱਚਿਆਂ ਦੀ ਤਕਦੀਰ ਤੇ ਅੱਥਰੂ ਵਹਾਉਣੇ ਪਏ।

ਸੰਨ ੧੮੭੯ ਈ. ਤੋਂ ਪਹਿਲਾਂ ਬਾਬਾ ਖੁਸ਼ਹਾਲ ਸਿੰਘ ਸ੍ਰੀ ਸਤਿਗੁਰੂ ਜੀ ਦਾ ਨਜ਼ਰਬੰਦੀ ਦੌਰਾਨ, ਰੰਗੂਨ ਵੀ ਦਰਸ਼ਨ ਕਰਕੇ ਆਇਆ। ਸ੍ਰੀ ਸਤਿਗੁਰੂ ਜੀ ਇਕ ਹੁਕਮਨਾਮੇ ਵਿਚ ਜੋ ਪੁਲੀਸ ਕਪਤਾਨ ਵਾਰਬਰਟਨ ਜ਼ਿਲ੍ਹਾ ਲੁਧਿਆਣਾ ਨੂੰ ਮੁਖਬਰ ਈਸ਼ਰ ਸਿੰਘ ਤੋਂ ਭੈਣੀ ਸਾਹਿਬੋਂ ਮਿਲੇ ਸਨ; ਬਾਬੇ ਖੁਸ਼ਹਾਲ ਸਿੰਘ ਬਾਰੇ ਇਉਂ ਲਿਖਦੇ ਹਨ :

"ਭਾਈ ਖੁਸ਼ਹਾਲ ਸਿੰਘ ਤੁਸੀਂ ਸਰਬ ਉਪਮਾ ਜੋਗ ਹੋ। ਗੁਰੂ ਨੇ ਤੁਹਾਨੂੰ ਸੱਚੇ ਮਾਰਗ ਦੀ ਸੋਝੀ ਕਰਾਈ ਹੈ।"[੧੦]

ਮਾਰਚ ੧੮੮੧ ਈ. ਵਿਚ ਭੈਣੀ ਸਾਹਿਬ ਦੇ ਨੇੜੇ ਇਕ ਢੱਕ ਜੰਗਲ ਵਿਚ ਮਾਈ ਅਤਰ ਕੌਰ ਖਾਨੇਵਾਲੀ ਨਾਲ, ਜਿਹੜੇ ਹੋਰ ੩੮ ਕੂਕੇ ਸਿੰਘ ਸਿੰਘਣੀਆਂ ਮੁਖਬਰ ਦੀ ਇਤਲਾਹ ਤੇ ਪੁਲੀਸ ਕਪਤਾਨ ਵਾਰਬਰਟਨ ਨੇ ਗ੍ਰਿਫਤਾਰ ਕੀਤੇ ਸਨ (ਕਿਉਂ ਜੁ ੫ ਤੋਂ ਵੱਧ ਨਾਮਧਾਰੀ ਕਿਤੇ ਵੀ ਇਕੱਠੇ ਹੋਣ ਤਾਂ ਕਾਨੂੰਨ ਸ਼ਿਕਨੀ ਤਹਿਤ ਸਜ਼ਾ ਦਿੱਤੀ ਜਾਂਦੀ ਸੀ) ਉਸ ਵਿਚ ਬਾਬਾ ਖੁਸ਼ਹਾਲ ਸਿੰਘ ਵੀ ਸ਼ਾਮਲ ਸਨ। ਉਹ ਅਕਸਰ ਹੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਲਈ ਚੋਰੀ ਛਿਪੇ ਵੀ ਤੇ ਸ਼ਾਹਦੀ ਵੀ ਆਉਂਦੇ ਰਹਿੰਦੇ ਸਨ। ਇਕ "ਏ. ਐਸ." ਨਾਮ ਦੇ ਸਰਕਾਰੀ ਸੂਹੀਏ ਦਾ, ਬਾਬਾ ਖੁਸ਼ਾਹਲ ਸਿੰਘ ਨੂੰ ਵਰਗਲਾ ਕੇ, ਰੂਸ-ਕੂਕਾ ਸਬੰਧਾਂ ਬਾਰੇ, ਗੁਰੂ ਹਰੀ ਸਿੰਘ ਜੀ ਤੋਂ, ਕੁਝ ਜ਼ਰੂਰੀ ਜਾਣਕਾਰੀਆਂ ਲੈਣ ਦਾ ਵੇਰਵਾ ਵੀ ਸਰਕਾਰੀ ਰੀਕਾਰਡ ਵਿਚ ਮਿਲਦਾ ਹੈ।[੧੧]

ਇਉਂ ਅਸੀਂ ਵੇਖਦੇ ਹਾਂ ਕਿ ੧੮੬੮ ਈ. ਵਿਚ ਕੂਕਾ ਬਨਣ ਤੋਂ ਲੈ ਕੇ, ੧੮੯੦ ਈ. ਨੂੰ ਆਪਣੇ ਦੇਹਾਂਤ ਤਕ ਸੂਬਾ ਖੁਸ਼ਹਾਲ ਸਿੰਘ ਜੀ ਕੂਕਾ-ਕਾਜ਼ ਨੂੰ ਬੜੀ ਸਰਗਰਮੀ ਨਾਲ ਸਮਰਪਿਤ ਰਿਹੇ। ਹਰਿਆਣਾ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹਨਾਂ ਦੇ ਪਿੰਡ ਥਰਾਜ (ਸਿਰਸਾ) ਵਿਖੇ ਇਸ ਮਹਾਨ ਸੁਤੰਤਰਤਾ ਸੰਗਰਾਮੀ ਦੀ ਢੁੱਕਵੀਂ ਯਾਦਗਾਰ ਉਸਾਰੇ।

ਫੁੱਟ ਨੋਟ :-

੧. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸ. ਜਸਵਿੰਦਰ ਸਿੰਘ)–੧੯੮੧ ਈ. ਸਫਾ ੬–੭
੨. ਕੂਕਾ ਮੂਵਮੈਂਟ–ਡਾ. ਫੌਜਾ ਸਿੰਘ ਬਾਜਵਾ–ਸਫਾ ੩੩–੩੪
੩. ਸਤਿਜੁਗ ਦਾ ਬਸੰਤ ਅੰਕ, ਸ੍ਰੀ ਭੈਣੀ ਸਾਹਿਬ, ੧੨ ਮਾਘ ੧੯੯੫ ਬਿਕਰਮੀ–ਸਫਾ ੬੭–੬੯
੪. ਸਤਿਗੁਰੂ ਬਿਲਾਸ, ਭਾਗ ਪਹਿਲਾ–ਸੰਤੋਖ ਸਿੰਘ ਬਾਹੋਵਾਲ–ਸਫਾ ੩੮੬
੫. ਉਪਰੋਕਤ–ਸਫਾ ੩੯੧–੯੨
੬. ਸਤਿਗੁਰੂ ਬਿਲਾਸ, ਭਾਗ ਦੂਜਾ, ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੪੦–੪੧
੭. ਉਪਰੋਕਤ, ਸਫਾ ੧੭੧-੧੭੨
੮. ਉਪਰੋਕਤ, ਸਫਾ ੨੨੧-੨੨੨
੯. ਉਪਰੋਕਤ, ਸਫਾ–੩੬੬
੧੦. ਕੂਕਾ ਮੂਵਮੈਂਟ (ਸ. ਜਸਵਿੰਦਰ ਸਿੰਘ)–ਸਫਾ ੪੪
੧੧. ਕੂਕਾ ਮੂਵਮੈਂਟ–ਡਾ. ਫੌਜਾ ਸਿੰਘ ਬਾਜਵਾ–ਸਫਾ ੧੬੯

*ਪਿੰਡ ਤੇ ਡਾਕ-ਕਰੀਵਾਲਾ*
*ਜ਼ਿਲ੍ਹਾ-ਸਿਰਸਾ (ਹਰਿਆਣਾ)*
*ਫੋਨ ੦੧੬੬੮-੨੭੪੫੬੨*
*ਮੋ- ੦੯੯੯੬੩-੭੧੭੧੬*

੩-੧੧-੨੦੦੯



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

**OPP. : INDUSTRIAL ESTATE,**

**JAMMU CANTT.**



Namdhari Elibrary NamdhariElibrary@gmail.com

# ਮਲੇਛ ਭਾਖਾ ਦੇ ਹਮਲੇ ਵਿਰੁਧ ਸਤਿਗੁਰੂ ਸਾਹਿਬਾਨ ਦਾ ਸੰਘਰਸ਼

—ਅਮਰ ਭਾਰਤੀ

*ਨਵੰਬਰ ਦਾ ਮਹੀਨਾ, ਪੰਜਾਬ ਸਰਕਾਰ ਵੱਲੋਂ ਪੰਜਾਬੀ ਮਾਹ ਵੱਲੋਂ ਮਨਾਇਆ ਜਾ ਰਿਹਾ ਹੈ। ਸਮਾਗਮਾਂ ਤੋਂ ਇਲਾਵਾ ਪੰਜਾਬ ਵਿੱਚ ਪੰਜਾਬੀ ਦੀ ਸਥਿਤੀ ਬਾਰੇ ਅਖ਼ਬਾਰਾਂ ਵਿਚ ਭਰਵੀਂ ਚਰਚਾ ਹੋ ਰਹੀ ਹੈ। ਸਵਰਗੀ ਅਮਰ ਭਾਰਤੀ ਜੀ ਨੇ ਭਾਸ਼ਾ ਸਮੱਸਿਆ/ਸਥਿਤੀ ਬਾਰੇ ਬਹੁਤ ਮੁਲਵਾਨ ਲੇਖ ਲਿਖੇ ਸਨ। ਇਸ ਮੌਕੇ ਤੇ ਪਾਠਕਾਂ ਦੀ ਦਿਲਚਸਪੀ ਵਾਸਤੇ ਵਰਿਆਮ ਵਿਚ ਉਹਨਾਂ ਦਾ ਇਕ ਪੁਰਾਣਾ ਲਿਖਿਆ ਲੇਖ ਅਸੀਂ ਮੁੜ ਪ੍ਰਕਾਸ਼ਤ ਕਰ ਰਹੇ ਹਾਂ। —ਸੰਪਾਦਕ ਵਰਿਆਮ*

ਬੰਗਲਾ ਦੇਸ਼ ਦੀ ਆਜ਼ਾਦੀ ਦੀ ਲੜਾਈ ਨੇ ਇਕ ਇਤਿਹਾਸਕ ਨਿਰਨਾ ਦਿੱਤਾ ਕਿ ਬੰਗਲਾ ਦੇਸ਼ ਦੇ ਸਾਢੇ ਛੇ ਕਰੋੜ ਬੰਗਾਲੀ ਮੁਸਲਮਾਨ ਕਾਬਲੋਂ ਧਾਈ ਕਰ ਕੇ ਆਈ। ਬਾਬਰ ਦੀ ਪਾਪ ਦੀ ਜੰਞ ਵਿਚ ਸ਼ਾਮਲ ਨਹੀਂ ਸਨ।

ਬਚੇ ਖੁਚੇ ਪਾਕਿਸਤਾਨ ਵਿਚ ਰਹਿ ਗਏ ਚਾਰ ਪੰਜ ਕਰੋੜ ਮੁਸਲਮਾਨਾਂ ਬਾਰੇ ਵੀ ਅੱਜ ਇਹੋ ਗੱਲ ਸਪੱਸ਼ਟ ਹੋ ਰਹੀ ਹੈ ਅਤੇ ਭਾਰਤ ਵਿਚ ਰਹਿ ਰਹੇ ਛੇ-ਸੱਤ ਕਰੋੜ ਮੁਸਲਮਾਨਾਂ ਬਾਰੇ ਵੀ।

ਜਿਹੜੇ ਮੁਸਲਮਾਨ ਹਮਲਾਵਰ ਦੇ ਰੂਪ ਵਿਚ ਭਾਰਤ ਆਏ ਸਨ, ਭਾਰਤ ਨੇ ਉਨ੍ਹਾਂ ਦੇ ਖਿਲਾਫ ਲੰਮੀ ਤੇ ਅਣਥੱਕ ਲੜਾਈ ਲੜੀ ਹੈ। ਦੇਸ਼ ਦੇ ਹਰ ਹਿੱਸੇ ਵਿਚ ਹਮਲਾਵਰ ਦੇ ਖਿਲਾਫ ਲੜਾਈ ਚਲਦੀ ਰਹੀ ਹੈ ਅਤੇ ਪੰਜਾਬ ਵਿਚ ਇਸ ਲੜਾਈ ਦੀ ਅਗਵਾਈ ਇਕ ਲੰਮੇਂ ਸਮੇਂ ਤਕ ਗੁਰੂ ਨਾਨਕ ਪਰੰਪਰਾ ਦੇ ਸਤਿਗੁਰੂ ਸਾਹਿਬਾਨ ਹੱਥ ਰਹੀ ਹੈ।

## ਸੰਸਕ੍ਰਿਤੀ ਦੀ ਰਖਿਆ

ਸਤਿਗੁਰੂ ਦਾ ਕਰਮ ਖੇਤਰ ਆਮ ਤੌਰ ਤੇ ਅਧਿਆਤਮਕ ਹੀ ਮੰਨਿਆ ਜਾਂਦਾ ਹੈ, ਪਰ ਅਧਿਆਤਮਕ ਖੇਤਰ ਦੀ ਆਜ਼ਾਦੀ ਉਨਤੀ ਤੇ ਸੁਰੱਖਿਆ ਦਾ ਨਿਰਭਰ ਸੰਸਕ੍ਰਿਤੀ ਉਪਰ ਅਤੇ ਸੰਸਕ੍ਰਿਤੀ ਦਾ ਬਹੁਤਾ ਸੰਬੰਧ ਬੋਲੀ ਤੇ ਸਾਹਿਤ ਨਾਲ ਹੈ।

ਸੋ ਅਧਿਆਤਮ ਦੀ ਆਜ਼ਾਦੀ ਅਤੇ ਉੱਨਤੀ ਉਸ ਨਾਲ ਸੰਬੰਧਤ ਸੰਸਕ੍ਰਿਤੀ ਦੀ ਸੁਰੱਖਿਆ ਨਾਲ ਜੁੜੀ ਹੋਣ ਕਰ ਕੇ ਸਤਿਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਨਾਮ ਜਪਣ ਤੱਕ ਹੀ ਸੀਮਤ ਨਾ ਰੱਖ ਕੇ ਬੋਲੀ ਤੇ ਸਾਹਿਤ ਰਾਹੀਂ ਵਿਚਾਰਾਂ ਦੇ ਟਕਰਾ ਵਿਚ ਲਿਆ ਖਲਿਆਰਿਆ ਸੀ।

## ਸਤਿਗੁਰੂ ਨਾਨਕ ਦੀ ਚੋਣ

ਸਤਿਗੁਰੂ ਨਾਨਕ ਦੇਵ ਜੀ ਤੋਂ ਹੀ ਲਈਏ ਤਾਂ ਬੋਲੀ ਅਤੇ ਸਾਹਿਤਕ ਵਿਚਾਰ-ਪਰੰਪਰਾ ਬਾਰੇ ਆਪ ਦੀ ਚੋਣ ਸਾਨੂੰ ਉਸ ਦਿਸ਼ਾ ਬਾਰੇ ਸੰਕੇਤ ਕਰਦੀ ਹੈ ਜਿਸ ਦਿਸ਼ਾ ਵਿਚ ਆਪ ਨੇ ਆਪਣੀ ਸਾਰੀ ਘਾਲਣਾ ਨੂੰ ਲਗਾਇਆ ਸੀ। ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਆਰੰਭ :

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"

ਤੋਂ ਹੁੰਦਾ ਹੈ। ਇਸ ਵਿਚ ਆਪ ਨੇ ਵਿਚਾਰ ਪਰੰਪਰਾ ਉਪਨਿਸ਼ਦ ਦੀ ਅਦਵੈਤ ਧਾਰਾ ਵਾਲੀ ਅਪਣਾਈ ਅਤੇ ਬੋਲੀ ਸੰਸਕ੍ਰਿਤ ਰਲੀ ਪੰਜਾਬੀ। ਸਾਹਿਤਕ ਆਖਿਆਨ ਤੇ ਪ੍ਰਤੀਕ ਆਪ ਨੇ ਆਪਣੀ ਸਾਰੀ ਬਾਣੀ ਵਿਚ ਹੀ ਪੌਰਾਣਕ ਰੱਖੇ।

ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੀ ਬਾਣੀ ਵਿਚ ਸਾਨੂੰ ਵਿਚਾਰ ਪਰੰਪਰਾ ਬੋਲੀ ਤੇ ਸਾਹਿਤ ਦਾ ਇਹੋ ਸਿਲਸਿਲਾ ਮਿਲਦਾ ਹੈ। ਸੱਤਾਂ ਗੁਰੂ ਸਾਹਿਬਾਂ ਨੇ ਬਾਣੀ ਦੀ ਰਚਨਾ ਕੀਤੀ ਤੇ ਸਭਨਾਂ ਦੀ ਹੀ ਮੁੱਖ ਬਾਣੀ ਸੰਸਕ੍ਰਿਤ ਪਰੰਪਰਾ ਨਾਲ ਸੰਬੰਧਤ ਬੋਲੀਆਂ ਵਿਚ ਹੀ ਰੱਖੀ ਗਈ। ਉਰਦੂ ਫਾਰਸੀ ਜਾਂ ਅਰਬੀ ਬੋਲੀ ਦੀ ਵਰਤੋਂ ਆਪ ਨੇ ਵਿਸ਼ੇਸ਼ ਸਮਿਆਂ ਤੇ ਅਤੇ ਵਿਸ਼ੇਸ਼ ਸੰਦਰਭ ਵਿਚ ਹੀ ਕੀਤੀ। ਉਹ ਵੀ ਘਟ ਤੋਂ ਘਟ। ਉਰਦੂ ਫਾਰਸੀ ਜਾਂ ਅਰਬੀ ਨਾਲ ਸੰਬੰਧਤ ਵਿਚਾਰ ਪਰੰਪਰਾ ਦੀ ਚਰਚਾ ਬਾਰੇ ਵੀ ਇਹੋ ਹੀ ਗੱਲ ਰਹੀ।

## ਮਲੇਛਾਚਾਰ ਦੇ ਪ੍ਰਤੀਕ

ਇਸ ਦਾ ਕਾਰਣ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਹੀ ਸਪਸ਼ਟ ਹੋਣਾ ਸ਼ੁਰੂ ਹੋ ਜਾਂਦਾ ਹੈ। ਆਪ ਨੇ ਆਪਣੇ ਸਮੇਂ ਦੀ ਚਰਚਾ ਤਿੰਨ ਪ੍ਰਤੀਕ ਰੂਪਾਂ ਵਿਚ ਕੀਤਾ ਹੈ-

(੧) "...ਕਲਿਜੁਗ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ..."

(੨)...ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ। ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ..." ਅਤੇ

(੩) ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ।" ਵਿਚਾਰ ਤੱਤ, ਆਗੂ ਤੇ ਭਾਖਾ ਤਿੰਨਾਂ ਬਾਰੇ ਹੀ



Namdhari Elibrary NamdhariElibrary@gmail.com

ਆਪ ਦਾ ਨਿਰਣਾ ਨਾਂਹ ਧਰਮੀ ਹੈ—ਹਾਂ, ਧਰਮੀ ਨਹੀਂ।

"...ਧੋਤੀ ਟਿਕਾ ਤੈ ਜਪ ਮਾਲੀ ਧਾਨੁ ਮਲੇਛਾਂ ਖਾਈ। ਅੰਤਰਿ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ।"...ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ। ਮਲੇਛ ਧਾਨੁ ਲੇ ਪੂਜਹਿ ਪੁਰਾਣੁ।"

ਮਲੇਛ ਸ਼ਬਦ ਦੀ ਜਿੱਥੇ ਅਤੇ ਜਿਸ ਸੰਦਰਭ ਵਿਚ ਵੀ ਵਰਤੋਂ ਹੋਈ ਹੈ, ਉਹ ਉਸ ਦੇ ਪ੍ਰਤੀ ਨਿੰਦਿਆ ਸੂਚਕ ਭਾਵਨਾ ਨੂੰ ਜ਼ਾਹਿਰ ਕਰਨ ਲਈ ਹੀ ਕੀਤੀ ਗਈ ਤੇ ਇਹ ਮੁਖ ਰੂਪ ਵਿਚ ਹਮਲਾਵਰਾਂ ਬਾਰੇ ਸੀ। ਉਸ ਵੇਲੇ ਦੇ ਜਿਹੜੇ ਵੀ ਹਮਲਾਵਰ ਸਨ ਤੇ ਜਿਨ੍ਹਾਂ ਨੇ ਹਿੰਦੁਸਤਾਨ ਉਤੇ ਆਪਣੀ ਹਕੂਮਤ ਕਾਇਮ ਕੀਤੀ ਸੀ, ਉਨ੍ਹਾਂ ਨੂੰ ਗੁਰੂ ਸਾਹਿਬ ਨੇ ਮਲੇਛ ਕਿਹਾ, ਉਨ੍ਹਾਂ ਦੀ ਬੋਲੀ ਨੂੰ ਮਲੇਛ ਭਾਖਿਆ ਕਿਹਾ, ਅਤੇ ਉਨ੍ਹਾਂ ਦੇ ਧਨ ਨੂੰ 'ਮਲੇਛ ਧਾਨ' ਦਾ ਨਾਮ ਦਿੱਤਾ। ਉਨ੍ਹਾਂ ਦੇ ਪਹਿਨਣ ਵਾਲੇ ਕਪੜਿਆਂ ਦਾ ਰੰਗ ਨੀਲਾ ਦੱਸਿਆ ਅਤੇ ਨੀਲੇ ਕਾਲੇ ਰੰਗ ਨੂੰ ਮਲੇਛ ਦਾ ਪਰਯਾਯਵਾਚੀ ਜਾਂ ਪ੍ਰਤੀਕ ਰੂਪ ਵਿਚ ਪੇਸ਼ ਕੀਤਾ।

ਆਪ ਨੇ ਉਸ ਸਮੇਂ ਦੇ ਰੀਤੀ ਰਿਵਾਜਾਂ ਨੂੰ ਉਸ ਅਥਰਵ ਵੇਦ ਨਾਲ ਤੁਲਣਾ ਦਿੱਤੀ ਜਿਹੜਾ ਤੰਤਰਾਂ ਮੰਤਰਾਂ ਜਾਦੂ ਟੂਣਿਆਂ ਨਾਲ ਭਰਿਆ ਹੋਇਆ ਹੈ ਅਤੇ ਜਿਸ ਦਾ ਤੱਤ ਰੂਪ ਵਿਚ ਵਰਣ ਕਾਲਾ ਪੀਠੇ ਹੋਏ ਸੁਰਮੇ ਵਰਗਾ ਹੈ। ਆਪ ਨੇ ਚੌਹ ਵੇਦਾਂ ਨੂੰ ਚੌਹ ਜੁਗਾਂ ਵਿਚ ਵੰਡਿਆ ਹੈ ਤੇ ਹਰ ਵੇਦ ਦਾ ਵੱਖਰਾ ਵੱਖਰਾ ਵਰਣ ਜਾਂ ਰੰਗ ਦੱਸਿਆ ਹੈ। ਸਤਿਜੁਗ ਦੇ ਵੇਦ ਦਾ ਰੰਗ ਚਿੱਟਾ, ਤ੍ਰੇਤੇ ਦਾ ਪੀਲਾ, ਦਵਾਪਰ ਦਾ ਲਾਲ ਅਤੇ ਕਲਿਜੁਗ ਦਾ ਕਾਲਾ—"ਥੱਗਾ ਰਤਾ ਪੀਅਲਾ ਕਾਲਾ ਬੇਦੀ ਕਰੀ ਪੁਕਾਰ।" —ਵਾਰ ਮਾਝ ਮਹਲਾ ੧

ਅਤੇ ਭਾਰਤ ਵਿਚ ਹਮਲਾਵਰ ਮਲੇਛਾਂ ਦੇ ਰਾਜ ਪਸਾਰੇ ਦੇ ਅਸਰ ਦੀ ਚਰਚਾ ਕਰਦਿਆਂ ਹੋਇਆਂ, ਸਤਿਗੁਰੂ ਨਾਨਕ ਨੇ ਆਖਿਆ :

ਆਦਿ ਪੁਰਖੁ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ।
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ।
ਘਰ ਘਰ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।
(ਬਸੰਤ ਹਿੰਡੋਲ ਮਹਲਾ ੧)

ਇਹ ਸਪਸ਼ਟ ਰੂਪ ਵਿਚ ਸੰਸਕ੍ਰਿਤੀ ਉਤੇ ਹਮਲੇ ਦੀ ਚਰਚਾ ਹੈ। ਜਿਸ ਹਮਲੇ ਨੇ ਮੰਦਰਾਂ ਤੇ ਦੇਵਤਿਆਂ ਉਤੇ ਟੈਕਸ ਲਗਾ ਦਿੱਤਾ, ਪੂਜਾ ਪਾਠ ਦੇ ਥਾਂ ਬਾਂਗ ਨਮਾਜ਼ ਮੁਸੱਲਾ ਚਾਲੂ ਹੋ ਗਏ, ਅਕਾਲ ਪੁਰਖ ਦਾ ਨਾਮ ਅਲਾਹ ਪੈ ਗਿਆ ਅਤੇ ਉਸ ਸਮੇਂ ਦੇ ਰਿਸ਼ੀ ਦੇ ਬਸਤਰ ਨੀਲੇ ਥਾਪ ਦਿੱਤੇ ਗਏ। ਬੋਲੀ ਵਖਰੀ ਹੋ ਗਈ। ਘਰ ਘਰ ਮੀਆਂ ਮੀਆਂ ਹੋਣ ਲਗੀ।

ਗੁਰਬਾਣੀ ਵਿਚ ਬ੍ਰਾਹਮਣ ਖਤਰੀਆਂ ਦਾ ਜਿਥੇ ਵੀ ਹਾਕਮ ਮਲੇਛ ਨਾਲ ਜੁੜ ਕੇ ਜ਼ਿਕਰ ਆਉਂਦਾ ਹੈ ਓਥੇ ਹੀ ਉਹ ਨਿੰਦਿਆ ਸੂਚਕ ਹੈ। ਹੋਰ ਤਾਂ ਹੋਰ ਇਕ ਥਾਂ ਤੇ ਗੁਰੂ ਅਰਜਨ ਦੇਵ ਜੀ ਨੇ ਇਕ ਬ੍ਰਾਹਮਣ ਨੂੰ ਵੀ ਉਸ ਦੇ ਭੈੜੇ ਆਚਰਣ ਕਰ ਕੇ ਮਲੇਛ ਆਖ ਕੇ ਨਿੰਦਿਆ ਹੈ। ਜਿਸ ਬ੍ਰਾਹਮਣ ਖਿਡਾਵੇ ਨੇ ਬਾਲ ਗੁਰੂ ਹਰਗੋਬਿੰਦ ਸਾਹਿਬ ਨੂੰ ਜ਼ਹਿਰ ਦੇ ਕੇ ਮਾਰਨਾ ਚਾਹਿਆ ਸੀ, ਉਸਦਾ ਜ਼ਿਕਰ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ— "ਮਲੇਛ ਪਾਪੀ ਪਚਿਆ ਭਇਆ ਨਿਰਾਸੁ।" (ਭੈਰਉ ਮਹਲਾ ੫)

ਮੁਸਲਿਮ ਹਮਲਾਵਰਾਂ ਦੇ ਨਾਲ ਨਾਲ ਭਾਰਤ ਵਿਚ ਅਰਬੀ ਤੇ ਫਾਰਸੀ ਭਾਸ਼ਾਵਾਂ ਆਈਆਂ। ਅਰਬੀ ਫਾਰਸੀ ਦੇ ਸੰਜੋਗ ਨਾਲ ਭਾਰਤ ਵਿਚ ਜਿਹੜੀ ਭਾਸ਼ਾ ਬਣੀ ਸੰਵਰੀ ਉਹ ਉਰਦੂ ਸੀ।

ਅਰਬੀ ਫਾਰਸੀ ਉਨ੍ਹਾਂ ਕੁਝ ਖਾਸ ਦੇਸ਼ਾਂ ਦੀਆਂ ਭਾਸ਼ਾਵਾਂ ਸਨ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਦਾ ਮਜ਼ਹਬ ਇਸਲਾਮ ਸੀ ਤੇ ਜਿਨ੍ਹਾਂ ਦੇਸ਼ਾਂ ਤੋਂ ਭਾਰਤ ਵਿਚ ਆਏ ਹਮਲਾਵਰਾਂ ਨੇ ਭਾਰਤ ਵਿਚ ਪਰਚਲਤ ਧਰਮ ਅਤੇ ਸੰਸਕ੍ਰਿਤੀ ਉਪਰ ਹਮਲਾ ਕਰਕੇ ਏਥੇ ਵੀ ਜ਼ੋਰੀਂ ਇਸਲਾਮ ਦਾ ਪਸਾਰਾ ਕਰਨ ਦੀ ਕੋਸ਼ਿਸ਼ ਕੀਤੀ।

ਗੁਰੂ ਸਾਹਿਬਾਂ ਨੇ ਨਾ ਅਰਬੀ ਨੂੰ ਮੰਨਿਆ ਨਾ ਫਾਰਸੀ ਨੂੰ ਅਤੇ ਨਾ ਹੀ ਇਨ੍ਹਾਂ ਦੇ ਸੰਜੋਗ ਨਾਲ ਬਣੀ ਨਵੀਂ ਭਾਸ਼ਾ ਉਰਦੂ ਨੂੰ ਹੀ। ਅਰਬੀ ਫਾਰਸੀ ਹਮਲਾਵਰ ਭਾਸ਼ਾਵਾਂ ਸਨ ਅਤੇ ਉਰਦੂ ਉਹਨਾਂ ਦੀ ਔਲਾਦ। ਇਹ ਤਿੰਨੇ ਭਾਸ਼ਾਵਾਂ ਬਦੇਸ਼ੀ ਹਮਲਾਵਰਾਂ ਦੇ ਆਚਰਣ, ਧਰਮ ਤੇ ਸੰਸਕ੍ਰਿਤੀ ਦੀਆਂ ਵਾਹਨ ਸਨ ਜੋ ਕਿ ਮੂਲ ਰੂਪ ਵਿਚ ਭਾਰਤ ਦੇ ਵਿਚਾਰ, ਧਰਮ ਤੇ ਸੰਸਕ੍ਰਿਤੀ ਦੇ ਖਲਾਫ ਹਮਲਾਵਰ ਸਨ। ਗੁਰੂ ਸਾਹਿਬਾਂ ਨੇ ਏਸੇ ਕਰ ਕੇ ਇਨ੍ਹਾਂ ਨੂੰ ਮਲੇਛ ਭਾਖਾ ਆਖਿਆ। ਉਹ ਭਾਖਾ ਜਿਹੜੀ ਭਾਰਤ ਦੇ ਲੋਕਾਂ ਦਾ ਧਰਮ ਭ੍ਰਿਸ਼ਟ ਕਰਦੀ ਸੀ, ਆਚਾਰ ਭ੍ਰਿਸ਼ਟ ਕਰਦੀ ਸੀ।

ਉਰਦੂ ਅੱਜ ਵੀ ਆਪਣੇ ਪ੍ਰਤੀਕਾਂ, ਬਿੰਬਾਂ, ਉਪਮਾਵਾਂ ਅਖਰਾਂ ਅਤੇ ਰਵਾਇਤੀ ਹਵਾਲਿਆਂ ਨਾਲ ਪਾਠਕ ਨੂੰ ਅਰਬੀ ਫਾਰਸੀ ਭਾਵਾਂ ਵਾਲੇ ਦੇਸ਼ਾਂ ਦੇ ਵਿਚਾਰਾਂ ਤੇ ਧਰਮ ਪਰੰਪਰਾਵਾਂ ਨਾਲ ਜਾ ਜੋੜਦੀ ਹੈ। ਭਾਰਤ ਤੇ ਪਰਾਚੀਨ ਇਤਿਹਾਸ, ਵਿਚਾਰ, ਧਰਮ ਤੇ ਸੰਸਕ੍ਰਿਤੀ ਨਾਲ ਨਹੀਂ।

**ਉਰਦੂ ਦਾ ਸਥਾਨ**



Namdhari Elibrary NamdhariElibrary@gmail.com

ਉਰਦੂ ਅੱਜ ਵੀ ਇਕ ਮਜ਼ਬੀ ਭਾਸ਼ਾ ਹੈ। ਕਿਸੇ ਇਲਾਕੇ ਦੀ ਭਾਸ਼ਾ ਨਹੀਂ। ਨਾ ਹੀ ਭਾਰਤ ਵਿਚ ਅਤੇ ਨਾ ਹੀ ਪਾਕਿਸਤਾਨ ਵਿਚ।

ਉਰਦੂ ਨੂੰ ਸਾਹਿਤ ਦੀ ਅਤੇ ਰਾਜ ਕਾਜ ਦੀ ਬੋਲੀ ਮੰਨਣ ਤੋਂ ਬੰਗਾਲੀ ਮੁਸਲਮਾਨਾਂ ਨੇ ਇਨਕਾਰ ਕਰ ਦਿੱਤਾ।

ਉਰਦੂ ਨੂੰ ਪਾਕਿਸਤਾਨ ਦੇ ਸਿੰਧ ਤੇ ਪੰਜਾਬ ਨੇ ਵੀ ਸਾਹਿਤ ਤੇ ਰਾਜ ਕਾਜ ਦੀ ਬੋਲੀ ਮੰਨਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੱਤਾ। ਬੰਗਾਲੀਆਂ ਨੇ ਬੰਗਲਾ ਭਾਸ਼ਾ ਰਾਜ ਭਾਸ਼ਾ ਮਨਵਾ ਲਈ, ਸਿੰਧੀਆਂ ਨੇ ਸਿੰਧੀ ਅਤੇ ਪੰਜਾਬੀਆਂ ਨੇ ਪੰਜਾਬੀ ਨੂੰ ਰਾਜ ਭਾਸ਼ਾ ਮੰਨਵਾਣ ਲਈ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ। ਕਲ੍ਹ ਤੱਕ ਦੇ ਪਾਕਿਸਤਾਨ ਦੇ ਇਹ ਤਿੰਨੋ ਸੂਬੇ ੧੯੪੭ ਵਿਚ ਇਸਲਾਮ ਦੇ ਨਾਮ ਉਤੇ ਭਾਰਤ ਨਾਲੋਂ ਅੱਡ ਹੋਏ ਸਨ ਅਤੇ ਹੋਰ ਸੂਬਿਆਂ ਸਮੇਤ ਸਾਰੇ ਪਾਕਿਸਤਾਨ ਦੀ ਰਾਜ ਭਾਸ਼ਾ ਇਸ ਲਈ ਉਰਦੂ ਰੱਖੀ ਗਈ ਸੀ ਕਿ ਉਹ ਇਸਲਾਮੀ ਭਾਸ਼ਾ ਹੈ। ਭਾਰਤ ਵਿਚ ਰਹਿ ਗਏ ਮੁਸਲਮਾਨਾਂ ਦਾ ਇਕ ਹਿੱਸਾ ਅੱਜ ਵੀ ਉਰਦੂ ਨੂੰ ਰਾਜ ਕਾਜ ਦੀ ਭਾਸ਼ਾ ਮੰਨਵਾਣਾ ਚਾਹੁੰਦਾ ਹੈ ਕਿਉਂਕਿ ਉਰਦੂ ਨੂੰ ਉਹ ਇਸਲਾਮ ਦੀ ਭਾਸ਼ਾ ਸਮਝਦਾ ਹੈ। ਪਰ ਪਾਕਿਸਤਾਨ, ਜਿਹੜਾ ਕਿ ਬਣਿਆ ਹੀ ਇਸਲਾਮ ਦੇ ਆਧਾਰ ਉਤੇ ਸੀ, ਉਸ ਦੇ ਲੋਗ ਛੇਤੀ ਹੀ ਸਮਝ ਗਏ ਹਨ ਕਿ ਉਰਦੂ ਉਨ੍ਹਾਂ ਦੀ ਮਾਤ-ਭਾਸ਼ਾ ਨਹੀਂ। ਉਹ ਉਨ੍ਹਾਂ ਦੀ ਕੁਝ ਵੀ ਨਹੀਂ। ਉਹ ਸੰਸਾਰ ਭਰ ਦੀ ਤਰੱਕੀ ਦੀ ਦੌੜ ਵਿਚੋਂ ਪਛੜ ਗਏ ਸਨ, ਇਸ ਲਈ ਉਨ੍ਹਾਂ ਨੇ ਅਖੌਤੀ ਇਸਲਾਮੀ ਭਾਸ਼ਾ ਨੂੰ ਛੱਡ ਕੇ ਮਾਤ ਭਾਸ਼ਾ ਦੀ ਗੱਲ ਕਰਨੀ ਮੁਨਾਸਬ ਸਮਝੀ, ਤਾਂਕਿ ਹੋਰ ਨਾ ਪਛੜ ਜਾਣ। ਉਰਦੂ ਉਹਨਾਂ ਲਈ ਅੱਜ ਉਸ ਹਾਕਮ ਤਬਕੇ ਦੀ ਭਾਸ਼ਾ ਦੇ ਰੂਪ ਵਿਚ ਉਘੜ ਕੇ ਸਾਹਮਣੇ ਆ ਰਹੀ ਹੈ, ਜਿਹੜਾ ਹਾਕਮ ਉਨ੍ਹਾਂ ਦਾ ਆਪਣਾ ਨਹੀਂ, ਉਨ੍ਹਾਂ ਦੇ ਵਿਚੋਂ ਨਹੀਂ, ਜਿਹੜਾ ਇਸਲਾਮ ਅਤੇ ਅਖੌਤੀ ਇਸਲਾਮੀ ਭਾਸ਼ਾ ਉਰਦੂ ਦੇ ਸਹਾਰੇ ਉਨ੍ਹਾਂ ਲੋਕਾਂ ਉਤੇ ਉਸੇ ਤਰ੍ਹਾਂ ਜਬਰ ਜ਼ੁਲਮ ਕਰਦਾ ਹੈ, ਜਿਵੇਂ ਕਿਸੇ ਸਮੇਂ ਉਹ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ, ਪਾਪ ਦੀ ਜੰਞ ਲੈ ਕੇ ਕਾਬਲੋਂ ਧਾਅ ਕੇ ਆਇਆ ਸੀ। ਜਿਹੜਾ ਮਲੇਛ ਸੀ, ਜਿਸ ਦੀ ਭਾਖਾ ਮਲੇਛ ਭਾਖਾ ਸੀ।

ਇਸਲਾਮ ਦੇ ਅਦਵੈਤ ਤੱਤ ਨੂੰ ਗੁਰੂ ਸਾਹਿਬਾਂ ਨੇ ਨਿੰਦਿਆ ਨਹੀਂ। ਉਸ ਨਾਲ ਭਾਰਤੀ ਸੰਸਕ੍ਰਿਤੀ ਦੀ ਸਾਂਝ ਪੁਆਉਣ ਦਾ ਜਤਨ ਹੀ ਕੀਤਾ ਹੈ ਪਰ ਇਸਲਾਮ ਦੇ ਨਾਮ ਉਤੇ ਮਲੇਛ ਆਚਰਣ ਉਸ ਦੀ ਵਾਹਕ ਭਾਸ਼ਾ ਦਾ ਉਨ੍ਹਾਂ ਨੇ ਸਖ਼ਤ ਵਿਰੋਧ ਕੀਤਾ ਸੀ।

ਜਿਸ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮੁਸਲਿਮ ਹਾਕਮਾਂ ਦੇ ਖਿਲਾਫ ਤਲਵਾਰ ਚੁੱਕੀ, ਉਨ੍ਹਾਂ, ਨੇ ਉਸ ਇਸਲਾਮ ਦੇ ਖਿਲਾਫ ਲੜਾਈ ਲੜੀ ਜਿਹੜਾ ਹਮਲਾਵਰ ਸੀ। ਮੁਸਲਮਾਨ ਮਾਤ੍ਰ ਦੇ ਖਿਲਾਫ ਉਨ੍ਹਾਂ ਨੇ ਲੜਾਈ ਨਹੀਂ ਲੜੀ।

ਬੰਗਲਾ ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਅਰੰਭ ਉਰਦੂ ਭਾਸ਼ਾ ਦੀ ਗੁਲਾਮੀ ਦੇ ਖਿਲਾਫ ਬੰਗਲਾ ਭਾਸ਼ਾ ਦੀ ਰੱਖਿਆ ਲਈ ਅੰਦੋਲਨ ਦੇ ਰੂਪ ਵਿਚ ਹੋਇਆ ਸੀ। ਬਾਅਦ ਵਿਚ ਉਸ ਨਾਲ ਆਰਥਿਕ, ਸਮਾਜਿਕ, ਤੇ ਜ਼ਾਤੀ-ਗੌਤ ਤੱਤ ਤੇ ਲੁਟ ਖਸੁੱਟ ਦੇ ਤੱਤ ਵੀ ਜੁੜਦੇ ਗਏ, ਪਰ ਲੜਾਈ ਦਾ ਆਰੰਭ ਨਿਰੋਲ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਹੋਇਆ।

ਠੀਕ ਇਹੋ ਗੱਲ—ਪੰਜਾਬ ਵਿਚ ਪੰਜ ਸੌ ਸਾਲ ਪਹਿਲਾਂ ਹੋਈ ਸੀ ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਭਾਸ਼ਾ, ਸਾਹਿਤ ਅਤੇ ਸੰਸਕ੍ਰਿਤੀ ਉਪਰ ਮਲੇਛ ਹਮਲੇ ਦਾ ਵਿਰੋਧ ਕੀਤਾ ਅਤੇ ਮੁਕਾਬਲੇ ਵਿਚ ਆਪਣੇ ਦੇਸ਼ ਦੀ ਭਾਸ਼ਾ, ਲਿਪੀ, ਸਾਹਿਤ ਤੇ ਸੰਸਕ੍ਰਿਤੀ ਦੀ ਗੱਲ ਟੋਰੀ। ਅੱਗੇ ਚਲ ਕੇ ਗੁਰੂ ਨਾਨਕ ਪਰੰਪਰਾ ਦੇ ਗੁਰੂ ਸਾਹਿਬਾਂ ਨੇ ਮਲੇਛ ਹਮਲੇ ਦੇ ਖਿਲਾਫ ਕਦਮ ਦੇ ਨਾਲ ਨਾਲ ਤਲਵਾਰ ਵੀ ਚੁੱਕੀ।

## ਸਤਿਗੁਰੂ ਰਾਮ ਸਿੰਘ ਜੀ ਵਲੋਂ

ਠੀਕ ਏਸੇ ਪਰੰਪਰਾ ਵਿਚ ਹੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਮਲੇਛ ਹਮਲੇ ਅਤੇ ਮਲੇਛ ਭਾਸ਼ਾ ਵਿਰੁੱਧ ਅੰਦੋਲਨ ਨੂੰ ਵੇਖਿਆ ਜਾ ਸਕਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਜਦੋਂ ਆਏ ਉਦੋਂ ਤਕ ਭਾਰਤ ਵਿਚ ਮੁਸਲਿਮ ਰਾਜ ਦਾ ਚਰਿਤ੍ਰ ਤਾਂ ਭਾਵੇਂ ਬਦਲ ਗਿਆ ਸੀ, ਅੰਗਰੇਜ਼ ਭਾਰਤ ਵਿਚ ਪਹੁੰਚ ਚੁੱਕਾ ਸੀ ਪਰ ਭਾਰਤ ਦੀ ਸੰਸਕ੍ਰਿਕੀ ਉਤੇ ਹਮਲੇ ਦਾ ਸਿਲਸਿਲਾ ਬਾਕਾਇਦਗੀ ਨਾਲ ਚਲ ਹੀ ਰਿਹਾ ਸੀ।

ਉਰਦੂ ਫਾਰਸੀ ਅੰਗੇਰਜ਼ਾਂ ਤੋਂ ਪਹਿਲਾਂ ਰਾਜ ਕਾਜ ਦੀ ਭਾਸ਼ਾ ਸੀ ਤੇ ਅਰਬੀ ਕੁਰਾਨ ਦੀ। ਇਹ ਤਿੰਨੇ ਭਾਸ਼ਾਵਾਂ ਹੀ ਭਾਰਤੀ ਭਾਸ਼ਾਵਾਂ ਨੂੰ ਦਬਾਈ ਰੱਖਣ ਜਾਂ ਖਤਮ ਹੀ ਕਰਨ ਵਿਚ ਜੁਟੀਆਂ ਹੋਈਆਂ ਸਨ।

ਇਨ੍ਹਾਂ ਦੇ ਨਾਲ ਨਾਲ ਹੀ ਭਾਰਤ ਵਿਚ ਅੰਗਰੇਜ਼ਾਂ ਦੇ ਆਉਣ ਨਾਲ ਅੰਗਰੇਜ਼ੀ ਭਾਸ਼ਾ ਵੀ ਆ ਗਈ।

ਸਤਿਗੁਰੂ ਰਾਮ ਸਿੰਘ ਜੀ ਨੇ ਉਰਦੂ, ਫਾਰਸੀ ਤੇ ਅਰਬੀ ਦੇ ਨਾਲ ਨਾਲ ਹੀ ਅੰਗਰੇਜ਼ੀ ਸਾਮਰਾਜ ਦੇ ਨਾਲ ਆਈ ਉਸ ਦੇ ਰਾਜ ਕਾਜ ਦੀ ਭਾਸ਼ਾ ਅੰਗਰੇਜ਼ੀ ਦੇ ਖਿਲਾਫ ਵੀ ਅੰਦੋਲਣ ਸ਼ੁਰੂ ਕੀਤਾ ਤੇ ਹਮਲਾਵਰ ਅੰਗਰੇਜ਼ਾਂ ਨੂੰ ਮਲੇਛ ਮੰਨਣ ਦੇ



Namdhari Elibrary NamdhariElibrary@gmail.com

ਨਾਲ ਨਾਲ ਹੀ ਉਨ੍ਹਾਂ ਦੀ ਭਾਸ਼ਾ ਅੰਗਰੇਜ਼ੀ ਨੂੰ ਵੀ ਮਲੇਛ ਭਾਖਾ ਦੇ ਰੂਪ ਵਿਚ ਹੀ ਜਾਣਿਆ।

## ਅੰਗਰੇਜ਼ੀ ਭਾਸ਼ਾ ਦਾ ਚਰਿਤਰ

ਹਾਲਾਂਕਿ ਅੰਗਰੇਜ਼ੀ ਭਾਸ਼ਾ ਦਾ ਚਰਿਤਰ ਅਰਬੀ ਫਾਰਸੀ ਤੇ ਉਰਦੂ ਵਾਂਗ ਮਜ਼ਹਬੀ ਚਰਿਤਰ ਨਹੀਂ ਸੀ। ਅਰਬੀ ਫਾਰਸੀ ਤੇ ਉਰਦੂ ਸ਼ੁਰੂ ਤੋਂ ਅੰਤ ਤਕ ਭਾਰਤ ਅੰਦਰ ਮੂਲ ਰੂਪ ਵਿਚ ਇਸਲਾਮਕ ਭਾਸ਼ਾਵਾਂ ਰਹੀਆਂ ਜਦੋਂ ਕਿ ਅੰਗਰੇਜ਼ਾਂ ਨੇ ਭਾਰਤ ਵਿਚ ਇਸਾਈਅਤ ਦਾ ਸਾਰਾ ਪਰਚਾਰ ਭਾਰਤ ਦੀਆਂ ਸਥਾਨਕ ਬੋਲੀਆਂ ਰਾਹੀਂ ਕੀਤਾ। ਅੰਗਰੇਜ਼ ਈਸਾਈ ਮਿਸ਼ਨਰੀਆਂ ਨੇ ਭਾਰਤ ਵਿਚ ਈਸਾਈਆਂ ਦੇ ਪਰਚਾਰ ਪਰਸਾਰ ਲਈ ਭਾਰਤ ਦੀਆਂ ਆਪਣੀਆਂ ਸਥਾਨਕ ਭਾਸ਼ਾਵਾਂ ਦਾ ਉੱਧਾਰ ਕੀਤਾ, ਉਨ੍ਹਾਂ ਨੂੰ ਬਣਾਨ ਸੰਵਾਰਨ ਵਿਚ ਤਗੜੀ ਮਿਹਨਤ ਕੀਤੀ, ਉਨ੍ਹਾਂ ਲਈ ਛਾਪੇ ਦੇ ਅੱਖਰ ਬਣਾਏ ਤੇ ਉਨ੍ਹਾਂ ਨੂੰ ਠੇਠ ਸਥਾਨਕ ਬੋਲ ਚਾਲ ਦੀ ਸਾਹਿਤਕ ਭਾਸ਼ਾ ਦਾ ਰੂਪ ਦੇਣ ਵਿਚ ਤਗੜਾ ਰੋਲ ਅਦਾ ਕੀਤਾ। ਅੰਗਰੇਜ਼ੀ ਭਾਸ਼ਾ ਨੂੰ ਅੰਗਰੇਜ਼ਾਂ ਨੇ ਆਪਣੇ ਰਾਜ ਕਾਜ ਦੀ ਭਾਸ਼ਾ ਦੇ ਰੂਪ ਵਿਚ ਚਲਾਇਆ।

ਇਸ ਦੇ ਮੁਕਾਬਲੇ ਵਿਚ ਅਰਬੀ ਫਾਰਸੀ ਤੇ ਉਰਦੂ ਹਾਕਮ ਭਾਸ਼ਾਵਾਂ ਦੇ ਨਾਲ ਨਾਲ ਮਜ਼ਹਬੀ ਗਲਬੇ ਅਤੇ ਭਾਰਤੀ ਸੰਸਕ੍ਰਿਤੀ ਉਤੇ ਜਬਰ ਦੀਆਂ ਭਾਸ਼ਾਵਾਂ ਦੇ ਰੂਪ ਵਿਚ ਚਲਦੀਆਂ ਭਾਸ਼ਾਵਾਂ ਦੇ ਰੂਪ ਵਿਚ ਚਲਦੀਆਂ ਰਹੀਆਂ।

## ਪੰਜਾਬੀ ਭਾਸ਼ਾ ਦੀ ਸਭ ਤੋਂ ਵੱਡੀ ਦੁਸ਼ਮਣ

ਪੰਜਾਬ ਵਿਚ ਪੰਜਾਬੀ ਬੋਲੀ ਦੀ ਉਨਤੀ ਤੇ ਵਿਕਾਸ ਵਿਚ ਸਭ ਤੋਂ ਵਡੀ ਰੁਕਾਵਟ ਜੇ ਕੋਈ ਬੋਲੀ ਰਹੀ ਹੈ ਤਾਂ ਉਹ ਅਰਬੀ ਫਾਰਸੀ ਦੀ ਸੰਤਾਨ ਉਰਦੂ ਹੀ ਰਹੀ। ਪੰਜਾਬ ਵਿਚ ਇਸਲਾਮੀ ਪਸਾਰੇ ਦੇ ਨਾਲ ਨਾਲ ਹੀ ਉਰਦੂ ਦਾ ਪਸਾਰਾ ਵੀ ਹੋਇਆ ਅਤੇ ਵੇਖਿਆ ਗਿਆ ਹੈ ਕਿ ਪਹਿਲੇ ਦਸਾਂ ਵਿਚੋਂ ਸੱਤਾਂ ਗੁਰੂਆਂ ਨੇ ਉਸ ਇਸਲਾਮੀ ਹਮਲੇ ਦੇ ਟਾਕਰੇ ਲਈ ਗੁਰਮੁਖੀ ਅੱਖਰਾਂ ਵਿਚ ਭਾਰਤੀ ਸੰਸਕ੍ਰਿਤੀ ਤੇ ਵਿਚਾਰ ਪਰੰਪਰਾ ਦੇ ਆਧਾਰ ਉਤੇ ਬਾਣੀ ਦੀ ਰਚਨਾ ਕਰ ਕੇ ਭਾਰਤੀ ਸੰਸਕ੍ਰਿਤੀ ਉਤੇ ਹਮਲੇ ਨੂੰ ਠਲ੍ਹ ਪਾਈ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਤੋਂ ਪਹਿਲਾਂ ਦੇ ਗੁਰੂਆਂ ਦੀ ਉਸ ਸੰਸਕ੍ਰਿਤੀ ਪਰੰਪਰਾ ਨੂੰ ਅਗਾਹ ਵਧਾਉਂਦਿਆਂ ਹੋਇਆ ਗੁਰਬਾਣੀ ਦੇ ਪਾਠ ਦਾ ਹੋਕਾ ਦਿੱਤਾ। ਘਰ ਘਰ ਇਹ ਸੁਨੇਹਾ ਦਿੱਤਾ ਕਿ ਗੁਰਬਾਣੀ ਪੜ੍ਹੇ ਹਰ ਮਾਈ ਭਾਈ, ਬੁੱਢਾ ਬਾਲਾ ਗੁਰਮੁਖੀ ਪੜ੍ਹੇ।

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਬੋਲੀ ਦੇ ਹੱਕ ਵਿਚ ਅਤੇ ਅਰਬੀ, ਉਰਦੂ ਤੇ ਅੰਗਰੇਜ਼ੀ ਦੇ ਖਿਲਾਫ ਉਸ ਸਮੇਂ ਅੰਦੋਲਨ ਛੇੜਿਆ ਜਦੋਂ ਮਹਾਰਾਜਾ ਰਣਜੀਤ ਸਿੰਘ ਤਕ ਨੇ ਉਰਦੂ ਫਾਰਸੀ ਨੂੰ ਆਪਣੇ ਖਾਲਸਾ ਰਾਜ ਦੀ ਰਾਜ ਭਾਸ਼ਾ ਦੀ ਮਰਯਾਦਾ ਬਖਸ਼ ਦਿੱਤੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੀ ਇਸ ਕਿਰਪਾ ਦਾ ਅਸਰ ਇਹ ਹੋਇਆ ਕਿ ਪੰਜਾਬ ਵਿਚ ਮਲੇਛਾਚਾਰ ਪੂਰੇ ਜ਼ੋਰ ਨਾਲ ਵਧਿਆ ਫਲਿਆ। ਅਵਿਵੇਕ ਦੀਆਂ ਫੌਜਾਂ ਭਾਰੂ ਹੋ ਗਈਆ ਤੇ ਵਿਵੇਕ ਦੀਆਂ ਕਮਜ਼ੋਰ। ਨਤੀਜਾ ਜੋ ਹੋ ਸਕਦਾ ਸੀ ਉਹੋ ਹੀ ਹੋਇਆ। ਖੋਹਮ ਖੋਹੀ ਮਚ ਗਈ ਤੇ ਅੰਤ ਨੂੰ ਖਾਲਸਾ ਰਾਜ ਮਲੇਛ ਖਾਲਸੇ ਦੇ ਹੱਥੀਂ ਹੀ ਖੁੱਸ ਗਿਆ। ਅਰਬੀ, ਫਾਰਸੀ ਤੇ ਉਰਦੂ ਨੂੰ ਭਾਰਤ ਵਿਚ ਵਧਣ ਫੁਲਣ ਦਾ ਇਕ ਹਜ਼ਾਰ ਸਾਲ ਤਕ ਖੁਲ੍ਹਾ ਮੌਕਾ ਮਿਲਿਆ ਪਰ ਅਸਚਰਜ ਹੈ ਕਿ ਇਨ੍ਹਾਂ ਵਿਚੋਂ ਕੋਈ ਭਾਸ਼ਾ ਭਾਰਤ ਦੇ ਲੋਕ ਜੀਵਨ ਵਿਚ ਜੜ੍ਹ ਨਹੀਂ ਜਮਾ ਸਕੀ। ਪੰਜਾਬ ਵਿਚੋਂ ਮੁਸਲਮਾਨਾਂ ਦੇ ਪਾਕਿਸਤਾਨ ਜਾਂਦਿਆਂ ਹੀ ਪੰਜਾਬ ਵਿਚ ਉਰਦੂ ਦਾ ਹਰਾਸ ਸ਼ੁਰੂ ਹੋ ਗਿਆ ਅਤੇ ਅੱਜ ਨਵੀਂ ਪੀੜ੍ਹੀ ਵਿਚ ਉਰਦੂ ਬੇਪਛਾਣ ਹੈ। ਕਲ੍ਹ ਤੱਕ ਦੇ ਪਾਕਿਸਤਾਨ ਦੇ ਵੱਡੇ ਹਿੱਸੇ ਪੂਰਬੀ ਬੰਗਾਲ ਵਿਚ ਉਰਦੂ ਦੇ ਖਿਲਾਫ ਓਥੋਂ ਦੇ ਮੁਸਲਮਾਨਾਂ ਨੇ ਹੀ ਬਗਾਵਤ ਕੀਤੀ ਅਤੇ ਅਸਚਰਜ ਇਸ ਗੱਲ ਦਾ ਹੈ ਕਿ ਅੱਜ ਪਾਕਿਸਤਾਨੀ ਪੰਜਾਬ ਦੇ ਮੁਸਲਮਾਨ ਅਤੇ ਸਿੰਧ ਦੇ ਮੁਸਲਮਾਨ ਵੀ ਉਰਦੂ ਤੋਂ ਬਾਗੀ ਹੋ ਰਹੇ ਹਨ। ਉਰਦੂ ਦਾ ਨਾ ਭਾਰਤ ਵਿਚ ਕੋਈ ਆਪਣਾ ਘਰ ਹੈ ਅਤੇ ਨਾ ਹੀ ਪਾਕਿਸਤਾਨ ਵਿਚ। ਇਹ ਮਲੇਛ ਹਮਲਾਵਰਾਂ ਨਾਲ ਆਈ, ਅਰਬੀ ਫਾਰਸੀ ਤੋਂ ਜਨਮੀ ਅਤੇ ਮਲੇਛ ਹਮਲਾਵਰਾਂ ਦੀ ਵਿਦਾਈ ਦੇ ਨਾਲ ਨਾਲ ਹੀ ਖਤਮ ਹੋਣੀ ਸ਼ੁਰੂ ਹੋ ਗਈ। ਭਾਰਤ ਵਿਚ ਮੁਸਲਿਮ ਰਾਜ ਅਤੇ ਖਾਲਸਾ ਰਾਜ ਦੇ ਵਾਰਸ ਅੰਗਰੇਜ਼ਾਂ ਨੇ ਉਰਦੂ ਨੂੰ ਵੀ ਭਾਰਤ ਦੇ ਕੁਝ ਇਲਾਕਿਆਂ ਵਿਚ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਪਰ ਅੰਗਰੇਜ਼ਾਂ ਦੇ ਭਾਰਤ ਵਿਚੋਂ ਜਾਂਦਿਆਂ ਹੀ ਉਰਦੂ ਦੇ ਪ੍ਰਤੀ ਆਗ੍ਰਹਿ ਖਤਮ ਹੋ ਗਿਆ। ਹੁਣ ਉਰਦੂ ਨੂੰ ਕਾਇਮ ਰੱਖਣ ਲਈ ਕੇਵਲ ਓਹੋ ਤੱਤ ਕੋਸ਼ਿਸ਼ ਕਰ ਰਿਹਾ ਹੈ ਜਿਹੜਾ ਅੱਜ ਵੀ ਮਜ਼ਹਬੀ ਵਖਰੇਵੇਂ ਨੂੰ ਪਹਿਲ ਦੇਂਦਾ ਤੇ ਜਿਸ ਨੇ ੧੯੪੭ ਵਿਚ ਪਾਕਿਸਤਾਨ ਬਣਵਾਇਆ ਸੀ ਅਤੇ ਜਾਂ ਉਹ ਤੱਤ-ਜਿਸ ਦੀ ਸਿਆਸੀ ਦੁਕਾਨ ਮਜ਼ਹਬੀ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਦੇ ਨਾਮ ਉਤੇ ਚਲਦੀ ਹੈ।

ਪੰਜਾਬ ਵਿਚ ਅੱਜ ਜਿਸ ਪੰਜਾਬੀ ਭਾਸ਼ਾ ਦਾ ਪਸਾਰਾ ਹੋ ਰਿਹਾ ਹੈ, ਜਿਸ ਨੂੰ ਜੰਮਦਿਆਂ ਹੀ ਮਰਨ ਤੋਂ ਬਚਾਣ ਲਈ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸੰਘਰਸ਼ ਕੀਤਾ ਤੇ



Namdhari Elibrary NamdhariElibrary@gmail.com

ਫੇਰ ਆਪ ਦੀ ਗੱਦੀ ਦੇ ਦੂਸਰੇ ਵਾਰਸਾਂ ਨੇ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਲਈ ਉਸ ਵੇਲੇ ਸੰਘਰਸ਼ ਕੀਤਾ ਜਦੋਂ ਬ੍ਰਾਹਮਣਾਂ ਖਤਰੀਆਂ ਨੇ ਹੀ ਆਪਣਾ ਧਰਮ ਛੱਡ ਕੇ "ਮਲੇਛ ਭਾਖਿਆ ਗਹੀ" ਵਾਲੀ ਗੁਰੂ ਨਾਨਕ ਵਾਲੀ ਉਕਤੀ ਨੂੰ ਸਤਿ ਨਹੀਂ ਸੀ ਸਿਧ ਕਰ ਦਿੱਤਾ ਸਗੋਂ ਸਿਖ ਰਾਜੇ ਰਣਜੀਤ ਸਿੰਘ ਨੇ ਉਸ ਭਾਸ਼ਾ ਨੂੰ ਰਾਜ ਸਿੰਘਾਸਨ ਉਪਰ ਬਿਠਾ ਕੇ ਗੁਰੂ ਸਾਹਿਬਾਨ ਦੀ ਸੰਸਕ੍ਰਿਤੀ ਸੰਬੰਧੀ ਸਾਰੀ ਧਾਰਨਾ ਉਤੇ ਹੀ ਪਾਣੀ ਫੇਰ ਦਿੱਤਾ ਹੋਇਆ ਸੀ। ਉਰਦੂ ਫਾਰਸੀ ਵਧਦੀ ਵਧਦੀ ਅਕਾਲ ਤਖਤ ਤੋਂ ਜਾਰੀ ਹੋਣ ਵਾਲੇ ਫੁਰਮਾਨਾਂ ਦੀ ਭਾਸ਼ਾ ਤੱਕ ਪਸਰ ਚੁੱਕੀ ਸੀ ਤੇ ਉਧਰ ਪ੍ਰਤਾਪਸ਼ਾਲੀ ਅੰਗਰੇਜ਼ੀ ਸਾਮਰਾਜ ਦੀ ਬਦੌਲਤ ਅੰਗਰੇਜ਼ੀ ਰਾਜ ਕਾਜ ਵਿਚ ਆਪਣਾ ਪਸਾਰਾ ਕਰ ਰਹੀ ਸੀ।

ਸਤਿਗੁਰੂ ਨਾਨਕ ਨੇ ਪੰਜ ਸੌ ਸਾਲ ਪਹਿਲਾਂ ਸੰਸਕ੍ਰਿਤੀ ਦੀ ਰੱਖਿਆ ਲਈ ਜਿਹੜਾ ਅੰਦੋਲਨ ਸ਼ੁਰੂ ਕੀਤਾ ਸੀ ਅਤੇ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਅਰਬੀ, ਫਾਰਸੀ, ਉਰਦੂ ਤੇ ਅੰਗਰੇਜ਼ੀ ਦੇ ਬਾਈਕਾਟ ਦਾ ਹੋਕਾ ਦੇ ਕੇ ਅਗਾਂਹ ਵਧਾਇਆ ਸੀ, ਉਹ ਅੰਦੋਲਣ ਅਜ ਸਫਲ ਹੋ ਚੁੱਕਾ ਹੈ। ਅਰਬੀ-ਫਾਰਸੀ ਆਪਣੇ ਆਪਣੇ ਦੇਸ਼ਾਂ ਦੀ ਭਾਸ਼ਾ ਹੀ ਰਹੀ ਹੈ ਅਤੇ ਉਰਦੂ ਦੇ ਖਿਲਾਫ ਉਸ ਦੇ ਅਸਲ ਮੁਦੱਈਆਂ (ਪਾਕਿਸਤਾਨੀ ਮੁਸਲਮਾਨਾਂ) ਨੇ ਹੀ ਬਗਾਵਤ ਖੜੀ ਕਰ ਕੇ ਉਸ ਦੀ ਅਸਾਰਥਕਾ ਪਰਮਾਨਤ ਕਰ ਦਿੱਤੀ ਹੈ।

ਭਾਰਤੀ ਉਪ ਮਹਾਂਦੀਪ ਦਾ ਚਿਹਰਾ ਬਦਲ ਰਿਹਾ ਹੈ। ਬੰਗਲਾ ਦੇਸ਼ ਦੀ ਆਜ਼ਾਦੀ ਨਾਲ ਉਸ ਸਦੀਆਂ ਲੰਮੇ ਮਲੇਛ ਹਮਲੇ ਦਾ ਮੂੰਹ ਮੁੜ ਗਿਆ ਹੈ ਤੇ ਸੰਤੋਖ ਵਾਲੀ ਗੱਲ ਇਹ ਹੈ ਕਿ ਉਸ ਦਾ ਮੂੰਹ ਮੋੜਣ ਲਈ ਅੰਤਿਮ ਲੜਾਈ ਉਨ੍ਹਾਂ, ਮੁਸਲਮਾਨਾਂ ਨੇ ਕੀਤੀ ਹੈ ਜਿਹੜੇ ਕਿਸੇ ਜ਼ਮਾਨੇ ਵਿਚ ਜ਼ੋਰ ਜਬਰ ਨਾਲ ਮੁਸਲਮਾਨ ਬਣਾਏ ਗਏ ਸਨ ਤੇ ਹਜ਼ਾਰ ਸਾਲ ਤਕ ਹਮਲਾਵਰਾਂ ਦੀ ਸੰਸਕ੍ਰਿਤੀ ਦੇ ਵਾਹਕ ਬਣੇ ਚਲੇ ਆ ਰਹੇ ਸਨ।

ਅੱਜ ਉਹਨਾਂ ਦਾ ਚਰਿਤਰ ਬਦਲ ਰਿਹਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਪਹਿਲੋਂ ਮੁਸਲਮਾਨ ਮੰਨਣ ਦੀ ਥਾਂ ਪਹਿਲਾਂ, ਬੰਗਾਲੀ, ਪੰਜਾਬੀ, ਸਿੰਧੀ, ਬਲੋਚ ਤੇ ਪਖਤੂਨ ਮੰਨਣਾ ਸ਼ੁਰੂ ਕਰ ਦਿੱਤਾ ਹੈ। ਮਜ਼ਹਬੀ ਭਾਸ਼ਾ ਦੀ ਥਾਂ ਉਨ੍ਹਾਂ ਨੇ ਮਾਤ ਭਾਸ਼ਾ ਨੂੰ ਪਹਿਲ ਦੇਣੀ ਅਰੰਭ ਕਰ ਦਿੱਤੀ ਜਿਹੜੀ ਕਿ ਸੰਸਕ੍ਰਿਤੀ ਦੇ ਪੱਖ ਤੋਂ ਅੰਤ ਨੂੰ ਉਨ੍ਹਾਂ ਨੂੰ ਭਾਰਤੀ ਸੰਸਕ੍ਰਿਤੀ ਦੇ ਮੂਲ ਸੋਮੇ ਨਾਲ ਜੋੜਣ ਵਿਚ ਸਫਲ ਹੋਵੇਗੀ।

ਅੰਗਰੇਜ਼ੀ ਮਜ਼ਹਬੀ ਭਾਸ਼ਾ ਨਹੀਂ ਸੀ। ਉਹ ਪਹਿਲਾਂ ਅੰਗਰੇਜ਼ੀ ਸਾਮਰਾਜ ਦੇ ਰਾਜ ਪਸਾਰੇ ਦੀ ਭਾਸ਼ਾ ਸੀ ਅਤੇ ਅੱਜ ਵਿਗਿਆਨ ਦੀ ਭਾਸ਼ਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਅੰਗਰੇਜ਼ੀ ਭਾਸ਼ਾ ਦੇ ਪ੍ਰਤੀ ਵਿਰੋਧ-ਭਾਵ ਉਸ ਦਾ ਅੰਗਰੇਜ਼ੀ ਸਾਮਰਾਜ ਦੇ ਪਸਾਰੇ ਦੀ ਵਾਹਕ ਭਾਸ਼ਾ ਕਾਰਨ ਸੀ। ਅੱਜ ਦੁਨੀਆ ਭਰ ਵਿਚੋਂ ਅੰਗਰੇਜ਼ੀ ਸਾਮਰਾਜ ਦਾ ਸੂਰਜ ਡੁੱਬ ਰਿਹਾ ਹੈ ਪਰ ਅੰਗਰੇਜ਼ੀ ਭਾਸ਼ਾ ਦੀ ਵਿਦਾਈ ਦੇ ਲੱਛਣ ਅਜੇ ਸਪੱਸ਼ਟ ਨਹੀਂ ਹਨ। ਹਾਂ ਏਨਾਂ ਜ਼ਰੂਰ ਹੈ ਕਿ ਹਰ ਦੇਸ਼ ਵਿਚ ਅਤੇ ਭਾਰਤ ਵਿਚ ਵੀ ਸਥਾਨਕ ਭਾਸ਼ਾਵਾਂ ਰਾਜ ਕਾਜ ਦੀਆਂ ਭਾਸ਼ਾਵਾਂ ਬਣਦੀਆਂ ਜਾ ਰਹੀਆਂ ਹਨ। ਅੰਗਰੇਜ਼ੀ ਨੂੰ ਹੌਲੀ ਹੌਲੀ ਰਾਜ ਕਾਜ ਵਿਚੋਂ ਬੇਦਖਲ ਕੀਤਾ ਜਾ ਰਿਹਾ ਹੈ, ਪਰ ਵਿਗਿਆਨ ਦੀ ਇਕ ਵਾਹਕ ਭਾਸ਼ਾ ਦੇ ਰੂਪ ਵਿਚ ਇਸ ਨੂੰ ਹਰ ਥਾਂ ਹੀ ਪਰਵਾਨਗੀ ਮਿਲ ਗਈ ਹੈ।

ਸਤਿਗੁਰੂ ਰਾਮ ਸਿੰਘ ਜੀ ਦਾ ਅੰਗਰੇਜ਼ੀ ਭਾਸ਼ਾ ਦੇ ਪ੍ਰਤੀ ਵਿਰੋਧ ਉਸ ਅਰਥ ਵਿਚ ਸਫਲ ਹੋ ਗਿਆ ਹੈ ਜਿਸ ਅਰਥ ਵਿਚ ਇਹ ਅੰਗਰੇਜ਼ੀ ਸਾਮਰਾਜ ਦੀ ਵਾਹਕ ਭਾਸ਼ਾ ਸੀ ਤੇ ਹੁਣ ਅੰਗਰੇਜ਼ੀ ਸਾਮਰਾਜ ਦੀ ਵਿਦਾਈ ਦੇ ਨਾਲ ਨਾਲ ਹੀ ਅੰਗਰੇਜ਼ੀ ਭਾਸ਼ਾ ਵੀ ਰਾਜ ਵਿਚ ਸਥਾਨਕ ਭਾਸ਼ਾਵਾਂ ਲਈ ਥਾਂ ਖਾਲੀ ਕਰਕੇ ਵਿਦਾ ਹੋ ਰਹੀ ਹੈ।

## ਡਾ. ਗੁਲਜ਼ਾਰ ਮੁਹੰਮਦ ਗੋਰੀਆ ਨਹੀਂ ਰਹੇ

ਪੰਜਾਬੀ ਲੇਖਕ ਤੇ ਆਲੋਚਕ ਡਾ. ਗੁਲਜ਼ਾਰ ਮੁਹੰਮਦ ਗੋਰੀਆ (੫੪), ੩੦ ਅਕਤੂਬਰ ੨੦੦੯ ਨੂੰ ਸ਼ਾਮ ਕਰੀਬ ੫.੩੦ ਵਜੇ ਲੁਧਿਆਣਾ ਦੇ ਅਪੋਲੋ ਹਸਪਤਾਲ ਵਿਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਦੋ ਦਿਨ ਪਹਿਲਾਂ ਉਨ੍ਹਾਂ ਨੂੰ ਸਕੂਲ ਵਿਚ ਅਚਾਨਕ ਦਿਲ ਦਾ ਦੌਰਾ ਪਿਆ ਸੀ। ਇਸ ਮੌਕੇ ਸਕੂਲ ਦੇ ਸਹਿਕਰਮੀਆਂ ਅਤੇ ਦੋਸਤਾਂ ਨੇ ਉਨ੍ਹਾਂ ਨੂੰ ਤੁਰੰਤ ਲੁਧਿਆਣਾ ਦੇ ਅਪੋਲੋ ਹਸਪਤਾਲ ਦਾਖ਼ਲ ਕਰਵਾਇਆ ਪਰ ੩੦ ਅਕਤੂਬਰ ਨੂੰ ਸਵੇਰੇ ੧੧ ਵਜੇ ਦਿਮਾਗ ਦੀ ਨਾੜੀ ਫੱਟ ਜਾਣ ਕਰਕੇ ਉਹ ਬੇਹੋਸ਼ੀ ਦੀ ਹਾਲਤ ਵਿਚ ਚਲੇ ਗਏ ਤੇ ਅੰਤ ਸ਼ਾਮ ੫.੩੦ ਵਜੇ ਅਲਵਿਦਾ ਆਖ ਗਏ। ਡਾ. ਗੋਰੀਆ ਨੂੰ ੩੧ ਅਕਤੂਬਰ ਨੂੰ ਬਾਅਦ ਦੁਪਹਿਰ ਉਨ੍ਹਾਂ ਦੇ ਜੱਦੀ ਪਿੰਡ ਪਪੜੌਦੀ ਵਿਖੇ ਸਪੁਰਦ-ਏ-ਖ਼ਾਕ ਕੀਤਾ ਗਿਆ। ਡਾ. ਗੋਰੀਆ ਨੇ ਪੰਜਾਬੀ ਸਾਹਿਤ ਦੀ ਝੋਲੀ ਨਾਵਲ 'ਮਹਿੰਦੀ ਵਾਲੇ ਹੱਥ' ਤੇ ਕਹਾਣੀ ਸੰਗ੍ਰਿਹ ਜੰਕਸ਼ਨ ਤੇ ਘੋੜ ਸਵਾਰ ਤੋਂ ਇਲਾਵਾ ਅਨੇਕਾਂ ਪੁਸਤਕ ਰੀਵਿਊ ਲਿਖੇ। ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਬਦਲੇ ਬਹੁਤ ਸਾਰੀਆਂ ਸਾਹਿਤਕ ਤੇ ਸਭਿਆਚਾਰ ਜੱਥੇਬੰਦੀਆਂ ਨੇ ਉਨ੍ਹਾਂ ਨੂੰ ਸਨਮਾਨਿਆ।



Namdhari Elibrary NamdhariElibrary@gmail.com

# ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਆਖਰੀ ਗੋਲੀ

*ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ,*
*ਚੰਡੀਗੜ੍ਹ*

ਨਵੰਬਰ ੨੦੦੯ ਦੇ 'ਵਰਿਆਮ' ਵਿਚ ਛਪੇ ਕਾਮਰੇਡ ਚੂਹੜ ਸਿੰਘ ਜੀ ਦੇ ਲੇਖ "ਸ. ਭਗਤ ਸਿੰਘ ਤੇ ਸ੍ਰੀ ਚੰਦਰ ਸ਼ੇਖਰ ਆਜ਼ਾਦ..." ਬੜੀ ਸੁਹਿਰਦ ਰਚਨਾ ਹੈ, ਜਿਸ ਲਈ ਮਾਨਯੋਗ ਲੇਖਕ ਤੇ ਅਦਾਰਾ 'ਵਰਿਆਮ' ਵੀ ਬਰਾਬਰ ਵਧਾਈ ਦਾ ਹਕਦਾਰ ਹੈ, ਜੋ ਰਸਾਲੇ ਦੇ ਵਿਸ਼ਾ-ਵਸਤੂ ਬਾਰੇ ਵਿਸ਼ਾਲਤਾ-ਵਿਭਿਨਤਾ ਦਾ ਧਾਰਨੀ ਹੈ।

ਭਾਵੇਂ ਮੈਂ ਮੂਲ ਰੂਪ ਵਿਚ ਗਦਰੀ ਬਾਬਿਆਂ ਦਾ ਮੁਨਸ਼ੀ ਹੀ ਹਾਂ, ਪਰ ਦੋ ਤਿੰਨ ਸਾਲਾਂ ਤੋਂ ਮੈਨੂੰ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਬਾਰੇ ਕੁਝ ਖੋਜ ਕਰਣ ਦਾ ਮੌਕਾ ਮਿਲਿਆ ਹੈ। ੨੦੦੭ ਦੌਰਾਨ ਹਿੰਦ ਸਰਕਾਰ ਦੇ ਪਰਕਾਸ਼ਨਾ ਵਿਭਾਗ ਨੇ ਮੈਨੂੰ ਸ਼ਹੀਦ ਭਗਤ ਸਿੰਘ ਦੀ ਅੰਗਰੇਜ਼ੀ ਵਿਚ ਜੀਵਨੀ ਲਿਖਣ ਦਾ ਕਾਰਜ ਸੌਂਪਿਆ, ਜੋ ਮੈਂ ਆਪਣੀ ਔਕਾਤ ਅਨੁਸਾਰ Bhagat Singh-The Eternal Rebel ਲਿਖ ਕੇ ਨੇਪਰੇ ਚਾੜਿਆ। ਇਹੀ ਪੁਸਤਕ ਕੁਝ ਸਮੇਂ ਤਕ ਓਸੇ ਵਿਭਾਗ ਵਲੋਂ ਪੰਜਾਬੀ ਵਿਚ ਵੀ ਛਾਪੀ ਜਾ ਰਹੀ ਹੈ। ਲੱਗਦੇ ਹੱਥ ਹੀ ਮੈਨੂੰ ਦੋ ਹੋਰ ਜੀਵਨੀਆਂ ਵੀ ਲਿਖਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ, (ਦੋਵੇਂ ਅੰਗਰੇਜ਼ੀ ਵਿਚ) ਇਕ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ, ਜੋ ਮੇਰੇ ਪਰਕਾਸ਼ਕ ਸ੍ਰੀ ਹਰੀਸ਼ ਜੈਨ-ਯੂਨੀਸਟਾਰ, ਚੰਡੀਗੜ੍ਹ ਛਾਪ ਰਹੇ ਨੇ, ਤੇ 'ਸ਼ਹੀਦ ਭਗਵਤੀ ਚਰਨ ਵੋਹਰਾ ਤੇ ਦੁਰਗਾ ਭਾਬੀ' ਵਾਲੀ ਫਿਰ ਹਿੰਦ ਸਰਕਾਰ ਦਾ ਪਰਕਾਸ਼ਨਾ ਵਿਭਾਗ।

ਇਹ ਵਿਸਥਾਰ ਦੇਣ ਦੀ ਖੁਲ੍ਹ ਲੈ ਰਿਹਾ ਹਾਂ ਜੋ ਕਿ ਪਿਛਲੇ ਤਿੰਨ ਸਾਲਾਂ ਤੋਂ ਮੈਂ ਇਹਨਾਂ ਬਾਰੇ, ਇਹਨਾਂ ਦੇ ਸਾਥੀਆਂ ਦੀਆਂ ਯਾਦਾਂ, ਸਰਕਾਰੀ ਮਿਸਲਾਂ ਤੇ ਖਾਸ ਕਰਕੇ ਇਹਨਾਂ ਤੇ ਚਲਾਏ ਗਏ ਮੁਕਦਮਿਆਂ ਦੀਆਂ ਦਸਤਾਵੇਜ਼ਾਂ ਪੜ੍ਹਦਾ ਘੋਖਦਾ ਆ ਰਿਹਾ ਹਾਂ, ਤਾਂਕਿ ਇਹਨਾਂ ਬਾਰੇ ਭਰੋਸੇਯੋਗ ਤੱਥ ਪਾਠਕਾਂ ਦੀ ਭੇਟ ਕੀਤੇ ਜਾ ਸਕਣ ਤੇ ਪਰਚਲਤ ਦੰਦ ਕਥਾਵਾਂ ਨੂੰ ਸਚਾਈ ਦੀ ਕਸਵੱਟੀ ਤੇ ਪਰਖਿਆ ਜਾ ਸਕੇ।

ਹੁਣ ਆਉਂਦਾ ਹਾਂ ਮੂਲ ਵਿਸ਼ੇ ਤੇ। ਇਹ ਠੀਕ ਹੈ ਕਿ ਆਜ਼ਾਦ ਦਾ ਪ੍ਰਣ ਸੀ ਕਿ ਮੈਂ ਜੀਂਦੇ ਜੀਅ ਪੁਲੀਸ ਦੇ ਹੱਥ ਨਹੀਂ ਆਉਣਾ, ਜੋ ਉਹਨਾਂ ਨੇ ਨਿਭਾਇਆ ਵੀ, ਪਰ ਇੰਜ ਨਹੀਂ ਜਿਵੇਂ ਕਿ ਆਮ ਤੌਰ ਤੇ ਕਿਹਾ ਜਾਂਦਾ ਹੈ, ਕਿ ਜਦੋਂ ਓਹਨਾਂ ਕੋਲ ਇਕੋ ਕਾਰਤੂਸ ਰਹਿ ਗਿਆ, ਤਾਂ ਓਹਨਾਂ ਨੇ ਸੱਜੀ ਪੁੜਪੁੜੀ ਤੇ ਪਿਸਤੌਲ ਦੀ ਨਾਲੀ ਸੇਧ ਕੇ ਆਪਣੇ ਆਪ ਨੂੰ ਗੋਲੀ ਮਾਰ ਕੇ ਆਪਣਾ ਪ੍ਰਣ ਨਿਭਾਇਆ।

ਸ਼ਹੀਦ ਆਜ਼ਾਦ ਦੇ ਸਭ ਤੋਂ ਨੇੜਲੇ ਸਾਥੀ ਸ੍ਰੀ ਵਿਸ਼ਵਨਾਥ ਵੈਸ਼ਪਾਇਨ ਨੇ ਸ਼ਹੀਦ ਦੀ ਤਿੰਨ ਖੰਡਾਂ (Volumes) ਦੀ ਜੀਵਨੀ ਲਿਖੀ ਹੋਈ ਹੈ "ਅਮਰ ਸ਼ਹੀਦ ਚੰਦਰ ਸ਼ੇਖਰ ਆਜ਼ਾਦ"। ਇਹਨਾਂ ਦੀ ਗ੍ਰਿਫਤਾਰੀ ਆਜ਼ਾਦ ਦੀ ੨੭-੨-੩੧ ਨੂੰ ਸ਼ਹੀਦੀ ਤੋਂ ਨੌ ਦਿਨ ਪਹਿਲਾਂ ਹੋਈ ਸੀ। ਪਰ ੨੭ ਫਰਵਰੀ ਨੂੰ ਸ਼ਹੀਦ ਦੇ ਆਖਰੀ ਮਾਅਰਕੇ ਵੇਲੇ ਉਹਨਾਂ ਨਾਲ ਸੀ ਸੁਖਦੇਵ ਰਾਜ (ਵਾਸੀ-ਦੀਨਾਨਗਰ, ਗੁਰਦਾਸਪੁਰ) ਸੀਗੇ, ਜਿਨ੍ਹਾਂ ਨੇ ਖੁਦ ੧੯੭੩ ਦੌਰਾਨ ਹਿੰਦੀ ਵਿਚ ਆਪਣੀ ਜੀਵਨ ਕਥਾ ਲਿਖੀ ਹੈ-"ਜਬ ਜੋਤ ਜਗੀ।"

ਇਸ ਚਰਚਾ ਦੇ ਤਿੰਨ ਆਧਾਰ ਹਨ-

ਸੁਖਦੇਵ ਰਾਜ-ਦਾ ਓਹ ਬਿਆਨ ਜੋ ਓਹਨੀ ਦਿਨੀਂ ਕਈ ਅਖਬਾਰਾਂ ਵਿਚ ਪਰਕਾਸ਼ਤ ਹੋਇਆ ਸੀ, ਅਨੁਸਾਰ :-

ਅਸੀਂ ਦੋਵੇਂ ਪਾਰਕ ਵਿਚ ਬੈਠੇ ਸਲਾਹ-ਮਸ਼ਵਰਾ ਕਰ ਰਹੇ ਸਾਂ। ਜਦੋਂ ਇਕ ਆਦਮੀ ਜੋ ਦਾਤਨ ਕਰ ਰਿਹਾ ਸੀ, ਨੇ ਸਾਡੇ ਵਲ ਘੂਰ ਕੇ ਵੇਖਿਆ ਤਾਂ ਅਸੀਂ ਮੁਹਤਾਤ ਹੋ ਗਏ। ਐਨੇ੍ ਨੂੰ ਇਕ ਕਾਰ ਸਾਡੇ ਸਾਹਮਣੇ ਆ ਕੇ ਰੁੱਕੀ, ਜਿਸ ਵਿਚੋਂ ਇਕ ਅੰਗਰੇਜ਼ ਪੁਲੀਸ ਅਫਸਰ ਨਿਕਲਿਆ, ਜਿਸ ਨੇ ਪਿਸਤੌਲ ਸਾਡੇ ਵਲ ਸੇਧ ਕੇ ਪੁਛਿਆ "ਤੁਸੀਂ ਕੌਣ ਹੋ?"

ਆਜ਼ਾਦ ਤੇ ਮੈਂ, ਅਸੀਂ ਦੋਹਾਂ ਨੇ ਪਿਸਤੌਲ ਕਢੇ ਤੇ ਦੁਪਾਸੀ ਗੋਲੀ ਚਲਣੀ ਸ਼ੁਰੂ ਹੋ ਗਈ। ਇਕ ਗੋਲੀ ਆਜ਼ਾਦ ਦੇ ਸੱਜੇ ਪੱਟ ਤੇ ਲੱਗੀ, ਜਿਸ ਕਾਰਨ ਓਹ ਖੜੇ ਨਹੀਂ ਰਹਿ ਸਕਦੇ ਸੀ। ਆਜ਼ਾਦ ਨੂੰ ਦੂਜੀ ਗੋਲੀ ਸੱਜੇ ਮੋਢੇ ਤੇ ਸੱਜੀ ਬਾਂਹ ਤੇ ਜੋੜ ਤੇ ਲੱਗੀ, ਜਿਸ ਦਾ ਰੁਖ ਮੋਢੇ ਤੋਂ ਹੇਠਾਂ ਵਲ ਜਾ ਕੇ ਸੱਜੇ ਫਿਫੜੇ ਵਲ ਨੂੰ ਸੀ। ਇਸ ਦੇ ਬਾਅਦ ਆਜ਼ਾਦ ਸੱਜੇ ਹੱਥ ਨਾਲ ਫਾਇਰ ਨਹੀਂ ਕਰ ਸਕਦੇ ਸੀ, ਤਾਂ ਉਹਨਾਂ ਖੱਬੇ ਹੱਥ ਨਾਲ ਫਾਇਰਿੰਗ ਜਾਰੀ ਰੱਖੀ ਤੇ ਨਾਲੇ ਮੈਨੂੰ ਓਥੋਂ ਚਲੇ ਜਾਣ ਲਈ ਕਿਹਾ, ਤਾਂ ਮੈਂ ਓਥੋਂ ਜਿਵੇਂ ਕਿਵੇਂ ਬੱਚ ਨਿਕਲਿਆ।

ਓਪਰੋਕਤ ਬਿਆਨ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਪਹਿਲੀ ਗੋਲੀ ਪੱਟ ਤੇ ਲੱਗਣ ਪਿਛੋਂ ਆਜ਼ਾਦ ਲਗਭਗ ਹੇਠਾਂ ਲੇਟ ਕੇ ਹੀ ਮੁਕਾਬਲਾ ਕਰਦੇ ਰਹੇ ਹੋਣਗੇ। ਜਿਸਦਾ



Namdhari Elibrary NamdhariElibrary@gmail.com

ਸਬੂਤ ਕਿਉਂ ਜੋ ਓਹਨਾਂ ਦੇ ਸੱਜੇ ਮੋਢੇ ਤੇ ਲੱਗੀ ਗੋਲੀ ਦਾ ਰੁਖ ਹੇਠਾਂ ਫੇਫੜੇ ਵਲ ਹੈ (ਜੇ ਕਿਤੇ ਓਹ ਓਸ ਮੌਕੇ ਓਹ ਖੜੇ ਹੁੰਦੇ ਤਾਂ ਗੋਲੀ ਮੋਢੇ ਨੂੰ ਚੀਰਦੀ ਹੋਈ ਸਿਧੀ ਆਰਪਾਰ ਹੋ ਜਾਣੀ ਸੀ।

ਚੂੰਕਿ ਇਕ ਤੀਜੀ ਗੋਲੀ ਆਜ਼ਾਦ ਦੀ ਸਜੀ ਪੁੜਪੁੜੀ ਤੇ ਲੱਗੀ ਸੀ, ਜਿਸ ਨਾਲ ਕਿ ਇਕਦਮ ਓਹਨਾਂ ਪਰਾਨ ਤਿਆਗ ਦਿੱਤੇ, ਉਹ ਸੁਖਦੇਵ ਰਾਜ ਦੇ ਜਾਣ ਪਿਛੋਂ ਹੀ ਲੱਗੀ ਹੋ ਸਕਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ (ਸੱਜਾ) ਹੱਥ ਸਾਹਮਣੇ ਵਲ ਨੂੰ ਫਾਇਰ ਕਰਨ ਦੀ ਹਾਲਤ ਵਿਚ ਨਹੀਂ ਸੀ, ਓਹ ਵਲ ਫੇਰ ਪਾ ਕੇ ਸੱਜੀ ਪੁੜਪੁੜੀ ਤੇ ਕਿਵੇਂ ਫਾਇਰ ਮਾਰ ਸਕਦਾ ਸੀ? ਇਹ ਮੁਮਕਨਾਤ ਦੇ ਦਾਇਰੇ ਤੋਂ ਬਾਹਰ ਦੀ ਗੱਲ ਹੈ, ਭਾਵ ਜੇ ਅਸੰਭਵ ਨਹੀਂ ਤਾਂ ਸੰਭਵ ਹੋਣਾ ਮੰਨ ਲੈਣਾ ਵੀ ਐਣਾ ਸਰਲ ਨਹੀਂ। ਖ਼ੈਰ!

(੨) ਪੋਸਟ ਮਾਰਟਮ ਰੀਪੋਰਟ

ਓਹਨਾਂ ਦੇ ਪੋਸਟ ਮਾਰਟਮ ਦੀ ਰੀਪੋਰਟ ਜੋ ਸੰਖੇਪ ਰੂਪ ਵਿਚ ੨ ਮਾਰਚ ੧੯੩੧ ਨੂੰ ਅੰਗਰੇਜ਼ੀ ਅਖ਼ਬਾਰ "ਲੀਡਰ" (Leader ਵਿਚ ਛਪੀ ਸੀ) ਅਨੁਸਾਰ-

ਸ਼ਹੀਦ ਦੀ ਮੌਤ ਦਾ ਕਾਰਨ ਦੋ ਜ਼ਖਮ ਸਨ, ਇਕ ਸੱਜੇ ਫੇਫੜੇ ਦਾ ਤੇ ਦੂਜਾ ਸੱਜੀ ਪੁੜਪੁੜੀ ਵਾਲਾ। ਡਾਕਟਰ ਦੀ ਸਮਝੀ ਸੋਚੀ ਰਾਏ ਹੈ ਕਿ ਸਿਰ ਵਾਲਾ ਜ਼ਖਮ ਦੂਰੋਂ ਚਲਾਈ ਗੋਲੀ ਦਾ ਹੈ, ਕਿਉਂਕਿ ਜੋ ਗੋਲੀ ਬਿਲਕੁਲ ਨੇੜਿਉਂ (point blank) ਚਲਾਈ ਗਈ ਹੁੰਦੀ ਤਾਂ ਪੁੜਪੁੜੀ ਦਾ ਵਾਲ ਤੇ ਚਮੜੀ ਜਲੀ ਸੜੀ ਹੋਣੀ ਹੀ ਜੋ ਕਿ ਨਹੀਂ ਪਾਈ ਗਈ। ਇਸ ਲਈ ਇਹ ਜ਼ਖਮ ਦੂਰੋਂ ਚਲਾਈ ਗਈ ਗੋਲੀ ਦਾ ਹੈ।

ਫੌਜਦਾਰੀ ਅਦਾਲਤੀ ਮਹਾਵਰੇ ਅਨੁਸਾਰ ਐਨੀ ਗਵਾਹੀ (eye-witness account) ਤੇ ਡਾਕਟਰੀ (medical) ਦੋਵੇਂ ਹੀ ਸਿਰ ਦਾ ਜ਼ਖਮ ਦੂਰੋਂ ਲੱਗੀ ਗੋਲੀ ਵਲ ਹੀ ਸਪੱਸ਼ਟ ਸੰਕੇਤ ਕਰਦੇ ਹਨ।

(੩) ਮੌਕੇ ਤੇ ਬਰਾਮਦਗੀ-ਪੁਲੀਸ ਦੇ ਰੀਕਾਰਡ ਅਨੁਸਾਰ ਸ਼ਹਾਦਤ ਤੋਂ ਪਿਛੋਂ, ਸ਼ਹੀਦ ਕੋਲੋਂ ੪੪੮ ਰੁਪੈ ਤੇ ਕੁਛ ਛੋਟੇ ਸਿਕੇ, ੧੬ ਅਣਚਲੇ (live) ਕਾਰਤੂਸ ਤੇ ੨੨ ਖਾਲੀ (empties) ਬਰਾਮਦ ਕੀਤੇ ਗਏ ਸਨ। ਤਦ ਅਨੁਸਾਰ ਸ਼ਹੀਦ ਕੋਲ "ਆਖਰੀ ਬਚੇ" ਕਾਰਤੂਸ ਵਾਲੀ ਗੱਲ ਵੀ ਠੀਕ ਨਹੀਂ ਮੰਨੀ ਜਾ ਸਕਦੀ। (ਇਹ ਤਥ ਹਿੰਦੀ ਵਿਚ ਪ੍ਰੋ. ਫੂਲਚੰਦ ਦੁਆਰਾ ਗਿਆਰਾਂ ਖੰਡਾਂ ਵਿਚ ਲਿਖੀ ਪੁਸਤਕ ਲੜੀ : "ਸਵਤੰਤਰਤਾ ਸੈਨਾਨੀ ਗ੍ਰੰਥ ਮਾਲਾ" ਸਤਵੀਂ ਖੰਡ (Volumn VII) ਦੇ ਪੰਨਾ ੧੦੫ ਤੇ ਦਰਜ ਹੈ)।

ਆਖਰੀ ਨਿਰਣਾ ਪਾਠਕਾਂ ਤੇ ਛੱਡਦਾ ਹੋਇਆ। ਦਾਸ *ਪ੍ਰ. ਮਲਵਿੰਦਰ ਜੀਤ ਸਿੰਘ ਵੜੈਚ।*

---

# ਸੰਤ ਸਰੂਪ ਸਿੰਘ ਮਲੀ ਨਮਿਤ ਸਮਾਗਮ

ਰਾਜ ਨਗਰ, ਬਸਤੀ ਬਾਵਾ ਖੇਲ ਜਲੰਧਰ ਦੇ ਨਿਵਾਸੀ ਸਵ. ਵੈਦ ਲਛਮਣ ਸਿੰਘ ਨਾਮਧਾਰੀ ਦੇ ਸਪੁੱਤਰ ਸੰਤ ਸਰੂਪ ਸਿੰਘ ਜੀ ਜੋ ਸੰਤ ਸੁਭਾ, ਤਪਸਵੀ ਅਤੇ ਨਿਮਰਤਾ ਦੇ ਪੁੰਜ ਸਨ ਮਿਤੀ ੧ ਨਵੰਬਰ ੨੦੦੯ ਐਤਵਾਰ ਨੂੰ ਯਕਾ ਯਕਾ ਸਰੀਰ ਤਿਆਗ ਗਏ। ਆਪ ਨਾਮਧਾਰੀ ਏਜੰਸੀਜ਼ ਸਹਿਦੇਵ ਮਾਰਕਿਟ ਜਲੰਧਰ ਦੇ ਮਾਲਕ ਸ. ਬਾਲਵਿੰਦਰਜੀਤ ਸਿੰਘ ਮੱਲੀ ਅਤੇ ਸ. ਗੁਰਦਿੱਤ ਸਿੰਘ ਜੀ ਦੇ ਵੱਡੇ ਭਰਾ ਸਨ। ਆਪ ਜੀ ਦਾ ਸਸਕਾਰ ਅਗਲੇ ਦਿਨ ਸੋਮਵਾਰ ਗੁਰਪੁਰਬ ਵਾਲੇ ਦਿਨ ਪੂਰਨ ਨਾਮਧਾਰੀ ਗੁਰਸਿੱਖ ਰੀਤ ਅਨੁਸਾਰ ਢੋਲਕ ਛੈਣਿਆਂ ਨਾਲ ਕੀਰਤਨ ਕਰਦਿਆਂ ਕੀਤਾ ਗਿਆ। ਸੰਤ ਸਰੂਪ ਸਿੰਘ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਸੋਮਵਾਰ ੯ ਨਵੰਬਰ ੨੦੦੯ ਨੂੰ ਪਰਿਵਾਰ ਦੇ ਨਿਵਾਸ ਅਸਥਾਨ ੬੧ ਰਾਜ ਨਗਰ ਜਲੰਧਰ ਵਿਚ ਪਾਇਆ ਗਿਆ। ਸੰਤ ਬਲਬੀਰ ਸਿੰਘ ਜੀ ਨੇ ਆਪਣੇ ਸਹਿਯੋਗੀਆਂ, ਸੰਤ ਸੰਤੋਖ ਸਿੰਘ, ਸੰਤ ਸੁਰਿੰਦਰ ਸਿੰਘ, ਸੰਤ ਸੁਰਿੰਦਰ ਸਿੰਘ ਛਿੰਦਾ ਅਤੇ ਸੰਤ ਆਗਿਆ ਸਿੰਘ ਨਾਲ ਮਿਲ ਕੇ ਬਹੁਤ ਵੈਰਾਗਮਈ ਸ਼ਬਦਾਂ ਦੁਆਰਾ ਰਸਭਿੰਨਾ ਕੀਰਤਨ ਕੀਤਾ, ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਅਤੇ ਸੰਤ ਜੁਗਿੰਦਰ ਸਿੰਘ ਮਹੰਤ ਹੋਰਾਂ ਸ਼ਰਧਾ ਦੇ ਰੂਪ ਵਿਚ ਵਿਚਾਰ ਪੇਸ਼ ਕੀਤੇ। ਪਾਠ ਦੇ ਭੋਗ, ਸਦਾਂ ਦੇ ਪਾਠ, ਅਰਦਾਸ ਉਪਰੰਤ ਪਰਿਵਾਰ ਵਲੋਂ ਮਹੰਤ ਰਘਬੀਰ ਸਿੰਘ ਸਿਰਸਾ ਨੇ ਸ਼ਰਧਾਂਜਲੀ ਭੇਟ ਕੀਤੀ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਸੂਬਾ ਜੁਗਿੰਦਰ ਸਿੰਘ, ਪ੍ਰਧਾਨ ਸੁਰਜੀਤ ਸਿੰਘ, ਸਕੱਤਰ ਦੀਪ ਸਿੰਘ ਸਮੇਤ ਦੂਰੋਂ ਨੇੜਿਓਂ ਰਿਸ਼ਤੇਦਾਰ ਅਤੇ ਭਾਰੀ ਸੰਗਤ ਹਾਜ਼ਰ ਸੀ। ਧਾਰਮਕ ਅਤੇ ਸਮਾਜਕ ਕਾਰਜਾਂ ਲਈ ਮਾਇਆ ਅਰਦਾਸ ਕੀਤੀ ਗਈ।



Namdhari Elibrary NamdhariElibrary@gmail.com

# ਵਾਰਤਾ ਇਕ ਟਕਸਾਲੀ ਤੇ ਪ੍ਰੌਢ ਕੀਰਤਨੀਏ ਦੀ

ਪੰਜਾਬ ਦਾ ਇਕ ਕੇਂਦਰੀ ਸ਼ਹਿਰ ਹੈ। ਇਸ ਦੇ ਇਕ ਮੁਹੱਲੇ ਵਿਚ ਆਪਣੇ ਸਮੇਂ ਦਾ ਇਕ ਪ੍ਰਸਿੱਧ ਕੀਰਤਨੀਆ ਨਿਵਾਸ ਕਰਦਾ ਹੈ। ਮੇਰੇ ਮਨ ਵਿਚ ਉਸ ਨੂੰ ਮਿਲਣ ਦੀ ਤਾਂਘ ਪੈਦਾ ਹੋਈ।

ਮੈਂ ਜਦੋਂ ਮੁਹੱਲੇ ਵਿਚ ਜਾ ਕੇ ਉਹਨਾਂ ਬਾਰੇ ਪੁੱਛਿਆ ਤਾਂ ਨੌਜੁਆਨਾਂ ਨੂੰ ਤਾਂ ਉਹਨਾਂ ਦੇ ਨਾਮ ਬਾਰੇ ਹੀ ਪਤਾ ਨਹੀਂ ਸੀ ਪਰ ਇਕ ਬਜ਼ੁਰਗ ਨੇ ਉਹਨਾਂ ਦਾ ਘਰ ਦੱਸਿਆ।

ਜਦੋਂ ਮੈਂ ਪਤਲੀ ਜਿਹੀ ਗੈਲਰੀ ਲੰਘ ਕੇ ਅੰਦਰ ਗਿਆ ਤਾਂ ਉਹ ਕਾਨਿਆਂ ਨਾਲ ਬਣੀ ਇਕ ਆਰਾਮ ਕੁਰਸੀ ਤੇ ਬੈਠੇ ਧੁੱਪ ਸੇਕ ਰਹੇ ਸਨ। ਸਿਰ ਉੱਤੇ ਪਟਕਾ ਸੀ, ਅਖਬਾਰ ਉੱਤੇ ਉਹਨਾਂ ਦੀ ਐਨਕ ਪਈ ਹੋਈ ਸੀ। ਮੈਂ ਫਤਹਿ ਬੁਲਾਈ। ਉਹ ਖੁਸ਼ ਹੋ ਕੇ ਬੋਲੇ, ਅੱਜ ਸਾਡੇ ਬੁੱਢਿਆਂ ਦੀ ਯਾਦ ਕਿਵੇਂ ਆ ਗਈ?

ਮੈਂ ਉਹਨਾਂ ਨੂੰ ਦੱਸਿਆ ਕਿ ਮੈਨੂੰ ਤਾਂ ਉਹਨਾਂ ਦੀ ਹਮੇਸ਼ਾ ਯਾਦ ਰਹਿੰਦੀ ਹੈ। ਉਹਨਾਂ ਨੂੰ ਪਹਿਲਾ ਸ਼੍ਰੋਮਣੀ ਰਾਗੀ ਅਵਾਰਡ ਮਿਲਿਆ ਸੀ। ਉਹ ਟਕਸਾਲੀ ਸ਼ੈਲੀ ਵਿਚ ਕੀਰਤਨ ਕਰਦੇ ਹਨ। ਕਦੀ ਉਹਨਾਂ ਦੀ ਬੜੀ ਪ੍ਰਸਿੱਧੀ ਸੀ। ਵੱਡੇ ਵੱਡੇ ਕੀਰਤਨੀਏ ਅਤੇ ਗਾਇਕ, ਉਹਨਾਂ ਦਾ ਕੀਰਤਨ ਸੁਣਨ ਦੀ ਇੱਛਾ ਕਰਦੇ ਸਨ। ਪਰ ਉਹਨਾਂ ਨੇ ਆਪਣੇ ਮੂੰਹ ਤੋਂ ਕਦੀ ਵੀ ਭੇਟਾ ਨਹੀਂ ਸੀ ਮੰਗੀ। ਉਹ ਬੜੇ ਸਬਰ ਵਾਲੇ ਸਨ।

ਗੱਲਬਾਤ ਕਰਦਿਆਂ ਪਤਾ ਲੱਗਾ ਕਿ ਹੁਣ ਉਹਨਾਂ ਦਾ ਜੱਥਾ ਟੁੱਟ ਚੁੱਕਾ ਹੈ। ਮੈਂ ਕਾਰਨ ਪੁੱਛਿਆ ਤਾਂ ਕਹਿਣ ਲੱਗੇ "ਸੰਗਤਾਂ ਨੂੰ ਕੀਰਤਨ ਸੁਣਨ ਨਾਲੋਂ ਕੀਰਤਨਈਆਂ ਨੂੰ ਟੀ. ਵੀ. ਉੱਤੇ ਦੇਖਣ ਦੀ ਆਦਤ ਪੈ ਗਈ ਹੈ। ਜਿਹੜੇ ਕੀਰਤਨੀਏ ਰਾਗਦਾਰੀ ਨੂੰ ਨਹੀਂ ਸਮਝਦੇ ਪਰ ਲਿਬਾਸ ਚੰਗਾ ਪਹਿਨਦੇ ਹਨ। ਸਿਮਰਨ ਵਧੇਰੇ ਕਰਵਾਉਂਦੇ ਹਨ। ਹਾਰਮੋਨੀਅਮ ਅਤੇ ਤਬਲੇ ਦੀ ਜੁਗਲਬੰਦੀ ਵਧੇਰੇ ਸੁਣਾਉਂਦੇ ਹਨ। ਸੰਗਤਾਂ ਉਹਨਾਂ ਨੂੰ ਵਧੇਰੇ ਪਸੰਦ ਕਰਦੀਆਂ ਹਨ।

ਜਿਹੜੇ ਕੋਈ ਟਕਸਾਲੀ ਕੀਰਤਨ ਦੇ ਸਰੋਤੇ ਸਨ ਉਹਨਾਂ ਨੂੰ ਗੁਰਦਆਰਾ ਕਮੇਟੀਆਂ ਨੇ ਸਾਡਾ ਕੀਰਤਨ ਸੁਣਨ ਤੋਂ ਰੋਕ ਦਿੱਤਾ ਹੈ।

ਅਕਾਲ ਤਖਤ ਦੇ ਹੁਕਮ ਅਨੁਸਾਰ ਸਾਰੇ ਸਮਾਗਮ ਗੁਰਦੁਆਰਿਆਂ ਵਿਚ ਹੁੰਦੇ ਹਨ। ਐਤਵਾਰ ਤਾਂ ਇਕ ਗੁਰਦੁਆਰੇ ਵਿਚ ਚਾਰ-ਚਾਰ ਪ੍ਰੋਗਰਾਮ ਹੁੰਦੇ ਹਨ। ਗੁਰਦੁਆਰਾ ਕਮੇਟੀਆਂ ਨੇ ਸਾਧਾਰਨ ਜਿਹੇ ਘਟ ਤਨਖਾਹ ਲੈਣ ਵਾਲੇ ਜੱਥੇ ਰੱਖ ਲਏ ਹਨ ਅਤੇ ਉਹ ਕੇਵਲ ਆਪਣੇ ਜੱਥਿਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦਿੰਦੀਆਂ ਹਨ। ਇਸ ਕਰਕੇ ਕੋਈ ਚਾਹ ਕੇ ਵੀ ਸਾਡਾ ਕੀਰਤਨ ਨਹੀਂ ਸੁਣ ਸਕਦਾ।

ਕੀਰਤਨ ਪ੍ਰੋਗਰਾਮ ਨਹੀਂ ਮਿਲਦੇ ਇਸ ਕਰਕੇ ਸਾਥੀ ਵੀ ਸਾਥ ਛੱਡ ਗਏ।

ਮੈਂ ਤਾਂ ਸਾਰੀ ਉਮਰ ਟਕਸਾਲੀ ਕੀਰਤਨ ਸਿੱਖਿਆ, ਕੀਰਤਨ ਸਿਖਾਇਆ ਹੈ। ਹੁਣ ਰੋਜ਼ੀ ਰੋਟੀ ਲਈ ਸਮਝ ਨਹੀਂ ਆਉਂਦੀ ਕੀ ਕਰਾਂ।"

ਮੈਂ ਉਹਨਾਂ ਦੇ ਪ੍ਰਸ਼ਨਾਂ ਦਾ ਉੱਤਰ ਨਹੀਂ ਦੇ ਸਕਿਆ। ਕੀ ਤੁਸੀਂ ਕੁਝ ਕਹੋਗੇ...?

*—(ਡਾ) ਜਾਗੀਰ ਸਿੰਘ*

*ਅਮ੍ਰਿਤ ਕੀਰਤਨ ਨਵੰਬਰ ੨੦੦੯*

*ਦਾ ਸੰਪਾਦਕੀ ਕਰਉ ਬੇਨੰਤੀਆ*



Namdhari Elibrary NamdhariElibrary@gmail.com



# ਚੋਣਵੇਂ ਪੰਜਾਬੀ ਸ਼ਿਅਰ

*ਪ੍ਰੋ. ਜਸਵੰਤ ਸਿੰਘ ਕੈਲਵੀ*

* ਉੱਗਦਾ ਨਾ ਬੀਜ ਜੀਕਰ ਸੁੱਕੀ ਜਮੀਨ ਅੰਦਰ।
ਪੈਦਾ ਦਯਾ ਨਾ ਹੁੰਦੀ ਬੰਦੇ ਕਮੀਨ ਅੰਦਰ।
* ਵੇਖਿਆ ਮੈਂ ਧੂੜ ਅੰਦਰ ਰੁਲ ਗਈ, ਉਹ ਰੁਲ ਗਈ,
ਕੌਮ ਜਿਹੜੀ ਕੋਲ ਧਾਰੇ ਸ਼ਬਦ ਤੇ ਸ਼ਸਤਰ ਨਹੀਂ।
* ਜ਼ਿੰਦਗੀ ਹੈ ਵਾਂਗ ਗੰਨੇ ਕੈਲਵੀ,
ਚੂਪ ਯਾਰਾ ਇਸਦੀਆਂ ਤੂੰ ਪੋਰੀਆਂ।
* ਵਾਹਿਦੇ ਤਿਰੇ ਤੇ ਲਟਕੇ ਮੇਰਾ ਯਕੀਨ ਏਦਾਂ,
ਬਾਰਿਸ਼ ਦੀ ਬੂੰਦ ਅੱਟਕੀ ਜੀਕੂੰ ਹੈ ਤਾਰ ਉੱਤੇ।
* ਮੌਤ ਕੋਲੋਂ ਮੁਕਤ ਹੋ ਕੇ ਹੋ ਗਿਆ ਬਸ ਨੂਰ ਹੀ।
ਜ਼ਿੰਦਗੀ ਦਾ ਛਿੱਟ ਜੋ ਹੋਇਆ ਸ਼ਾਇਰੀ ਦੇ ਰੂਬਰੂ।

*ਨਿਰਮਲ ਸਿੰਘ ਭੰਡਾਲ*

* 'ਨਿਰਮਲ' ਜੇ ਤੂੰ ਰੱਬ ਦਾ ਬੰਦਾ ਕਰ ਕਿਰਤ, ਸੇਵਾ, ਬੰਦਗੀ।
ਵੇਖ ਲਵੀਂ ਤੂੰ ਗੁਜ਼ਰਦੀ ਕਿੰਨੀ ਸੁਹਣੀ ਜ਼ਿੰਦਗੀ।
* ਮਹਿਕੇ ਮਹੌਲ ਸਾਰਾ ਐਸੀ ਗੁਲਜ਼ਾਰ ਦੇਵੀਂ।
ਦੁਨੀਆ ਦੇ ਦੁੱਖ ਕੱਟੀਂ ਮੌਸਮ ਨਿਖਾਰ ਦੇਵੀਂ।
* ਨਿਰਮਲ ਬਿਜਲੀ ਪਾਣੀ ਦਾ ਪੈ ਗਿਆ ਸਾਡੇ ਕਾਲ।
ਰੱਬਾ ਤੂੰ ਹੀ ਵੇਖ ਲੈ ਦਰਦਮੰਦਾਂ ਦਾ ਹਾਲ।
* ਸੁਣ ਲਓ ਮੇਰੇ ਬੱਚਿਉ ਛੱਡ ਦਿਉ ਦੁੱਧ ਤੇ ਘਿਉ।
ਰੋਟੀ ਖਾ ਕੇ ਸਾਰ ਲਉ ਖਸਮਾਂ ਨੂੰ ਖਾਂਦੇ ਸਿਉ।

*ਸੁਲੱਖਣ ਸਰਹੱਦੀ*

* ਤੇਰੇ ਜਜ਼ਬੇ ਜੇ ਸੋਨਾ ਹਨ ਬਣੀਂ ਸੁਨਿਆਰ ਸਰਹੱਦੀ,
ਬਹੁਤ ਸੂਲਾਂ ਤੇ ਸੂਈਆਂ ਨੇ ਬਚਾ ਕੇ ਤਿਤਲੀਆਂ ਰੱਖੀਂ।
* ਕੋਈ ਪੁੱਛੇ ਜੇ ਦਿਸ਼ਾ ਨਹੀਂ ਤਾਂ ਕਿਸ ਕੰਮ ਹੈ ਰਫ਼ਤਾਰ ਦੀ ਤੇਜ਼ੀ,
ਲੋੜ ਸੀ ਪਹਿਲਾਂ ਸੇਧ ਮਿਥਣ ਦੀ ਪਹਿਲਾਂ ਮਿੱਥ ਰਫਤਾਰ ਰਹੇ ਨੇ।
* ਬਹੁਤ ਫਿਕਰ ਹੈ ਮੇਰੇ ਪਿੰਡ ਦਾ ਨਸ਼ਿਆਂ ਦੇ ਵਿਚ ਡੁੱਬ ਨਾ ਜਾਵੇ,
ਬੇਕਾਰਾਂ ਲਈ ਦਿੱਲੀ ਵਾਲੇ ਕਾਗਜ਼ੀ ਕਿਸ਼ਤੀ ਤਾਰ ਰਹੇ ਨੇ।
* ਇਕ ਸ਼ਾਇਰ ਦੇ ਐ ਸਰਹੱਦੀ ਸ਼ਾਇਰੀ ਨਾਲ ਨਜਾਇਜ਼ ਸਬੰਧ ਸਨ,
ਲਿਖਦਾ ਕੁਝ ਸੀ ਕਰਦਾ ਕੁਝ ਸੀ ਲੋਕੀਂ ਮਿਹਣੇ ਮਾਰ ਰਹੇ ਨੇ।

*ਗੁਰਦੀਪ ਭਾਟੀਆ 'ਦੀਪ'*

* ਅਸੀਂ ਕੁੱਲੀ 'ਚ ਵੀ ਖੁਸ਼ ਹਾਂ ਸ਼ਿਕਾਇਤ ਹੈ ਨਾ ਸ਼ਿਕਵਾ ਹੈ,
ਨ ਜਾਣੇ ਫੇਰ ਵੀ ਕਾਹਤੋਂ ਚੁਬਾਰੇ ਜੀਣ ਨਈਂ ਦੇਂਦੇ।
ਜੇ ਜੀਣਾ ਹੈ ਤਾਂ ਬਾਹਾਂ ਆਪਣੀਆਂ ਵਿਚ ਜ਼ੋਰ ਪੈਦਾ ਕਰ,
ਕਿਸੇ ਨੂੰ ਕੀ ਜੇ ਤੈਨੂੰ ਹੌਲੇ ਭਾਰੇ ਜੀਣ ਨਈਂ ਦੇਂਦੇ।
ਅਸੀਂ ਏਕੜ ਕਨਾਲਾਂ ਵਿਚ ਕਿਵੇਂ ਨਾ ਵੰਡੀਏ ਐ 'ਦੀਪ',
ਬਿਨਾ ਵੰਡੀਆਂ ਤੋਂ ਹੁਣ ਅੱਖੀਆਂ ਦੇ ਤਾਰੇ ਜੀਣ ਨਈਂ ਦੇਂਦੇ।

*ਪ੍ਰੋ. ਸੁਖਦੇਵ ਸਿੰਘ ਗਰੇਵਾਲ*

* ਮੋਹ ਦੀ ਮੰਝਧਾਰ ਵਿਚੋਂ ਨਿਕਲ ਨਾ ਹੋਇਆ ਜਦੋਂ,
ਹਾਰ ਕੇ ਮੈਂ ਸ਼ੂਕਦੇ ਤੂਫ਼ਾਨ ਦੇ ਗਲ ਲਗ ਗਿਆ।
* ਤੁਰ ਰਹੇ ਹਾਂ ਕੰਡਿਆਂ ਤੇ ਰੀਝ ਏਸੇ ਨਾਲ ਹੁਣ,
ਨਾਲ ਮਹਿਕਾਂ ਦੇ ਭਰੇ ਕੁਝ ਰਾਸਤੇ ਤਾਂ ਹੋਣਗੇ।

*ਰਾਮ ਸ਼ਰਨ ਜੋਸ਼ੀਲਾ*

* ਬੰਦਾ ਸੀ ਬੰਦੇ ਨੂੰ ਮਿਲਦਾ ਖੂਹ ਨੂੰ ਜਿਵੇਂ ਪਿਆਸਾ,
ਹੁੰਦਾ ਸੀ ਜਦ ਬਾਰਾਂ ਕੋਹ ਤੇ ਦੀਵਾ ਕੋਈ ਕੋਈ ਜਗਦਾ।
* ਬੋਹੜਾਂ ਪਿੱਪਲਾਂ ਦੀ ਛਾਂ ਥੱਲੇ ਸ਼ਾਮ ਸਵੇਰੇ ਮੇਲੇ,
ਹੁਣ ਤਾਂ ਸ਼ਾਮ ਸਵੇਰੇ ਮੇਲਾ ਠੇਕੇ ਮੋਹਰੇ ਲੱਗਦਾ।
* ਆਜ਼ਾਦੀ ਲਈ ਕੱਟੀਆਂ ਜੇਲ੍ਹਾਂ ਫਾਂਸੀਆਂ ਤੇ ਵੀ ਲੱਟਕੇ,
ਉਹਨਾਂ ਦੇ ਪ੍ਰਵਾਰਾਂ ਦਾ ਹੁਣ ਸਿਰਨਾਵਾਂ ਵੀ ਨਈਂ ਲੱਭਦਾ।
* ਮੇਰੇ ਹੌਕਿਆਂ ਦੀ ਅੱਗ ਨਾਲ ਤਾਰੇ ਸੁਲਘ ਪਏ ਨੇ,
ਅੰਬਰ ਨੂੰ ਸੇਕ ਆਇਆ ਤੈਨੂੰ ਨਾ ਸੇਕ ਆਇਆ।

*—ਪੇਸ਼ਕਾਰ ਚਰਨ ਸੀਚੇਵਾਲਵੀ*
੪੨੮, ਗੁਰੂ ਨਾਨਕਪੁਰਾ ਵੈਸਟ,
ਡਾਕ-ਚੌਗਿੱਟੀ, ਜਲੰਧਰ-੧੪੪੦੦੯
ਫੋਨ-੦੧੮੧-੨੨੩੧੬੫੪



Namdhari Elibrary NamdhariElibrary@gmail.com

# ਮਹਿਮਾ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ

*—ਸਵਾਮੀ ਬ੍ਰਹਮਦੇਵ 'ਉਦਾਸੀ'*

## ਕਬਿੱਤ :

ਪੁੱਤਰ ਕਲੱਤਰ ਔ ਧਰਾ ਧਾਮ ਦੇਨ ਹਾਰੇ,
ਇੰਦਰ ਫਨਿੰਦਰ ਕੇ ਭੋਗ ਭੁਗਵੱਈਆ ਤੂੰ।
ਸ਼ਠ ਹਠੀ ਨੀਚਨ ਕੋ ਦੇਵਤੇ ਕਰਨ ਵਾਲਾ,
ਸ਼ਾਰਦਾ ਔ ਨਾਰਦ ਸੇ ਉੱਤਮ ਗਵੱਈਆ ਤੂੰ।
ਬ੍ਰਹਮ ਸੇ ਮਿਲਾਉਣ ਵਾਲਾ, ਦਵੈਤ ਕੋ ਮਿਟਾਉਣ ਵਾਲਾ,
ਗੁਰੂ ਜਗਜੀਤ ਸਿੰਘ ਪੰਥ ਉਸਰੱਈਆ ਤੂੰ।
ਜੈਸੇ ਔਰ ਪਾਪੀਓਂ ਕੇ ਬੇੜੇ ਪਾਰ ਲਾਏ ਪਹਿਲੇ,
"ਬ੍ਰਹਮਦੇਵ" ਮੇਰੀ ਭੀ ਲਗਾ ਦੇ ਪਾਰ ਨਈਆ ਤੂੰ॥

ਸੱਚ ਸੁੱਚ ਸੰਜਮ ਕੇ ਪੰਥ ਪ੍ਰਦਰਸ਼ਕ ਜੋ,
ਪ੍ਰੇਮ ਨਿਧੀ ਪ੍ਰੇਮ ਪੁੰਜ ਪ੍ਰੇਮ ਕੇ ਪੁਜਾਰੀ ਜੂ।
ਜੀਵਨ ਜੁਗਤ ਜੜ੍ਹ ਜੀਵ ਕੋ ਸਿਖਾਉਣ ਹਾਰੇ,
ਭੁਵਨ ਚਤੁਰ ਦਸ ਪੋਖਕ ਭੰਡਾਰੀ ਜੂ।
ਦਾਸੀ ਸੁਤ ਬਿਦੁਰ ਕੇ ਸੀਸ ਪੈ ਛਤਰ ਧਰ,
ਦਿੱਲੀ ਕੇ ਦਿਲੀਸਰ ਕੇ ਮਾਨ ਕੇ ਸੰਘਾਰੀ ਜੂ।
"ਬ੍ਰਹਮਦੇਵ" ਬ੍ਰਹਮਾ ਕੇ ਭੀ ਗੁਰੂ ਕੇ ਭੀ ਗੁਰੂ ਗੁਰੂ
ਗੁਰੂ ਜਗਜੀਤ ਐਸੀ ਕੀਰਤੀ ਤਿਹਾਰੀ ਜੂ॥

ਪ੍ਰਭੂ ਮਨ ਰੰਜਨ ਕੋ ਮਿਲਿਬੇ ਕੈ ਮੰਜਨ ਕੋ,
ਪੂਨਮ ਕੇ ਚੰਦ ਸਮ ਸ਼ਵੇਤ ਪਟ ਧਾਰੀ ਹੈ।
ਕੰਚਨ ਮੁਕਟ ਮਣੀ ਮੋਤਿਨ ਸ਼ਿੰਗਾਰ ਬਿਨ,
ਦੈਵੀ ਸੰਪਦਾ ਸੋ ਦੇਹੀ ਸੁੰਦਰ ਸਵਾਰੀ ਹੈ।
ਜਗਜੀਤ ਸਿੰਘ ਸਤਿਗੁਰੂ ਕੀ ਅਦੁੱਤੀ ਛਬਿ,
'ਬ੍ਰਹਮਦੇਵ' ਦੇਖਿ ਜਿਯੇ ਉਪਮਾ ਬਿਚਾਰੀ ਹੈ।
ਤਾਲ ਗੀਤ ਬਿਨ ਏਕ ਰੂਪ ਕੈ ਹਰਤਿ ਮਨ,
ਪ੍ਰਬੀਨ ਗਾਇਨ ਕੀ ਜਯੋਂ ਅਲਾਪ ਚਾਰੀ ਹੈ॥

ਊਖ ਮੇਂ ਮਯੂਖ ਮੇਂ ਪਯੂਖ ਮੇਂ ਨਾ ਮਿਲੇ ਐਸਾ,
ਸ਼ਸ਼ੀ ਮੁਖੀ ਹੋਂਠ ਮੇਂ ਨਾ ਕਵਿਤਾ ਕਹਾਣੀ ਮੇਂ।
ਆਮਨ ਅੰਗੂਰਨ ਮੇਂ ਦਾਖਨ ਅਨਾਰਨ ਮੇਂ,
ਰਸਗੁੱਲਨ ਮੇਂ ਨਾਹੀ ਪੇਠਾ ਕੀ ਮਿਠਾਣੀ ਮੇਂ।
ਮੇਵਾ ਮੇਂ ਨਾ ਮਾਖਨ ਮੇਂ ਮਿਸ਼ਰੀ ਮਗਜ਼ ਮੇਂ ਨਾ,
ਐਸਾ ਮੀਠਾ ਰਸ ਨਾਹੀ ਇੰਦਰ ਰਾਜਧਾਨੀ ਮੇਂ।
'ਬ੍ਰਹਮਦੇਵ' ਐਸਾ ਰਸ ਪਾਈਯਤ ਨਾ ਤੀਨ ਲੋਕ,
ਜਗਜੀਤ ਗੁਰੂ ਜੈਸਾ ਰਸ ਤੇਰੀ ਬਾਣੀ ਮੇਂ॥

## ਬੈਂਤ

ਦੀਨ ਦਿਆਲ ਪ੍ਰਣ ਪਾਲ ਜੀ ਦਇਆ ਕਰਕੇ
ਭਾਗ ਸਦਾ ਸੰਸਾਰ ਨੂੰ ਲਾਉਣ ਵਾਲੇ।
ਇੰਦਰ ਲੋਕ ਦੇ ਭੋਗ ਤੇ ਮੋਖ ਭੂਮੀ ਮੰਜ਼ਿਲ
ਦੋਹਾਂ ਤੋਂ ਉੱਚੀ ਬਣਾਉਣ ਵਾਲੇ।
ਸੱਚੇ ਦਿਲੋਂ ਉਪਾਸਨਾ ਕਰੇ ਜਿਹੜਾ
ਉਸ ਤੇ ਮਿਹਰ ਦਾ ਮੀਂਹ ਵਰਸਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥

ਜਨਮਾਂ ਜਨਮਾਂ ਦੀ ਮੈਲ ਦਾ ਨਾਸ਼ ਕਰਕੇ
ਕੋਹੇਨੂਰਾਂ ਤੋਂ ਵੱਧ ਚਮਕਾਉਣ ਵਾਲੇ।
ਵਿੱਦਿਆ ਨਿਧੀ ਬਣਾ ਕੇ ਖ਼ਲ ਕਾਮੀਆਂ ਨੂੰ
ਬ੍ਰਹਮ ਗਿਆਨ ਦੀ ਗੰਗਾ ਨਹਾਉਣ ਵਾਲੇ।
ਸ਼ਠ ਹਠੀ ਪਾਖੰਡੀ ਹੰਕਾਰੀਆਂ ਨੂੰ
ਰਾਹ ਰੱਬ ਦਾ ਸਦਾ ਵਿਖਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥

ਤਿਆਗ ਨਿਮਰਤਾ ਸ਼ਾਂਤੀ ਸਮਦ੍ਰਿਸ਼ਟੀ ਦੈਵੀ
ਸੰਪਦਾ ਸੇਵਕ ਵਿਚ ਪਾਉਣ ਵਾਲੇ।
ਧੀਰਜ ਧਰਮ ਨਿਸ਼ਠਾ ਸੇਵਾ ਏਕਤਾ ਦਾ
ਪਾਠ ਜਗਤ ਨੂੰ ਸਦਾ ਪੜ੍ਹਾਉਣ ਵਾਲੇ।
ਲੋਭ ਲੋਭ ਹਿੰਸਾ ਕਾਮ ਕਪਟ ਕਰਨਾ
ਦੁਰਗੁਣ ਸ਼ਿਸ਼ ਦੇ ਮਨੋਂ ਨਸਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥



Namdhari Elibrary NamdhariElibrary@gmail.com

ਚੋਰੀ ਡਾਕਾ ਤੇ ਮਿੱਤਰ ਸੰਗ ਧ੍ਰੋਹਬਾਜ਼ੀ
ਤੌਬਾ ਔਗੁਣਾਂ ਵੱਲੋਂ ਕਰਵਾਉਣ ਵਾਲੇ।
ਦੇਹ ਅਰੋਗਤਾ ਅਤੇ ਬੇਕਰਜ਼ ਜੀਵਨ
ਜੱਗ ਜਿਉਣ ਦੀ ਜਾਚ ਸਿਖਾਉਣ ਵਾਲੇ।
ਸ਼ਰਧਾ ਹੀਣ ਕੁਤਰਕੀ ਬੇ ਸਬਰਿਆਂ ਦੀ
ਸੰਗਤ ਕਰਨ ਤੋਂ ਚਿੱਤ ਭਵਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥



ਜੂਆ ਵੇਸਵਾ ਨਿੰਦਿਆ ਸੱਜਨਾਂ ਦੀ
ਕਰਨ ਸੁਨਣ ਦਾ ਰਾਹ ਛੁਡਾਉਣ ਵਾਲੇ।
ਜੀਵ ਬ੍ਰਹਮ ਦਾ ਭੇਦ ਮਿਟਾਉਣ ਵਾਲੇ
ਆਵਾ ਗਾਉਣ ਦਾ ਚੱਕਰ ਮੁਕਾਉਣ ਵਾਲੇ।
ਬਖ਼ਸ਼ਣ ਸ਼ਹਿਨਸ਼ਾਹੀਆਂ ਦਾਸੀ ਪੁੱਤਰਾਂ ਨੂੰ
ਦਸਮ ਦੁਆਰ ਦੀ ਜੋਤ ਦਰਸਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥

ਦਾਤ ਪੁੱਤਾਂ ਦੀ ਦੇਣ ਨਿਪੁੱਤਿਆਂ ਨੂੰ
ਕਿਧਰੇ ਦੁੱਧਾਂ ਦੇ ਹੜ੍ਹ ਵਗਾਉਣ ਵਾਲੇ॥
ਮਾਣ ਬਖ਼ਸ਼ਦੇ ਸਦਾ ਨਿਮਾਣਿਆਂ ਨੂੰ
ਕੁੱਲ ਧਨ ਹੀਣਾਂ ਨੂੰ ਕੰਠ ਲਗਾਉਣ ਵਾਲੇ।
ਦੇ ਕੇ ਆਸਰਾ ਟੁੱਟੇ ਨਿਖੁੱਟਿਆ ਨੂੰ
ਦੌਲਤ ਮੰਦ ਕਰ ਘਰੀਂ ਪਰਤਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥

ਪਾ ਕੇ ਆਪਣੇ ਜਿਗਰ ਦਾ ਲਹੂ ਸੁੱਚਾ
ਸੁੱਕੇ ਕਿਸੇ ਦੇ ਬਾਗ ਮਹਿਕਾਉਣ ਵਾਲੇ।
ਭੀਸ਼ਮ ਵਾਂਗ ਕਰ ਫਤਹਿ ਸੁਅੰਬਰਾਂ ਨੂੰ
ਸੇਹਰੇ ਹੋਰਾਂ ਦੇ ਸਿਰੀਂ ਸਜਾਉਣ ਵਾਲੇ।
ਨੇਕ ਨੀਤ ਕ੍ਰਿਤੱਗਤਾ ਚੰਗਿਆਈਆਂ
ਲੱਜਿਆ ਸ਼ਰਮ ਦਾ ਰੰਗ ਚੜ੍ਹਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥

ਗੁਰੂ ਪੀਰ ਵਿਚ ਕਾਮਲ ਯਕੀਨ ਦੱਸਣ
ਘਰ ਘਰ ਪਿਆਰ ਦੀ ਜੋਤ ਜਗਾਉਣ ਵਾਲੇ।
ਹਉਮੈ ਈਰਖਾ ਧਾਤ ਦੁਰਵਿਅਸਨ ਤ੍ਰਿਸ਼ਨਾ
ਦੁਬਿਧਾ ਦਵੈਸ਼ ਦੀ ਅਗਨਿ ਬੁਝਾਉਣ ਵਾਲੇ।
ਸੱਚ ਸੁੱਚ ਸੁਭਚਿੰਤਨ ਸਤਿ ਸੁਹਜਵਿਰਤੀ ਕਿਰਤ
ਕਿਰਤ ਵਿਰਤਿ ਤੇ ਖ਼ਿਮਾ ਦ੍ਰਿੜਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥

ਘਾਲ ਘਾਲਣੀ ਰਾਹ ਕੁਰਬਾਨੀਆਂ ਦਾ
ਚੜ੍ਹਦੀ ਕਲਾ ਦਾ ਪੱਲਾ ਫੜਾਉਣ ਵਾਲੇ।
ਕੋਕਿਲ ਕੰਠ ਸੁਰ ਦੇਂਵਦੇ ਗੁੰਗਿਆਂ ਨੂੰ
ਅਤੇ ਪਿੰਗਲੇ ਗਿਰੀਂ ਚੜ੍ਹਾਉਣ ਵਾਲੇ।
ਆਗਮ ਨਿਗਮ ਸੰਗੀਤ ਦੇ ਭੇਤ ਗੁੱਝੇ
ਪਲਕ ਝਲਕ ਦੇ ਵਿਚ ਸਮਝਾਉਣ ਵਾਲੇ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥

ਸੋਝੀ ਕਾਵਿ ਦੀ ਬਖ਼ਸ਼ ਕਵੀਸ਼ਰਾਂ ਨੂੰ
ਗੁੱਝੇ ਕਲਮ ਦੇ ਭੇਤ ਸਿਖਾਉਣ ਵਾਲੇ।
ਭੁੱਲਣ ਹਾਰ ਜੜ੍ਹ ਜੀਵ ਅਗਿਆਨ ਭਰਿਆ
ਬਿਨਾਂ ਭੁੱਲ ਅਭੁੱਲ ਸਦਵਾਉਣ ਵਾਲੇ।
ਲੱਖਾਂ ਤਰੇ ਤੇ ਤਰਨਗੇ ਹੋਰ ਲੱਖਾਂ
"ਬ੍ਰਹਮਦੇਵ" ਵਰਗੇ ਸ਼ਰਨ ਆਉਣ ਵਾਲੇ॥
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਬੇੜੇ ਡੁੱਬਦੇ ਪਾਰ ਲਗਾਉਣ ਵਾਲੇ॥



Namdhari Elibrary NamdhariElibrary@gmail.com



# ਕਰਤਾਰ ਸਿੰਘ ਪੰਛੀ ਦੀਆਂ ਦੋ ਰਚਨਾਵਾਂ

ਦਿਲ ਦੀ ਸ਼ਾਇਰੀ ਕਰਦੇ
ਦਿਲ ਦੇ ਰੋਗੀ ਹੋ ਗਏ
ਇਹ ਸਮੇਂ ਦਾ ਗੇੜ ਹੈ
'ਕਰਤਾਰ' ਜੋਗੀ ਹੋ ਗਏ

ਦੋਸਤਾਂ ਦੀ ਦੋਸਤੀ ਨੇ
ਇਝ ਉਖੇੜਾ ਮਾਰਿਆ
ਪੌਣਹਾਰੀ ਜ਼ਿੰਦਗੀ ਦੇ
ਗੀਤ ਭੋਗੀ ਹੋ ਗਏ

ਰੂਹ ਤੇ ਬਿਰਹਾ ਜਦੋਂ ਤੋਂ
ਹੋ ਗਏ ਨੇ ਰੂ-ਬ-ਰੂ
ਮੁਸਕਰਾਂਦੇ, ਮਹਿਕਦੇ
ਜਜ਼ਬਾਤ, ਸੋਗੀ ਹੋ ਗਏ

ਦਿਲਾਂ ਦਾ ਮਹਿਰਮ ਜਦੋਂ ਤੋਂ
ਚੁੱਪ ਕਰਕੇ ਬਹਿ ਗਿਆ
ਚਹਿਕਦੇ ਅਹਿਸਾਸ ਵੀ
ਸਾਰੇ ਵਿਯੋਗੀ ਹੋ ਗਏ

ਵਿਛੜੇ ਸੱਜਣ ਨੂੰ ਸਾਥੋਂ
ਬਹੁਤ ਅਰਸਾ ਹੋ ਗਿਆ
'ਪੰਛੀ' ਖ਼ਲਾਅ ਵਿੱਚ ਵਿਚਰਦੇ
ਮੇਲੇ ਸੰਜੋਗੀ ਹੋ ਗਏ।

ਇਹ ਕਿਹੋ ਜਿਹੀ ਯਾਤਰਾ ਹੈ, ਹਮਸਫ਼ਰ ਕੋਈ ਨਹੀਂ
ਪੰਛੀ ਫਿਰ ਵੀ ਉਡ ਰਿਹਾ ਹੈ, ਤਨ 'ਤੇ ਪਰ ਕੋਈ ਨਹੀਂ

ਹਰ ਤਰਫ਼ ਕੰਧਾਂ ਹੀ ਕੰਧਾਂ, ਛੱਤ ਵੀ ਨਾਕਿਸ ਜਿਹੀ
ਓਸ ਘਰ ਵਿੱਚ ਕੀ ਵਸੇਬਾ, ਜਿਸ ਦਾ ਦਰ ਕੋਈ ਨਹੀਂ

ਦੇਸ਼ ਨੇ ਕੀਤੀ ਤਰੱਕੀ, ਠੀਕ ਹੀ ਹੋਵੇਗਾ, ਪਰ
ਓਸ ਲਈ ਕਾਹਦੀ ਤਰੱਕੀ, ਜਿਸ ਦਾ ਘਰ ਕੋਈ ਨਹੀਂ

ਇਹ ਸਮੇਂ ਦਾ ਦੌਰ ਵੀ, ਤੱਕੋ ਜ਼ਰਾ ਮੇਰੇ ਹਜ਼ੂਰ
ਚੋਰ, ਡਾਕੂ ਤੇ ਲੁਟੇਰੇ, ਰਹਿਬਰ ਕੋਈ ਨਹੀਂ

ਚਾਪਲੂਸਾਂ, ਪਿੱਛਲਗਾਂ ਤੇ ਚਮਚਿਆਂ ਦੀ ਭੀੜ ਹੈ
ਇਸ ਵਿਚਾਰੀ ਭੀੜ ਕੋਲੇ, ਆਪਣਾ ਸਿਰ ਕੋਈ ਨਹੀਂ

ਦੇਸ਼ ਦੀ ਭਟਦੀ ਜੁਆਨੀ ਭਟਕਣਾ ਵਿੱਚ ਫਿਰ ਰਹੀ
ਹਰ ਤਰਫ਼ ਆਵਾਰਗੀ ਹੈ, ਮੁਹਤਬਰ ਕੋਈ ਨਹੀਂ

ਖਾ ਰਿਹੈ ਜੀਵਨ ਨੂੰ ਬੀਬਾ, ਰੋਗ ਭ੍ਰਿਸ਼ਟਾਚਾਰ ਦਾ
ਲੱਖ ਉਪਾ ਕੀਤੇ ਨੇ ਇਸ ਦੇ, ਕਾਰਗਰ ਕੋਈ ਨਹੀਂ

ਦੇ ਲਵੋ ਮੱਤਾਂ ਕੋਈ ਸੌ ਵਾਰ, ਉਸ ਕੰਮਬਖਤ ਨੂੰ
ਉਸ ਭੱਦਰ-ਪੁਰਸ਼ ਉੱਤੇ, ਪਰ ਅਸਰ ਕੋਈ ਨਹੀਂ

'ਪੰਛੀ' ਤੇਰੀ ਬੱਲੇ ਬੱਲੇ, ਕਿਉਂ ਕਰੂਗਾ ਇਹ ਸਮਾਜ
ਨਾ ਵਜ਼ੀਰੀ, ਨਾ ਕੁਈ ਅਹੁਦਾ, ਪੱਲੇ ਜ਼ਰ ਕੋਈ ਨਹੀਂ।



Namdhari Elibrary NamdhariElibrary@gmail.com

## .ਗ਼ਜ਼ਲ

*—ਸ਼ਿਵਨਾਥ*

ਨਦੀਆਂ ਦਾ ਪਾਣੀ ਡੁਸਕਦੈ!
ਜੰਗਲ ਉਦਾਸ ਨੇ!
ਧਰਤੀ ਨੂੰ ਬਹੁਤਾ ਮਾਰਿਐ
ਸਾਡੇ 'ਵਿਕਾਸ' ਨੇ।

ਸ਼ਾਇਦ ਅਜੇ ਵੀ ਦੂਰ ਹੈ,
ਸੀਮਾ ਵਿਕਾਸ ਦੀ।
'ਜਲਵਾ' ਵਿਖਾਣਾ ਹੋਰ ਵੀ,
ਸ਼ਾਇਦ ਵਿਕਾਸ ਨੇ।

ਕੱਢਾਂਗੇ ਜ਼ਹਿਰਾਂ ਕਿਸ ਤਰ੍ਹਾਂ
ਧਰਤੀ ਦੇ ਖ਼ੂਨ ਚੋਂ?
ਆਉਣੇ ਜਿਦ੍ਹੇ 'ਚੋਂ ਹਰ ਸਮੇਂ
ਉਸਨੂੰ ਸਵਾਸ ਨੇ।

ਚੰਗਾ ਹੈ ਬਹੁਤੀ ਅਕਲ ਹੀ
ਆਉਂਦੀ ਨਾ ਏਸ ਨੂੰ।
ਬੰਦੇ ਨੂੰ ਮਾਰ ਸੁੱਟਿਐ,
ਇਸਦੀ ਸ਼ਨਾਸ ਨੇ।

ਕਿਸ ਨੂੰ ਸੁਣਾਨਾ ਲੋਚਦੈਂ
ਕਵੀਆ ਤੂੰ ਇਹ ਕਲਾਮ?
ਕਰਨੇ ਕਿਸੇ ਤੇ ਕੀ ਅਸਰ,
ਤੇਰੀ ਭੜਾਸ ਨੇ?

ਨਦੀਆਂ ਦਾ ਪਾਣੀ ਡੁਸਕਦੈ
ਜੰਗਲ ਉਦਾਸ ਨੇ।
ਧਰਤੀ ਨੂੰ ਬਹੁਤਾ ਮਾਰਿਐ
ਸਾਡੇ 'ਵਿਕਾਸ' ਨੇ।

*੧੨੫੭-C-LIG-ਜ਼ੋਨ,*
*ਫ਼ੇਜ਼-੧੦-ਮੋਹਾਲੀ*
*160062*

## .ਗ਼ਜ਼ਲ/ *—ਅਮਰਜੀਤ ਸਿੰਘ ਸੰਧੂ*

ਬਣ ਕੇ ਖ਼ੁਸ਼ਬੂ ਇਸ ਫ਼ਿਜ਼ਾ ਅੰਦਰ ਬਿਖ਼ਰ ਜਾਵਾਂਗਾ ਮੈਂ।
ਜ਼ਿੰਦਗੀ ਨੂੰ ਕੁਝ ਕੁ ਮਾਨਣ-ਯੋਗ ਕਰ ਜਾਵਾਂਗਾ ਮੈਂ।
ਸੱਚ ਦੇ ਲਈ ਜੂਝਦਾ ਹੋਇਆ ਤਾਂ ਮੈਂ ਮਰਿਆ ਨਹੀਂ,
ਸੱਚ ਤੋਂ ਮੂੰਹ ਮੋੜ ਕੇ, ਸੱਚ ਏ ਕਿ ਮਰ ਜਾਵਾਂਗਾ ਮੈਂ।
ਮੌਤ ਨੂੰ ਦੇ ਕੇ ਝਕਾਨੀ, ਪਹੁੰਚਿਆ ਮੈਂ ਆਪ ਕੋਲ,
ਜੇ ਤੁਸਾਂ ਵੀ ਗਲ਼ ਨਾ ਲਾਇਆ ਤਾਂ ਕਿਧਰ ਜਾਵਾਂਗਾ ਮੈਂ।
ਤੂੰ ਜਿਧਰ ਨੂੰ ਵੀ ਗਿਆ, ਬਣ ਕੇ ਹਨੇਰਾ ਹੀ ਗਿਆ,
ਮੈਂ ਜਿਧਰ ਨੂੰ ਵੀ ਗਿਆ, ਬਣ ਕੇ 'ਸਹਰ' ਜਾਵਾਂਗਾ ਮੈਂ।
ਬਖ਼ਸ਼ਦਾ ਜਾਵਾਂਗਾ ਮੈਂ, ਇਉਂ ਬੇਜ਼ੁਬਾਨਾਂ ਨੂੰ ਜ਼ੁਬਾਨ,
'ਹੱਕ ਹੱਕ' ਦੀ ਹੀ ਅਵਾਜ਼ ਆਊ, ਜਿਧਰ ਜਾਵਾਂਗਾ ਮੈਂ।
ਜੇ ਕਿਸੇ ਡੁਬਦੇ ਨੂੰ ਡੁੱਬਣ ਤੋਂ ਬਚਾਉਂਦਾ ਡੁਬ ਗਿਆ,
ਫਿਰ ਮੈਂ ਤਾਰਨਹਾਰ ਬਣ ਜਾਵਾਂਗਾ, ਤਰ ਜਾਵਾਂਗਾ ਮੈਂ।
ਤਾਂ ਕਿ ਲੋਕਾਂ ਦੇ ਦਿਲੀਂ ਡਰ ਹੀ ਰਹੇ ਨਾ ਮੌਤ ਦਾ,
ਮੌਤ ਦੇ ਸਾਗਰ ਦੇ ਵਿਚੋਂ ਦੀ ਗੁਜ਼ਰ ਜਾਵਾਂਗਾ ਮੈਂ।
ਬਸ, ਤੁਹਾਡੀ ਆਸ 'ਤੇ ਮੈਂ ਲਿਖ ਰਿਹਾਂ, ਮੈਂ ਜੀ ਰਿਹਾਂ,
ਜੇ ਤੁਹਾਡਾ ਸਾਥ ਨਾ ਮਿਲਿਆ ਤਾਂ ਮਰ ਜਾਵਾਂਗਾ ਮੈਂ।
'ਸੰਧੂ' ਹਰ ਕਾਨੇ ਨੂੰ ਹੀ ਕਾਨੀ ਬਨਾਉਣਾ ਲੋਚਦੈ,
ਉਸਦਾ ਕਹਿਣਾ ਹੈ ਕਿ ਇਹ ਕ੍ਰਿਸ਼ਮਾ ਵੀ ਕਰ ਜਾਵਾਂਗਾ ਮੈਂ।

—ਮੋ. 94636-13528

## ਰੁਬਾਈਆਂ/ *—ਪ੍ਰਿੰ. ਨਵਰਾਹੀ ਘੁਗਿਆਣਵੀ*

1. ਸੱਚੇ ਸਾਹਿਬ, ਤੇਰੇ ਆਸਰੇ, ਕੱਟੇ ਪੰਧ ਲਮੇਰੇ।
ਤੇਰੀ ਮਿਹਰ ਜਗਾਈਆਂ ਜੋਤਾਂ, ਹੋਏ ਖ਼ਤਮ ਹਨੇਰੇ।
ਤੇਰੀ ਕਿਰਪਾ ਨਾਲ ਮਾਲਿਕਾ, ਸੰਕਟ ਮਿਟ ਗਏ ਸਾਰੇ;
'ਨਵਰਾਹੀ' ਮੈਂ ਮਨ ਹੀ ਮਨ ਵਿਚ, ਸਦ ਕੇ ਜਾਵਾਂ ਤੇਰੇ।

2. ਤੂੰ ਕਰਤਾ, ਤੂੰ ਪੁਰਖ ਵਿਧਾਤਾ, ਤੂੰ ਸਭਨਾਂ ਦਾ ਸਾਈਂ।
ਮੇਰੀ ਪਹੁੰਚ ਹੈ ਦੀਨ ਦਇਆਲਾ, ਬੱਸ ਇਕ ਤੇਰੇ ਤਾਈਂ।
ਤੇਰੇ ਬਾਝੋਂ ਕੁਝ ਨਹੀਂ ਸੁਝਦਾ, ਹੁਕਮ ਤੇਰਾ ਸਰਬੋਤਮ;
'ਨਵਰਾਹੀ' ਹਰ ਪਲ ਜੀਵਨ ਦਾ, ਚੰਗੇ ਪਾਸੇ ਲਾਈਂ।

3. ਮੱਲੋਮੱਲੀ ਸਿਰ ਝੁਕ ਜਾਂਦਾ, ਦਰ ਤੇਰੇ 'ਤੇ ਆ ਕੇ।
ਦਿਲ ਨੂੰ ਬੜੀ ਤਸੱਲੀ ਹੋਵੇ, ਤੇਰੇ ਦਰਸ਼ਨ ਪਾ ਕੇ।
ਤੇਰੇ ਤੋਂ ਹਰ ਸ਼ਕਤੀ ਮਿਲਦੀ, ਮਸਤੀ ਅਤੇ ਮੁਹੱਬਤ;
'ਨਵਰਾਹੀ' ਧੰਨ ਹੋ ਜਾਈਏ, ਆਪਣਾ ਇਸ਼ਟ ਧਿਆ ਕੇ।

*ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ,*
*ਫਰੀਦਕੋਟ-੧੫੧੨੦੩*



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਅਭਿਨੰਦਨ ਗ੍ਰੰਥ ਦੀ ਪ੍ਰਾਪਤੀ

*—ਪਿਆਰਾ ਸਿੰਘ ਦਾਤਾ*

ਪਿਛਲੇ ਦਿਨੀਂ ਆਪਣੇ ਮਿਤਰ ਗੁਰਬਚਨ ਸਿੰਘ ਭੁਲਰ ਨੂੰ ਪੰਜਾਬੀ ਸਾਹਿਤ ਸਭਾ ਤਪਾ ਵਲੋਂ ਚਕਰਵਰਤੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। 'ਵਰਿਆਮ' ਵਿਚ ਇਹ ਖਬਰ ਪੜ੍ਹ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਖੁਸ਼ੀ ਵੀ। ਖੁਸ਼ੀ ਇਸ ਗੱਲ ਦੀ ਕਿ ਯੋਗ ਸਾਹਿਤਕਾਰ ਨੂੰ ਇਹ ਅਵਾਰਡ ਦੇ ਕੇ ਸਨਮਾਨਿਆ ਗਿਆ ਹੈ। ਤੇ ਹੈਰਾਨੀ ਇਸ ਗੱਲ ਦੀ, ਕਿ ਮੇਰੇ ਸਤਿਕਾਰ ਯੋਗ ਬਜ਼ੁਰਗ ਤੇ ਮਿਤਰ ਪਿਆਰੇ ਸੰਤ ਇੰਦਰ ਸਿੰਘ ਚੱਕਰਵਰਤੀ ਦੇ ਨਾਂ ਦਾ ਅਵਾਰਡ ਭੁਲਰ ਨੂੰ ਕਿਸ ਤਰ੍ਹਾਂ ਪ੍ਰਾਪਤ ਹੋ ਗਿਆ। ਇਸ ਦਾ ਮਤਲਬ ਇਹ ਨਹੀਂ, ਕਿ ਚੱਕਰਵਰਤੀ ਅਵਾਰਡ ਭੁਲਰ ਦੀ ਥਾਂ ਕਿਸੇ ਹੋਰ ਸਾਹਿਤਕਾਰ ਨੂੰ ਦਿੱਤਾ ਜਾਣਾ ਚਾਹੀਦਾ ਸੀ। ਇਹ ਗੱਲ ਬਿਲਕੁਲ ਨਹੀਂ। ਇਸ ਅਵਾਰਡ ਦੇ ਯੋਗ ਤਾਂ ਮੇਰਾ ਪਿਆਰਾ ਮਿੱਤਰ ਭੁਲਰ ਹੀ ਸੀ, ਪਰ ਫਿਰ ਵੀ ਚੱਕਰਵਰਤੀ ਐਵਾਰਡ ਦੀ ਇਹ ਖਬਰ ਸੁਣ ਕੇ, ਜਿਵੇਂ ਮੇਰਾ ਹਿਰਦਾ ਕੰਬ ਉਠਿਆ ਹੋਵੇ।

ਮੇਰਾ ਖਿਆਲ ਹੈ, ਕਿ ਗਲ ਜ਼ਰਾ ਮੁੱਢੋਂ ਸੁਢੋਂ ਸ਼ੁਰੂ ਕਰਨੀ ਚਾਹੀਦੀ ਹੈ। ਸੰਨ ੧੯੪੦ ਵਿਚ ਮੈਂ ਪ੍ਰੀਤਨਗਰ ਪ੍ਰੀਤ ਲੜੀ ਦੇ ਦਫਤਰ ਵਿਚ ਪਹੁੰਚ ਗਿਆ। ਉਸ ਸਮੇਂ ਪ੍ਰੀਤ ਨਗਰ ਵਿਚ, ਪ੍ਰੈਸ ਤੇ ਦਫਤਰ ਦੇ ਵਰਕਰ, ਸੰਸਾਰ ਪ੍ਰੀਤ ਮੰਡਲ ਜਾਂ ਪ੍ਰੀਤ ਸੈਨਾ ਦੇ ਪੰਦਰਾਂ ਕੁ ਪ੍ਰੀਤ ਸੈਨਿਕ ਰਿਹਾਇਸ਼ ਰਖਦੇ ਸਨ। ਸੈਨਿਕਾਂ ਵਿਚੋਂ ਪ੍ਰਤਿਸ਼ਟ ਸੈਨਿਕ ਸੰਤ ਇੰਦਰ ਸਿੰਘ ਚੱਕਰਵਰਤੀ ਸਨ। ਜਿਨ੍ਹਾਂ ਦਿਨਾਂ ਵਿਚ ਮੈਂ ਪਰੀਤ ਨਗਰ ਗਿਆ, ਉਨ੍ਹੀਂ ਦਿਨੀਂ ਚੱਕਰਵਰਤੀ ਜੀ ਪ੍ਰੀਤਨਗਰ ਦੇ ਲੰਗਰ ਦੇ ਇੰਚਾਰਜ ਸਨ। ਇਕ ਹੋਰ ਸੈਨਿਕ ਇਨ੍ਹਾਂ ਦਾ ਸਹਾਇਕ ਸੀ। ਲੰਗਰ ਇੰਚਾਰਜ ਦਾ ਕਾਰਜ ਲੰਗਰ ਤਿਆਰ ਕਰਾਣ ਵਾਲੇ ਸੇਵਾਦਾਰਾਂ ਦਾ ਕੰਮ ਕਾਜ ਵੇਖਣਾ ਹੁੰਦਾ ਸੀ। ਦੋਵੇਂ ਵਕਤ ਲੰਗਰ ਤਿਆਰ ਹੋਣ ਸਮੇਂ ਸੈਨਿਕ ਤੇ ਕਾਮੇ ਇਕੱਠੇ ਲੰਗਰ ਛਕਦੇ ਸਨ। ਖਾਣਾ ਖਾਣ ਸਮੇਂ ਮੱਖਣ ਸੈਨਿਕਾਂ ਵਿਚ ਵਰਤਾਇਆ ਜਾਂਦਾ ਸੀ। ਜਿਹੜੇ ਕਾਮੇ ਮੱਖਣ ਦਾ ਬਿਲ ਅਦਾ ਕਰ ਸਕਦੇ ਸਨ, ਉਨ੍ਹਾਂ ਨੂੰ ਵੀ ਮੱਖਣ ਮਿਲ ਜਾਂਦਾ ਸੀ। ਸੈਨਿਕਾਂ ਨੂੰ ਹਰ ਮਹੀਨੇ ੧੫ ਰੁਪਏ ਆਨਰੇਰੀਅਮ ਮਿਲਦਾ ਸੀ, ਜਿਸ ਵਿਚੋਂ ਸਾਢੇ ਸੱਤ ਰੁਪਏ ਲੰਗਰ ਖਰਚ ਤੇ ਮਖਣ ਤੇ ਦੁੱਧ ਦਾ ਬਿਲ ਕਟਿਆ ਜਾਂਦਾ ਸੀ।

ਸ੍ਰੀ ਚੱਕਰਵਰਤੀ ਜੀ ਨੇਮ ਨਾਲ ਲੰਗਰ ਛਕਣ ਸਮੇਂ ਮੱਖਣ ਵੰਡਿਆ ਕਰਦੇ ਸਨ। ਇਹ ਪ੍ਰਥਾ ਪ੍ਰੀਤ ਸੈਨਾ ਬਣਨ ਸਮੇਂ ਤੋਂ ਹੀ ਚਲੀ ਆ ਰਹੀ ਸੀ।

ਉਨ੍ਹਾਂ ਨੂੰ ਸੇਵਾ ਕਰਦਿਆਂ ਵੇਖ ਮੈਨੂੰ ਪੁਰਾਤਨ ਸਿੱਖਾਂ ਵਾਲੀ ਸ਼ਰਧਾ, ਲੋਕਾਂ ਦੇ ਕੰਮ ਆਉਣ ਦਾ ਚਾਅ ਤੇ ਹਮਦਰਦੀ ਆਦਿ ਸਭ ਕੁਝ ਬੜਾ ਭਾਵਕ ਜਿਹਾ ਲਗ ਰਿਹਾ ਸੀ। ਇਕ ਦਿਨ ਲੰਗਰ ਛਕਣ ਤੋਂ ਪਹਿਲਾਂ ਉਨ੍ਹਾਂ ਨੂੰ ਸੇਵਾ ਵਿਚ ਜੁਟਿਆ ਵੇਖ ਮੈਂ ਕਿਹਾ, "ਚੱਕਰਵਰਤੀ ਜੀ! ਸੇਵਾ ਦਾ ਫਲ ਹਮੇਸ਼ਾਂ ਮੇਵਾ ਮਿਲਦਾ ਹੈ, ਸੋ ਤੁਸੀਂ ਵੀ.....।"

ਮੇਰੀ ਗੱਲ ਕਟਦਿਆਂ ਹੋਇਆਂ ਚੱਕਰਵਰਤੀ ਜੀ ਬੋਲੇ, "ਦਾਤਾ ਜੀ! ਇਥੇ ਸੇਵਾ ਦਾ ਫਲ ਸੁਨਹਿਰੀ.....ਮਿਲਦਾ ਹੈ।" ਸੁਨਹਿਰੀ ਤੋਂ ਅਗੇ ਦਾ ਸ਼ਬਦ ਮੈਨੂੰ ਭੁੱਲ ਗਿਆ ਹੈ। ਸ਼ਾਇਦ ਸੁਨਹਿਰੀ ਅੰਡਾ, ਡੰਡਾ, ਸੁਨਹਿਰੀ ਫਾਂਟਾ ਜਾਂ ਕੋਈ ਹੋਰ ਇਸ ਨਾਲ ਮਿਲਦਾ ਜੁਲਦਾ ਸ਼ਬਦ ਹੋਵੇ, ਪਰ ਸਹੁੰ ਨੀਲੀ ਛਤਰੀ ਵਾਲੇ ਦੀ, ਉਨ੍ਹਾਂ ਦੀ ਗੱਲ ਸੁਣ ਕੇ ਮੇਰੇ ਹਥੋਂ ਚੁੱਕੀ ਪਲੇਟ ਠਾਹ ਕਰਦੀ ਫਰਸ਼ ਤੇ ਡਿੱਗ ਕੇ ਚੂਰ ਚੂਰ ਹੋ ਗਈ ਤੇ ਤਾਬੜ ਤੋੜ ਹਾਸੇ ਨਾਲ ਮੇਰੇ ਪੇਟ ਵਿਚ ਕੜਵਲ ਪੈਣ ਲੱਗ ਪਏ। ਕੁਝ ਚਿਰ ਬਾਅਦ ਜਦੋਂ ਮੇਰਾ ਸਾਹ ਵਿਚ ਸਾਹ ਆਇਆ ਤਾਂ, ਮੈਂ ਪੁਛਿਆ, "ਚੱਕਰਵਰਤੀ ਜੀ! ਕੁਝ ਸੈਨਿਕ ਪ੍ਰੀਤ ਨਗਰ ਨੂੰ ਤਿਲਾਂਜਲੀ ਦੇ ਕੇ ਘਰੀਂ ਜਾ ਬੈਠੇ ਨੇ। ਮੈਂ ਸੁਣਿਐ ਕਿ ਤੁਸੀਂ ਵੀ ਪ੍ਰੀਤ ਨਗਰ ਨੂੰ ਅਲਵਿਦਾ ਕਹਿਣ ਵਾਲੇ ਹੋ। ਇਸ ਤਰ੍ਹਾਂ ਤਾਂ ਹੌਲੀ ਹੌਲੀ ਪ੍ਰੀਤ ਨਗਰ ਖਾਲੀ ਹੋ ਜਾਵੇਗਾ, ਕੀ ਇਹ ਖਬਰ ਠੀਕ ਹੈ।"

ਮੇਰੀ ਗੱਲ ਸੁਣ ਚੱਕਰਵਰਤੀ ਜੀ ਮੁਸਕਰਾ ਪਏ। ਉਹ ਠਹਾਕਾ ਮਾਰ ਕੇ ਜ਼ੋਰ ਦੀ ਹਸਿਆ ਨਹੀਂ ਸਨ ਕਰਦੇ। ਉਹ ਬੁਲ੍ਹਾਂ ਵਿਚ ਨਿਮ੍ਹਾ ਨਿਮ੍ਹਾ ਹਾਸਾਂ ਹਸਦਿਆਂ ਹਸਦਿਆਂ ਐਸੀਆਂ ਟਕੋਰਾਂ ਲਾਂਦੇ, ਕਿ ਅਗਲਾ ਪੇਟ ਫੜ ਕੇ ਬੈਠ ਜਾਂਦਾ ਸੀ।

ਚੱਕਰਵਰਤੀ ਜੀ ਬੋਲੇ, "ਦਾਤਾ ਜੀ! ਕੁਝ ਦਿਨ ਹੋਰ ਦੇਖੋ।" ਫਿਰ ਬੁਲ੍ਹਾਂ ਤੇ ਨਿਮ੍ਹਾ ਜਿਹਾ ਹਾਸਾ ਲਿਆ ਕੇ ਹੌਲੀ ਕੁ ਕਹਿਣ ਲੱਗੇ—"ਇਕ ਪੁਰਾਤਨ ਕਥਾ ਤੁਹਾਨੂੰ ਸੁਣਾਉਂਦਾ ਹਾਂ। ਉਹ ਇਹ ਹੈ ਕਿ ਇਕੇਰਾਂ ਸ਼ਿਵ ਜੀ ਤੇ ਪਾਰਬਤੀ ਦੀ ਸੇਵਾ ਵਿਚ ਸੈਂਕੜੇ ਦੇਵੀ ਦੇਵਤੇ ਹਾਜ਼ਰ ਸਨ। ਕਈ ਸਾਲ ਉਹ ਲੰਗਰ ਵਿਚੋਂ ਛੱਤੀ ਪ੍ਰਕਾਰ ਦੇ ਭੋਜਨ ਛਕਦੇ ਰਹੇ। ਕੁਝ



Namdhari Elibrary NamdhariElibrary@gmail.com

ਦੇਰ ਮਗਰੋਂ ਜਦੋਂ ਲੰਗਰ ਵਿਚ ਸਮਗਰੀ ਖਤਮ ਹੋਣ ਤੇ ਆਈ, ਤਾਂ ਹੌਲੀ-ਹੌਲੀ ਸਾਰੇ ਦੇਵੀ ਦੇਵਤੇ ਉਥੋਂ ਖਿਸਕਣ ਲਗੇ। ਐਸਾ ਜਾਪਣ ਲੱਗਾ ਜਿਵੇਂ—

ਸਨੇ ਸਨੇ ਉਠ ਜਾਇਗੇ,
ਸਭ ਦੇਵਨ ਕੇ ਦੇਵ।
ਏਕ ਰਹੇ ਮਾਈ ਕਾਲਕਾ,
ਇਕ ਰਹੇ ਮਹਾਂਦੇਵ।

"ਸੋ ਸਾਡੀ ਭਵਿਸ਼ਬਾਣੀ ਇੰਝ ਪੁਕਾਰਦੀ ਹੋਈ ਕਹਿੰਦੀ ਹੈ ਕਿ ਇਸ ਨਗਰ ਦੇ ਬਾਨੀ ਤੇ ਉਹਨਾਂ ਦੇ ਸਹਿਯੋਗੀ ਮਾਤਾ ਜੀ ਹੀ ਪ੍ਰੀਤ ਨਗਰ ਵਿਚ ਰਹਿ ਜਾਣਗੇ, ਬਾਕੀ ਸਭ ਜਨਤਾ ਵਿਦਾ ਹੋ ਜਾਏਗੀ।"

ਕੁਝ ਦਿਨਾਂ ਮਗਰੋਂ ਸਚਮੁਚ ਚੱਕਰਵਰਤੀ ਜੀ ਅਸਤੀਫਾ ਦੇ ਗਏ। ਉਨ੍ਹਾਂ ਦੇ ਨਾਲ ਹੀ ਨਾਨਕ ਸਿੰਘ ਨਾਵਲਿਸਟ, ਸ. ਦਲੀਪ ਸਿੰਘ, ਚਮਨ ਲਾਲ, ਜਗਜੋਤ ਸਿੰਘ ਅਰੋੜਾ (ਜਨਰਲ ਜਗਜੀਤ ਸਿੰਘ ਅਰੋੜਾ ਦੇ ਵਡੇ ਵੀਰ) ਆਦਿ ਪ੍ਰੀਤ ਨਗਰ ਦੇ ਸ਼ਾਂਤ ਵਾਯੂਮੰਡਲ ਨੂੰ ਤਿਆਗ ਗਏ।

ਪ੍ਰੀਤ ਨਗਰ ਛਡਣ ਮਗਰੋਂ ਕਈ ਸਾਲ ਚੱਕਰਵਰਤੀ ਜੀ ਭਾਸ਼ਾ ਵਿਭਾਗ ਪਟਿਆਲਾ ਦੇ ਇਕ ਕੋਸ਼ ਦੀ ਸੰਪਾਦਨਾ ਕਰਦੇ ਰਹੇ। ਮੈਂ ਉਹਨੀਂ ਦਿਨੀਂ ਵੀ ਤੇ ਸੰਨ ੧੯੪੭ ਦੀ ਵੰਡ ਮਗਰੋਂ ਵੀ ਉਨ੍ਹਾਂ ਨੂੰ ਪਟਿਆਲੇ ਜਾਂ ਚੰਡੀਗੜ੍ਹ ਮਿਲਦਾ ਰਹਿੰਦਾ ਤੇ ਉਨ੍ਹਾਂ ਦੀ ਮਿਠੀ ਸੰਗਤ ਦਾ ਆਨੰਦ ਮਾਣਦਾ ਰਹਿੰਦਾ।

੧੯੭੦ ਦੇ ਆਰੰਭ ਦੀ ਗੱਲ ਹੈ। ਪੰਜਾਬੀ ਸਾਹਿਤ ਦੇ ਚਮਕਦੇ ਸਿਤਾਰੇ ਆਪਣੇ ਮਿੱਤਰ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਬੜੀ ਉਤਸ਼ਾਹ ਜਨਕ ਚਿਠੀ ਆਈ। ਇਸ ਸਾਲ ਸਾਹਿਤ ਸਭਾ ਪਟਿਆਲਾ ਉਨ੍ਹਾਂ ਨੂੰ ਅਭਿਨੰਦਨ ਗ੍ਰੰਥ ਭੇਟ ਕਰ ਰਹੀ ਸੀ ਤੇ ਇਸ ਮਹਾਨ ਗਰੰਥ ਵਿਚ ਪ੍ਰਾਂਤ ਦੇ ਉਚ ਨੇਤਾਵਾਂ, ਲੇਖਕਾਂ, ਕਵੀਆਂ ਤੇ ਸਾਹਿਤ ਸਭਾਵਾਂ ਵਲੋਂ ਉਨ੍ਹਾਂ ਦੇ ਜੀਵਨ ਸਬੰਧੀ ਲੇਖ, ਉਨ੍ਹਾਂ ਦੀਆਂ ਕੌਮੀ ਸਰਗਰਮੀਆਂ, ਉਨ੍ਹਾਂ ਦੀਆਂ ਜੇਹਲ ਯਾਤਰਾਵਾਂ ਆਦਿ ਦਾ ਵਰਣਨ ਹੋਵੇਗਾ। ਉਸੇ ਗ੍ਰੰਥ ਵਿਚ ਉਨ੍ਹਾਂ ਦੇ ਕਈ ਚਿਤਰ ਹੋਣਗੇ। ਛਪਾਈ ਆਰੰਭ ਹੋ ਚੁੱਕੀ ਹੈ, ਤੇ ਉਹ ਅਗਲਾ ਸਾਰਾ ਮਹੀਨਾ ਜਲੰਧਰ ਆਪਣੇ ਮਿੱਤਰ ਕਵੀ ਰਾਜ ਦੇ ਘਰ ਡੇਰੇ ਲਾਣਗੇ। ਉਥੇ ਹੀ ਆਪਣੇ ਗ੍ਰੰਥ ਦੇ ਪਰੂਫ ਪੜ੍ਹਨਗੇ। ੩੧ ਮਾਰਚ ਤੀਕ ਉਹ ਗ੍ਰੰਥ ਬਿਲਕੁਲ ਮੁਕੰਮਲ ਹੋ ਕੇ ਸਾਹਿਤ ਸਭਾ ਦੇ ਦਫਤਰ ਪੁੱਜ ਜਾਵੇਗਾ। ਇਹ ਗ੍ਰੰਥ ਤੇ ਪੰਜ ਹਜ਼ਾਰ ਰੁਪਏ ਦੀ ਥੈਲੀ ਚੱਕਰਵਰਤੀ ਹੋਰਾਂ ਦੀ ੭੫ਵੀਂ ਵਰ੍ਹੇ-ਗੰਢ ਸਮੇਂ ਸੂਬੇ ਦੇ ਵਡੇ ਵਜ਼ੀਰ ਨੇ ਭੇਟ ਕਰਨੀ ਹੈ।

ਮੈਨੂੰ ਆਪਣੇ ਮਿੱਤਰ ਚੱਕਰਵਰਤੀ ਜੀ ਦੀ ਉਪਰੋਕਤ ਚਿਠੀ ਪੜ੍ਹ ਕੇ ਹਾਰਦਿਕ ਖੁਸ਼ੀ ਹੋਈ। ਇਸ ਕਲਾਕਾਰ ਨੇ ਪਿਛਲੇ ਤੀਹ ਸਾਲ ਤੋਂ ਆਪਣੀ ਕਲਮ ਦੇ ਉਹ ਜੌਹਰ ਵਿਖਾਏ ਸਨ, ਕਿ ਦੁਨੀਆ ਮੰਨ ਗਈ ਸੀ, ਕਿ ਪੰਜਾਬੀ ਬੋਲੀ ਨੇ ਵੀ ਕੋਈ ਹੁਨਰਮੰਦ ਸਾਹਿਤਕਾਰ ਪੈਦਾ ਕੀਤਾ ਹੈ। ਚੱਕਰਵਰਤੀ ਹੋਰਾਂ ਦੀਆਂ ਲਿਖਤਾਂ ਦੀਆਂ ਨਿਰੀ ਆਪਣੀ ਬੋਲੀ ਵਿਚ ਹੀ ਨਹੀਂ, ਹਿੰਦੀ ਸੰਸਾਰ ਵਿਚ ਵੀ ਧੁੰਮਾਂ ਪੈ ਗਈਆਂ ਸਨ। ਲੋਕ ਬੜੀ ਉਤਸੁਕਤਾ ਨਾਲ ਉਨ੍ਹਾਂ ਦੇ ਨਸ਼ਤਰਨੁਮਾ-ਹਾਸ-ਵਿਅੰਗ ਲੇਖਾਂ ਦੀ ਉਡੀਕ ਕਰਦੇ ਰਹਿੰਦੇ ਸਨ।

ਚੱਕਰਵਰਤੀ ਹੋਰੀਂ ਪੁਰਾਣੇ ਸਿਆਸੀ ਘੁਲਾਟੀਏ ਸਨ। ਉਨ੍ਹਾਂ ਦੇਸ਼ ਦੀਆਂ ਵਖ-ਵਖ ਲਹਿਰਾਂ ਵਿਚ ਵਿਸ਼ੇਸ਼ ਹਿੱਸਾ ਪਾਇਆ ਸੀ। ਉਨ੍ਹਾਂ ਨਾਮਧਾਰੀ ਲਹਿਰ ਤੇ ਕਾਂਗਰਸ ਦੀਆਂ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਸੀ।

ਮੈਨੂੰ ਖੁਸ਼ੀ ਸੀ, ਕਿ ਅੰਤ ਇਸ ਹੀਰੇ ਦੀ ਕਿਸੇ ਨੇ ਤਾਂ ਕਦਰ ਪਾਈ ਹੈ ਨਾ। ਹੁਣ ਸਾਹਿਤ ਸਭਾ ਪਟਿਆਲਾ, ਅਭਿਨੰਦਨ ਗ੍ਰੰਥ ਭੇਟ ਕਰਕੇ ਉਸ ਕਲਮੀ ਸੂਰਬੀਰ ਦੀਆਂ ਸੇਵਾਵਾਂ ਦਾ ਕੁਝ ਬਦਲਾ ਤਾਂ ਚੁੱਕਾ ਸਕੇਗੀ।

ਮੈਂ ਆਪਣੇ ਮਿੱਤਰ ਨੂੰ ਲਿਖਿਆ :

"ਮਿੱਤਰ ਚਕਰਵਰਤੀ ਜੀ! ਤੁਹਾਡੀ ਚਿਠੀ ਨੇ ਧਰਮ ਨਾਲ ਬੁਢਾਪੇ ਵਿਚ ਵੀ ਜਵਾਨੀ ਦਾ ਨਸ਼ਾ ਚੜ੍ਹਾ ਦਿੱਤਾ ਹੈ। ਸਾਨੂੰ ਇਸ ਸਾਲ ਇਕ ਨਹੀਂ ਦੋ ਖੁਸ਼ੀਆਂ ਦਾ ਮੂੰਹ ਵੇਖਣਾ ਪਵੇਗਾ। ਇਕ ਤਾਂ ਤੁਹਾਡੇ ਅਭਿਨੰਦਨ ਗ੍ਰੰਥ ਦੀ ਖੁਸ਼ੀ, ਦੂਜੇ ਮੇਰੀ ਇਕ ਪੁਸਤਕ ਪਹਿਲੇ ਦਰਜੇ ਦਾ ਇਨਾਮ ਪ੍ਰਾਪਤ ਕਰ ਰਹੀ ਹੈ, ਉਹ ਦੀ ਖੁਸ਼ੀ। ਇਸ ਬਾਰੇ ਹਾਲੀ ਵਿਸਥਾਰ ਸਹਿਤ ਦਸਣ ਦੀ ਲੋੜ ਨਹੀਂ, ਪਰ ਮੈਨੂੰ ਇਕ ਪਹੁੰਚ ਵਾਲੇ ਸੱਜਣ ਨੇ ਵਿਸ਼ਵਾਸ ਦਿਲਾਇਆ ਹੈ, ਕਿ ਮੇਰੀ ਰਚਨਾ ਹਰ ਹਾਲਤ ਵਿਚ ਪਹਿਲਾ ਸਥਾਨ ਪ੍ਰਾਪਤ ਕਰੇਗੀ ਤੇ ਇਸਦਾ ਪਹਿਲਾਂ ਇਨਾਮ ਪੰਜ ਹਜ਼ਾਰ ਰੁਪਏ ਹੈ, ਭਾਵ ਇਸੇ ਸਾਲ ਅਸੀਂ ਦੋਵੇਂ ਮਿੱਤਰ 'ਪੰਜ-ਪੰਜ ਹਜ਼ਾਰੀ' ਹੋ ਜਾਵਾਂਗੇ, ਤੇ ਤੁਸੀਂ 'ਅਭਨੰਦਨੀ' ਵੀ।

ਵਿਸਾਖੀ ਵਾਲੇ ਸ਼ੁਭ ਅਵਸਰ ਤੇ, ਸੂਬੇ ਦੇ ਵਡੇ ਵਜ਼ੀਰ ਹਥੋਂ ਪਟਿਆਲਾ ਸਾਹਿਤ ਸਭਾ ਦੇ ਬਣ ਰਹੇ ਸ਼ਾਨਦਾਰ ਹਾਲ ਦਾ ਉਦਘਾਟਨ ਹੋਣਾ ਸੀ, ਤੇ ਉਸ ਸਮੇਂ ਮਿੱਤਰ ਚੱਕਰਵਰਤੀ ਨੂੰ ਸਾਹਿਤ ਸੇਵਾ ਬਦਲੇ ਪਹਿਲੇ ਦਰਜੇ ਦਾ ਪੁਰਸਕਾਰ ਤੇ ਅਭਨੰਦਨ ਗ੍ਰੰਥ ਭੇਟ ਹੋਣਾ ਸੀ। ਮੈਂ ਪੱਕਾ ਫੈਸਲਾ ਕਰ ਲਿਆ ਕਿ ਇਸ ਅਵਸਰ ਤੇ ਆਪ ਹਾਜ਼ਰ ਹੋ ਕੇ ਪਿਆਰੇ



Namdhari Elibrary NamdhariElibrary@gmail.com

ਮਿੱਤਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ ਤੇ ਇਸ ਬਾਰੇ ਮੈਂ ਚੱਕਰਵਰਤੀ ਜੀ ਨੂੰ ਇਕ ਚਿੱਠੀ ਵੀ ਲਿਖ ਦਿੱਤੀ।

ਉਨ੍ਹੀਂ ਦਿਨੀਂ ਮੈਂ ਆਪਣੇ ਇਕ ਪਹਾੜੀ ਸਫਰਨਾਮੇ ਦੀ ਪੁਸਤਕ ਨੂੰ ਤਰਤੀਬ ਦੇ ਰਿਹਾ ਸਾਂ। ਸੂਬੇ ਦੀ ਇਕ ਬਹੁਤ ਵੱਡੀ ਸੰਸਥਾ ਦੇ ਪੰਜਾਬੀ ਵਿਭਾਗ ਨੇ ਆਪਣੀ ਸੰਸਥਾ ਦੀ ਸਿਲਵਰ ਜੁਬਲੀ ਮਨਾਣੀ ਸੀ। ਇਸ ਸੰਸਥਾ ਦੀ ਪੰਜਾਬੀ ਬੋਲੀ ਦੇ ਪ੍ਰਚਾਰ ਲਈ ਅੱਜ ਤੋਂ ਪੰਝੀ ਸਾਲ ਪਹਿਲਾਂ ਨੀਂਹ ਰਖੀ ਗਈ ਸੀ। ਸਿਲਵਰ ਜੁਬਲੀ ਸਮੇਂ ਇਸ ਸੰਸਥਾ ਵਲੋਂ ਪੰਜਾਹ ਹਜ਼ਾਰ ਦੇ ਦਸ, ਪੰਜ ਹਜ਼ਾਰੀ ਇਨਾਮਾਂ ਦੀ ਘੋਸ਼ਣਾ ਕੀਤੀ ਜਾਣੀ ਸੀ। ਪੰਜਾਬੀ ਦੀਆਂ ਦਸ ਚੋਣਵੀਆਂ ਪੁਸਤਕਾਂ ਨੂੰ ਪੰਜ ਪੰਜ ਹਜ਼ਾਰ ਇਨਾਮ ਮਿਲਣਾ ਸੀ। ਪੁਸਤਕਾਂ ਦੇ ਵਿਸ਼ੇ ਵਖੋ ਵਖ ਸਨ, ਤੇ ਮੈਂ ਆਪਣਾ ਵਿਸ਼ਾ "ਪਹਾੜੀ ਸਫਰਨਾਮਾ" ਚੁਣ ਲਿਆ ਸੀ। ਦੇਸ਼ ਭਰ ਦੇ ਪਹਾੜੀ ਅਸਥਾਨਾਂ ਦੀ ਯਾਤਰਾ ਕਰਨ ਉਪਰੰਤ, ਉਹਨਾਂ ਅਸਥਾਨਾਂ ਬਾਰੇ ਹੋਰ ਲੋੜੀਂਦੀ ਵਾਕਫੀ ਵੀ ਪ੍ਰਾਪਤ ਕਰ ਲਈ ਸੀ। ਮੈਂ ਪੁਸਤਕ ਲਿਖਣੀ ਆਰੰਭ ਦਿੱਤੀ ਸੀ। ਇਸ ਵਿਚ ਕਈ ਦਰਜਨ ਪਹਾੜੀ ਚਿੱਤਰ ਹੋਣੇ ਵੀ ਸਨ। ਮੁਖ ਕਵਰ ਤੇ ਕਾਂਗੜੇ ਦੀ ਇਕ ਪਹਾੜੀ ਸੁੰਦਰੀ ਦੀ ਬੜੀ ਮਨਮੋਹਣੀ ਤੇ ਪਿਆਰੀ ਤਸਵੀਰ ਸੀ।

ਜਦੋਂ ਮੈਂ ਇਸ ਸਫਰਨਾਮੇ ਨੂੰ ਤਰਤੀਬ ਦੇ ਰਿਹਾ ਸਾਂ ਤਾਂ ਉਪਰੋਕਤ ਸੰਸਥਾ ਦੇ ਇਕ ਸਰਕਰਦਾ ਮੈਂਬਰ ਨੇ ਖਰੜੇ ਨੂੰ ਵੇਖ ਕੇ ਰਾਏ ਦਿੱਤੀ ਸੀ "ਇਸ ਤਰ੍ਹਾਂ ਦਾ ਸਫਰਨਾਮਾ ਜਿਸ ਵਿਚ ਹਾਸ ਰਸ ਦਾ ਗੂੜ੍ਹਾ ਰੰਗ ਹੋਵੇ, ਦਿਲਚਸਪ ਤੇ ਭਾਵਪੂਰਤ ਰਚਨਾ ਦੇਸ਼ ਦੀ ਕਿਸੇ ਬੋਲੀ ਵਿਚ ਵੀ ਨਹੀਂ ਮਿਲੇਗੀ। ਸੋ ਇਸ ਨੂੰ ਪਹਿਲੇ ਦਰਜੇ ਦਾ ਇਨਾਮ ਅਵੱਸ਼ ਪ੍ਰਾਪਤ ਹੋਵੇਗਾ।" ਅਸਲ ਵਿਚ ਮੈਂ ਇਸੇ ਪ੍ਰਤਿਸ਼ਠ ਸੱਜਣ ਦੀ ਪ੍ਰੇਰਨਾ ਨਾਲ ਹੀ ਆਪਣਾ ਸਫਰਨਾਮਾ ਲਿਖਣਾ ਆਰੰਭਿਆ ਸੀ।

ਸਫਰਨਾਮਾ ਮੁਕੰਮਲ ਹੋ ਗਿਆ। ਤਸਵੀਰਾਂ ਦੇ ਬਲਾਕ ਬਣ ਗਏ। ਅੱਛੇ ਵਧੀਆ ਕਾਗਜ਼ ਉਪਰ ਛਾਪ ਕੇ ਉਪਰ ਤਿੰਨ ਰੰਗੀ ਤੇ ਸੁੰਦਰ ਅੰਗੀ ਚੜ੍ਹਾ ਕੇ, ਮੁਕਰਰ ਤਰੀਖ ਤੋਂ ਪਹਿਲਾਂ ਹੀ ਮੈਂ ਆਪਣੇ ਸਫਰਨਾਮੇ ਦੀਆਂ ਦਸ ਪੁਸਤਕਾਂ ਸੁਨਹਿਰੀ ਜਿਲਦ ਕਰਾ ਕੇ ਬੜੇ ਸੁੰਦਰ ਸਾਟਨ ਦੇ ਕਪੜੇ ਵਿਚ ਲਪੇਟ ਉਪਰ ਰੇਸ਼ਮੀ ਡੋਰੀ ਬੰਨ੍ਹ, ਸੰਸਥਾ ਨੂੰ ਘਲ ਦਿੱਤੀਆਂ ਸਨ।

ਇਸ ਪਿਛੋਂ ਇਹ ਪੁਸਤਕ ਰੀਵੀਊ ਲਈ ਕਈ ਸੱਜਣਾਂ ਪਾਸ ਗਈ। ਉਨ੍ਹਾਂ ਨੇ ਪੁਸਤਕ ਦੀ ਬੜੀ ਤਾਰੀਫ ਕੀਤੀ। ਕਈਆਂ ਨੇ ਮੈਨੂੰ ਜ਼ਬਾਨੀ ਮੁਬਾਰਕਵਾਦ ਵੀ ਦਿੱਤੀ, ਤੇ ਸਭ ਨੇ ਆਪਣੇ ਵਧੀਆ ਰੀਮਾਰਕਾਂ ਦੀ ਚਿੱਠੀ ਸੰਸਥਾ ਨੂੰ ਘਲ ਦਿੱਤੀ। ਵੱਖੋ-ਵੱਖ ਸਰੋਤਾਂ ਤੋਂ ਮੈਨੂੰ ਵਿਸ਼ਵਾਸ ਹੋ ਗਿਆ, ਕਿ ਪੰਜ ਹਜ਼ਾਰੀ ਇਨਾਮ ਅਵੱਸ਼ ਸਾਨੂੰ ਹੀ ਪ੍ਰਾਪਤ ਹੋਣਾ ਹੈ। ਸੋ ਸਾਨੂੰ ਤੇ ਸਾਡੇ ਮਿੱਤਰਾਂ ਸੱਜਣਾਂ ਨੂੰ ਚਾਅ ਚੜ੍ਹ ਗਿਆ, ਕਿ ਚਕਰਵਰਤੀ ਵਾਂਗ ਇਸ ਗਰੀਬ ਲੇਖਕ 'ਸੈਲਾਨੀ' ਦੀ ਵੀ ਸਰਕਾਰੇ ਦਰਬਾਰੇ ਸੁਣੀ ਗਈ ਹੈ।

ਇਨ੍ਹੀਂ ਦਿਨੀਂ ਚੱਕਰਵਰਤੀ ਮਿੱਤਰ ਦੀ ਇਕ ਹੋਰ ਚਿੱਠੀ ਆਈ। ਜਿਸ ਵਿਚ ਉਨ੍ਹਾਂ ਲਿਖਿਆ ਸੀ, "ਮੈਨੂੰ ਭੇਟਾ ਕੀਤੇ ਜਾਣ ਵਾਲੇ ਅਭਨੰਦਨ ਗ੍ਰੰਥ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਸਾਹਿਤ ਸਭਾ ਪਾਸ ਆਪਣੇ ਫੰਡ ਤਾਂ ਹੈ ਨਹੀਂ, ਇਸ ਲਈ ਛੱਪਣ ਉਪਰੰਤ, ਉਨ੍ਹਾਂ ਇਸ ਗ੍ਰੰਥ ਨੂੰ ਬਹੁਤ ਸਾਰੇ ਪ੍ਰਤਿਸ਼ਠ ਤੇ ਧਨੀ ਸੱਜਣਾਂ ਨੂੰ ਭੇਟ ਕਰਕੇ ਪੰਜਾਹ ਪੰਜਾਹ, ਸੌ-ਸੌ ਰੁਪਿਆ ਇਕੱਤਰ ਕਰਨਾ ਹੈ। ਉਸੇ ਰਕਮ ਚੋਂ ਇਸ ਗ੍ਰੰਥ ਦੇ ਖਰਚੇ ਦੇ ਬਿਲ ਦੀ ਅਦਾਇਗੀ, ਤੇ ਚੱਕਰਵਰਤੀ ਜੀ ਨੂੰ ਨਕਦ ਇਨਾਮ ਦਿੱਤਾ ਜਾਣਾ ਹੈ। ਵੱਧਦੀ ਰਕਮ ਨਾਲ ਪੰਜਾਬੀ ਹਾਲ ਦੀ ਇਮਾਰਤ ਸ਼ੁਰੂ ਹੋ ਜਾਣੀ ਹੈ। ਇਸ ਪਿਛੋਂ ਆਸ ਹੈ, ਕਿ ਸਰਕਾਰ ਵੀਹ ਪੰਝੀ ਹਜ਼ਾਰ ਰੁਪਿਆ ਦੇ ਕੇ ਹਾਲ ਨੂੰ ਮੁਕੰਮਲ ਕਰਾ ਦੇਵੇਗੀ।"

ਚੱਕਰਵਰਤੀ ਹੋਰਾਂ ਇਹ ਵੀ ਲਿਖਿਆ, "ਇਹ ਸਭ ਕੁਝ ਸਾਡੇ ਪਰਮ ਸਨੇਹੀ ਮਿੱਤਰ ਸੂਬੇ ਦੇ ਮੁੱਖ ਮੰਤਰੀ ਦੀ ਪ੍ਰੇਰਣਾ ਸਦਕੇ ਹੋ ਰਿਹਾ ਹੈ, ਜਿਸਦੀ ਸਾਡੇ ਦਿਲ ਵਿਚ ਬੜੀ ਕਦਰ ਹੈ।"

ਚੱਕਰਵਰਤੀ ਹੋਰਾਂ ਆਪਣੀ ਚਿੱਠੀ ਵਿਚ ਅੱਗੇ ਜਾ ਕੇ ਲਿਖਿਆ, "ਇਸ ਗ੍ਰੰਥ ਲਈ ਬਹੁਤ ਵਧੀਆ ਕਾਗਜ਼ ਖਰੀਦ ਲਿਆ ਗਿਆ ਹੈ। ਚੂੰਕਿ ਸਭਾ ਪਾਸ ਇਨੀ ਰਕਮ ਨਹੀਂ ਹੈ, ਇਸ ਲਈ ਅਸੀਂ ਆਪਣੇ ਇਕ ਮਿੱਤਰ ਪਾਸੋਂ ਢਾਈ ਹਜ਼ਾਰ ਰੁਪਿਆ ਕਰਜ਼ ਲੈ ਕੇ ਕਾਗਜ਼ ਲਈ ਦੇ ਦਿੱਤਾ ਸੀ। ਇਹ ਰਕਮ ਤੇ ਪੁਸਤਕ ਦੀ ਛਪਾਈ ਆਦਿ ਦੇ ਸਾਰੇ ਖਰਚੇ "ਅਭਨੰਦਨ ਗ੍ਰੰਥ ਭੇਟਾ ਦੀ ਰਸਮ ਮਗਰੋਂ ਇਸ ਗ੍ਰੰਥ ਨੂੰ ਵੇਖ ਕੇ ਪੂਰੇ ਕੀਤੇ ਜਾਣਗੇ।"

ਖੈਰ, ਇਹ ਮਾਮੂਲੀ ਗੱਲਾਂ ਹਨ। ਵੱਡੀ ਖੁਸ਼ੀ ਦੀ ਗੱਲ ਤਾਂ ਇਹ ਸੀ ਕਿ ਸਾਡੇ ਮਿੱਤਰ ਨੂੰ ਹੁਣ ਛੇਤੀ ਹੀ ਪੁਰਸਕਾਰ ਤੇ ਅਭਨੰਦਨ ਗ੍ਰੰਥ ਭੇਟ ਕੀਤਾ ਜਾਣਾ ਸੀ, ਤੇ ਇਸ ਸਮਾਰੋਹ ਵਿਚ ਅਸੀਂ ਆਪ ਸ਼ਾਮਲ ਹੋਣਾ ਸੀ।

ਸਾਡੀ ਪੁਸਤਕ ਜਿਸ ਮੁਕਾਬਲੇ ਵਿਚ ਘਲੀ ਗਈ ਸੀ, ਉਸਦਾ ਨਤੀਜਾ ਅੰਤ ਫਰਵਰੀ ਵਿਚ ਨਿਕਲਣਾ ਸੀ, ਪਰ



Namdhari Elibrary NamdhariElibrary@gmail.com

ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਜਦ ਨਤੀਜਾ ਨਿਕਲਿਆ, ਤਾਂ ਉਸ ਵਿਚ ਸਾਡੀ ਪੁਸਤਕ ਦਾ ਨਾ-ਨਿਸ਼ਾਨ ਨਹੀਂ ਸੀ। ਅਸੀਂ ਆਪਣੇ ਉਸ ਸਨੇਹੀ ਮਿੱਤਰ ਨੂੰ ਮਿਲੇ, ਜਿਸਦੀ ਪ੍ਰੇਰਣਾ ਨਾਲ ਅਸੀਂ ਇਹ ਸਾਰਾ ਬੀੜਾ ਚੁਕਿਆ ਸੀ, ਤੇ ਘੱਟ ਘੱਟ ਚਾਰ ਪੰਜ ਹਜ਼ਾਰ ਰੁਪਏ ਦੇ ਗੇੜ ਥੱਲੇ ਦੱਬੇ ਗਏ ਸੀ। ਉਸ ਬੜਾ ਅਫਸੋਸ ਜ਼ਾਹਿਰ ਕੀਤਾ ਤੇ ਸਾਨੂੰ ਦੱਸਿਆ ਕਿ ਤੁਹਾਡੀ ਕਿਤਾਬ ਪਹਿਲੇ ਦਰਜੇ ਤੇ ਆ ਗਈ ਸੀ, ਪਰ ਐਨ ਸਮੇਂ ਸਿਰ ਇਕ ਵਜ਼ੀਰ ਨੇ ਵਿਚ ਆ ਟੰਗ ਅੜਾਈ। ਸੋ ਵਿਭਾਗ ਨੂੰ ਮਜਬੂਰ ਹੋ, ਉਸ ਵਜ਼ੀਰ ਦੀ ਪਾਰਟੀ ਦੇ ਇਕ ਸਰਗਰਮ ਰੁਕਨ ਰੁਲਦੂ ਰਾਮ ਫਲੋਰੀ ਨੂੰ ਪਹਿਲਾ ਇਨਾਮ ਦੇਣ ਦਾ ਐਲਾਨ ਕਰਨਾ ਪਿਆ ਹੈ।

ਮੈਂ ਪੁੱਛਿਆ, "ਪਿਆਰੇ। ਰੁਲਦੂ ਰਾਮ ਫਲੋਰੀ ਦੀ ਕਿਹੜੀ ਅਜਿਹੀ ਕ੍ਰਿਤ ਸੀ, ਜਿਸ ਨੂੰ ਇਨਾਮ ਲਈ ਚੁਣ ਲਿਆ ਗਿਆ ਸੀ? ਉਸ ਨੂੰ ਤਾਂ ਪੰਜਾਬੀ ਸੰਸਾਰ 'ਚ ਕੋਈ ਜਾਣਦਾ ਹੀ ਨਹੀਂ।"

ਮੇਰਾ ਮਿੱਤਰ ਮੇਰੇ ਕੰਨਾਂ ਕੋਲ ਆਪਣਾ ਮੂੰਹ ਲਿਆ ਕੇ ਹੌਲੀ ਕੁ ਬੋਲਿਆ, "ਸੈਲਾਨੀ ਸਾਹਿਬ! ਨਿਰੀ ਇਹੀ ਬਾਤ ਨਹੀਂ, ਕਿ ਉਸ ਨੂੰ ਪੰਜਾਬੀ ਸੰਸਾਰ ਵਿਚ ਜਾਣਦਾ ਕੋਈ ਨਹੀਂ, ਸਗੋਂ ਉਹ ਖੁਦ ਪੰਜਾਬੀ ਲਿਖਣੀ ਜਾਂ ਪੜ੍ਹਨੀ ਵੀ ਨਹੀਂ ਜਾਣਦਾ। ਉਹ ਕੇਵਲ ਆਪਣੇ ਹਸਤਾਖਸ਼ਰ ਉਰਦੂ ਵਿਚ ਕਰ ਸਕਦਾ ਹੈ, ਤੇ ਪੂਰੇ ਸਫੇ ਵਿਚ "ਰੁਲਦੂ" ਲਿਖਣ ਮਗਰੋਂ "ਰਾਮ" ਲਈ ਫਿਰ ਵੀ ਥਾਂ ਨਹੀਂ ਬਚਦੀ।"

"ਪਰ ਇਹ ਸਭ ਕੁਝ ਹੋਇਆ ਕਿਵੇਂ?"

ਮੈਂ ਪੁੱਛਿਆ।

"ਹੋਣਾ ਕੀ ਸੀ? ਰੁਲਦੂ ਨੂੰ ਉਨ੍ਹਾਂ ਲੋਕਾਂ ਨਿਵਾਜਣਾ ਸੀ, ਨਿਵਾਜ ਦਿੱਤਾ। ਹੁਣ ਕਿਸੇ ਗਿਆਨੀ ਦੀ ਡਿਊਟੀ ਲੱਗੇਗੀ। ਉਹ ਕੈਂਚੀ ਦੀ ਸਹਾਇਤਾ ਨਾਲ ਪੰਜਾਬੀ ਵਿਚ ਛਪੇ ਸਾਰੇ ਸਫਰਨਾਮੇ ਇਕਤਰ ਕਰੇਗਾ। ਉਨ੍ਹਾਂ 'ਚੋਂ ਲੋੜੀਂਦਾ ਮਸਾਲਾ ਲੈ ਕੇ ਰੁਲਦੂ ਦੇ ਨਾਂ ਤੇ ਇਕ ਪੁਸਤਕ ਰਚ ਕੇ ਫਾਈਲ ਦੀ ਪੇਟ-ਪੂਰਤੀ ਲਈ ਦਫਤਰ ਘਲ ਦਿੱਤੀ ਜਾਵੇਗੀ।" ਮੇਰੇ ਮਿੱਤਰ ਨੇ ਗੂੜ੍ਹੀ ਰਮਜ਼ ਵਾਲੀ ਗੱਲ ਦੱਸੀ।

ਮੈਂ ਆਪਣੇ ਸਨੇਹੀ ਦਾ ਬਿਆਨ ਸੁਣ ਸਿਰ ਫੜ ਕੇ ਬੈਠ ਗਿਆ। ਇਨਾਂ ਹਨੇਰ! ਇਨਾ ਉਪੱਦਰ! ਮੇਰਾ ਮਿੱਤਰ ਉਸੇ ਤਰ੍ਹਾਂ ਸ਼ਾਂਤ ਤੇ ਬੇ-ਪਰਵਾਹ ਸੀ। ਉਸ ਦੱਸਿਆ, "ਇਹ ਹਨੇਰ ਨਹੀਂ, ਇਹ ਅਸਲੀਅਤ ਹੈ। ਤੇ ਇਹੀ ਪ੍ਰਥਾ ਪਿਛਲੇ ੨੫ ਵਰ੍ਹਿਆਂ ਤੋਂ ਚਲੀ ਆ ਰਹੀ ਹੈ।" ਫਿਰ ਉਹ ਕਹਿਕਹਾ ਮਾਰ ਕੇ ਕਹਿਣ ਲੱਗਾ, "ਹੈਰਾਨ ਹੋਣ ਦੀ ਲੋੜ ਨਹੀਂ ਰਮਤੇ। ਪਿਛਲੇ ਕਈ ਸਾਲਾਂ ਤੋਂ ਉਹ ਲੋਕ ਵੀ ਇਨਾਮ ਲੈ ਗਏ ਹਨ, ਜਿਨ੍ਹਾਂ ਦੇ ਕਈ ਸਾਲ ਗੁਜ਼ਰ ਜਾਣ ਪਿੱਛੋਂ ਹਾਲੀਂ ਵੀ ਹੱਥ ਲਿਖਤ ਖਰੜੇ ਦਫਤਰ ਨਹੀਂ ਪੁਜੇ-ਹਾਲਾਂਕਿ ਕਈ ਵਾਰ ਅਸੀਂ ਉਨ੍ਹਾਂ ਨੂੰ ਯਾਦ-ਦਹਾਨੀ ਕਰ ਚੁੱਕੇ ਹਾਂ।"

ਇਹ ਅਨਿਆਂ ਸੁਣ ਮੈਂ ਆਪਣਾ ਸਿਰ ਪਿਟ ਲਿਆ, ਤੇ ਗੁੱਸੇ ਵਿਚ ਆ ਕੇ ਆਪਣੇ ਮਿੱਤਰ ਦੇ ਸਾਹਮਣੇ ਆਪਣੇ ਸਫਰਨਾਮੇ ਦੀ ਕਾਪੀ ਚੁਕ ਕੇ ਗਲੀ ਵਿਚ ਵਗਦੇ ਕਮੇਟੀ ਦੇ ਡੂੰਘੇ ਗਟਰ ਵਿਚ ਸੁਟ ਦਿੱਤੀ। ਮੈਂ ਸੋਚਿਆ, ਜੇ ਇੱਡੀ ਵੱਡੀ ਸੰਸਥਾ ਵਿਚ ਇਨੀ ਹਨੇਰ ਗਰਦੀ ਹੋ ਸਕਦੀ ਹੈ ਤਾਂ ਬਾਕੀ ਆਮ ਦਫਤਰੀ ਕੰਮਾਂ ਦਾ ਕੀ ਹਸ਼ਰ ਹੋਵੇਗਾ? ਇਸ ਤਰ੍ਹਾਂ ਸਾਡੀ ਮਾਤ-ਬੋਲੀ ਦੀ ਉਨਤੀ ਦੀ ਕੀ ਸੰਭਾਵਨਾ ਹੋ ਸਕਦੀ ਹੈ। ਸੱਚ ਪੁਛੋ, ਤਾਂ ਇਸ ਕਰੜੀ ਸੱਟ ਪਿਛੋਂ ਨਾ ਤਾਂ ਆਰਥਕ ਤੌਰ ਤੇ, ਅਤੇ ਨਾ ਹੀ ਮਾਨਸਕ ਤੌਰ ਤੇ ਮੈਂ ਸੰਭਲ ਸਕਿਆ। ਤੇ ਇਹੋ ਕਾਰਨ ਸੀ, ਕਿ ਮਿੱਤਰ ਚੱਕਰਵਰਤੀ ਦੇ ਅਭਿਨੰਦਨ ਗ੍ਰੰਥ ਦੀ ਭੇਟਾ ਵਾਲੇ ਸਮਾਗਮ ਵਿਚ ਮੈਂ ਸ਼ਾਮਲ ਨਾ ਹੋ ਸਕਿਆ, ਨਾ ਹੀ ਉਨ੍ਹਾਂ ਨੂੰ ਮੁਬਾਰਕ ਦੀ ਚਿੱਠੀ ਹੀ ਲਿਖੀ।

ਅਖ਼ਬਾਰਾਂ ਵਿਚ ਇਹ ਖਬਰ ਪੜ੍ਹ ਕੇ ਚਿੱਤ ਬੜਾ ਪ੍ਰਸੰਨ ਹੋਇਆ, ਕਿ ਪਟਿਆਲਾ ਵਾਲਾ ਸਮਾਰੋਹ ਬੜੀ ਸ਼ਾਨੋ-ਸ਼ੌਕਤ ਨਾਲ ਹੋਇਆ ਸੀ। ਵੱਡੇ ਵਜ਼ੀਰ ਨੇ ਅਭਨੰਦਨ ਗ੍ਰੰਥ ਦੀ ਸੁਨਹਿਰੀ ਜਿਲਦ ਆਪਣੀ ਹੱਥੀਂ ਚੱਕਰਵਰਤੀ ਹੋਰਾਂ ਨੂੰ ਭੇਟ ਕੀਤੀ। ਜ਼ਿਲ੍ਹੇ ਦੇ ਵੱਡੇਰ ਅਫਸਰ ਨੇ ਆਪ ਹੱਥੀਂ ਪੰਜ ਹਜ਼ਾਰ ਦੀ ਥੈਲੀ ਭੇਟ ਕੀਤੀ। ਚੱਕਰਵਰਤੀ ਹੋਰਾਂ ਨੂੰ ਫੁਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਗਿਆ ਤੇ ਅੰਤ ਕਈ ਭਾਸ਼ਣਾਂ, ਕਵਿਤਾਵਾਂ ਅਤੇ ਗੀਤਾਂ ਦੀ ਗੁੰਜਾਰ ਵਿਚ ਇਹ ਸਮਾਗਮ ਸਮਾਪਤ ਹੋਇਆ।

ਉਹ ਸਾਰਾ ਸਾਲ ਬੀਤ ਗਿਆ। ਮੈਂ ਕਈ ਪ੍ਰੇਸ਼ਾਨੀਆਂ ਵਿਚ ਫਸਿਆ ਰਿਹਾ। ਸਾਲ ਦੇ ਅੰਤ ਵਿਚ ਇਕ ਦਿਨ ਮੈਨੂੰ ਪਟਿਆਲੇ ਜਾਣਾ ਪਿਆ। ਉਥੇ ਹੀ ਮੇਰੇ ਬਿਧ ਮਿੱਤਰ ਚੱਕਰਵਰਤੀ ਦਾ ਨਿਵਾਸ ਅਸਥਾਨ ਸੀ। ਆਪਣਾ ਕੰਮ ਮੁਕਾ ਕੇ ਮੈਂ ਸੋਚਿਆ, ਚੱਕਰਵਰਤੀ ਹੋਰਾਂ ਨੂੰ ਕਿਉਂ ਨਾ ਮਿਲ ਆਵਾਂ? ਇਹ ਸੋਚ ਮੈਂ ਸਿੱਧਾ ਚਕਰਵਰਤੀ ਹੋਰਾਂ ਦੇ ਘਰ ਜਾ ਪੁੱਜਾ। ਉਨ੍ਹਾਂ ਨੂੰ ਮੁਬਾਰਕ ਦਿੱਤੀ ਤੇ ਆਪ ਉਸ ਸਮਾਗਮ ਵਿਚ ਸ਼ਾਮਲ ਨਾ ਹੋ ਸਕਣ ਦੀ ਖਿਮਾਂ ਮੰਗੀ।

ਗੱਲਾਂ ਗੱਲਾਂ ਵਿਚ ਮੈਂ ਆਪਣੇ ਸਫਰਨਾਮੇ ਦਾ ਜ਼ਿਕਰ ਛੇੜ ਬੈਠਾ। ਅਜੇ ਮੈਂ ਆਪਣੀ ਵਾਰਤਾ ਮੁਕੰਮਲ ਵੀ ਨਹੀਂ ਸੀ ਕੀਤੀ, ਕਿ ਬਜ਼ੁਰਗ ਚੱਕਰਵਰਤੀ ਦੀਆਂ ਅੱਖਾਂ ਵਿਚ ਹੰਝੂ ਆ ਗਏ। ਮੈਂ ਸਮਝਿਆ, ਮੇਰਾ ਮਿੱਤਰ ਮੇਰੀ ਦਰਦ ਭਰੀ



Namdhari Elibrary NamdhariElibrary@gmail.com

ਕਹਾਣੀ ਸੁਣ ਕੇ ਪ੍ਰਭਾਵਤ ਹੋਇਆ ਹੈ, ਪਰ ਵਾਸਤਵ ਵਿਚ ਐਸਾ ਨਹੀਂ ਸੀ।

ਮੇਰਾ ਮਿੱਤਰ ਕੁਰਸੀ ਤੋਂ ਉਠਿਆ, ਤੇ ਪਿਛਲੇ ਕਮਰੇ ਵਿਚੋਂ ਇਕ ਬੜਾ ਸੁੰਦਰ ਸੁਨਹਿਰੀ ਕੱਪੜੇ ਵਿਚ ਲਪੇਟਿਆ ਹੋਇਆ ਗ੍ਰੰਥ ਚੁੱਕ ਲਿਆਇਆ। ਉਸ ਤੇ ਚਿਰ ਤੋਂ ਪਈ ਗਰਦ ਨੂੰ ਰੁਮਾਲ ਨਾਲ ਉਸ ਨੇ ਚੰਗੀ ਤਰ੍ਹਾਂ ਝਾੜਿਆ। ਗ੍ਰੰਥ ਸੁਨਹਿਰੀ ਡੋਰੀ ਨਾਲ ਬੰਨ੍ਹਿਆ ਹੋਇਆ ਸੀ, ਤੇ ਸੁਨਹਿਰੀ ਅੱਖਰਾਂ ਨਾਲ ਲਿਖਿਆ ਹੋਇਆ ਸੀ:

"ਸ੍ਰੀ ਚੱਕਰਵਰਤੀ ਜੀ ਨੂੰ ਭੇਟ ਕੀਤਾ ਗਿਆ ਅਭਨੰਦਨ ਗ੍ਰੰਥ"-ਹੇਠਾਂ ਤਰੀਕ ਤੇ ਸਭਾ ਦਾ ਨਾਂ ਦਰਜ ਸੀ।

"ਅੱਛਾ, ਇਹ ਉਹੀ ਗ੍ਰੰਥ ਹੈ, ਜੋ ਆਪ ਨੂੰ ਭੇਟ ਕੀਤਾ ਗਿਆ ਹੈ, ਚੱਕਰਵਰਤੀ ਜੀ! ਧੰਨ ਭਾਗ, ਇਸ ਦੇ ਦਰਸ਼ਨ ਹੋ ਗਏ। ਮੈਂ ਉਡੀਕਦਾ ਹੀ ਰਿਹਾ, ਕਿ ਤੁਸੀਂ ਆਪਣੇ ਇਸ ਨਾਚੀਜ਼ ਮਿੱਤਰ ਨੂੰ ਵੀ ਇਸਦੀ ਇਕ ਕਾਪੀ ਘਲੋਗੇ।"

ਪਿਆਰ ਤੇ ਹਮਦਰਦੀ ਦੀ ਥਾਂ ਚੱਕਰਵਰਤੀ ਦੀਆਂ ਅੱਖਾਂ ਨਫਰਤ ਨਾਲ ਭਰ ਗਈਆਂ ਉਹ ਇਕ ਵੱਡੀ ਸਾਰੀ ਗਾਲ੍ਹ ਕੱਢ ਕੇ ਕਹਿਣ ਲੱਗੇ :

"ਕਿਸ ਉੱਲੂ ਦੇ ਪੱਠੇ ਨੇ ਉਹ ਗ੍ਰੰਥ ਵੇਖਿਆ?"

"ਤੇ ਇਹ ਕੀ ਏ?" ਫਿਰ ਮੈਂ ਹੱਸ ਕੇ ਕਿਹਾ, "ਇਹ ਚੱਕਰਵਰਤੀ....?"

"ਨਹੀਂ ਚੱਕਰਵਰਤੀ ਦਾ ਨਹੀਂ, ਭੇਟ ਕਰਨ ਵਾਲਿਆਂ ਦੀ ਮਾਂ ਦਾ ਸਿਰ ਹੈ। ਜ਼ਰਾ ਖੋਲ੍ਹ ਕੇ ਤਾਂ ਵੇਖ।"

ਮੈਂ ਕੱਪੜਾ ਖੋਲ੍ਹਿਆ ਵਿਚੋਂ ਬੜੀ ਸੁੰਦਰ ਸੁਨਹਿਰੀ ਜਿਲਦ ਨਿਕਲੀ। ਉਸ ਤੇ ਭੇਟਾ ਦੇ ਸੁਨਹਿਰੀ ਸ਼ਬਦ ਅੰਕਤ ਸਨ, ਪਰ ਜਦੋਂ ਗ੍ਰੰਥ ਖੋਲ੍ਹਿਆ, ਤਾਂ ਵਿਚ ਨਿਰੇ ਪੁਰੇ ਕੋਰੇ ਕਾਗਜ਼ ਸਨ। ਪੰਜ ਸੌ ਸਫੇ ਦੇ ਇਸ ਮਹਾਨ ਗ੍ਰੰਥ ਵਿਚ ਇਕ ਸਤਰ ਵੀ ਛਪੀ ਹੋਈ ਨਹੀਂ ਸੀ। ਇਹ ਵੇਖ ਮੈਂ ਬੜਾ ਹੈਰਾਨ ਹੋਇਆ।

ਮੇਰੀ ਹੈਰਾਨੀ ਤੇ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਚੱਕਰਵਰਤੀ ਜੀ ਮੇਰੇ ਨੇੜੇ ਹੋ ਕੇ ਬੈਠ ਗਏ, ਤੇ ਇਝ ਆਪਣੀ ਵਾਰਤਾ ਅਰੰਭੀ :

"ਗੱਲ ਇਉਂ ਹੋਈ ਰਮਤਾ ਸਾਹਿਬ, ਕਿ ਸਮਾਰੋਹ ਤੋਂ ਹਫਤਾ ਭਰ ਪਹਿਲਾਂ 'ਚੱਕਰਵਰਤੀ ਅਭਨੰਦਨ ਗ੍ਰੰਥ' ਬਿਲਕੁਲ ਮੁਕੰਮਲ ਹੋ ਕੇ ਜਿਲਦਬੰਦੀ ਲਈ ਦਫਤਰੀ ਪਾਸ ਚਲਾ ਗਿਆ। ਮੈਂ ਸਭਾ ਦੇ ਸਕੱਤਰ ਨੂੰ ਗ੍ਰੰਥ ਦੀ ਸੰਪੂਰਨਤਾ ਦੀ ਇਤਲਾਹ ਦੇ ਕੇ ਆਪਣੇ ਘਰ ਆ ਗਿਆ। ੧੩ ਤਰੀਕ ਵਿਸਾਖੀ ਵਾਲੇ ਦਿਨ ਸਵੇਰੇ ੧੦ ਵਜੇ ਸਮਾਰੋਹ ਸੀ। ਉਸ ਦਿਨ ਸਵੇਰੇ ਅੱਠ ਕੁ ਵਜੇ ਮੇਰੇ ਪਾਸ ਸਭਾ ਦਾ ਸਕੱਤਰ ਆਇਆ ਤੇ ਕਹਿਣ ਲੱਗਾ—"ਚੱਕਰਵਰਤੀ ਸਾਹਿਬ! ਹਰਾਮ ਖੋਰ ਪ੍ਰੈਸ ਵਾਲਿਆਂ ਚੋਰਾਂ ਨੇ ਗ੍ਰੰਥ ਦੇਣੋ ਇਨਕਾਰ ਕਰ ਦਿੱਤਾ ਹੈ। ਕਹਿੰਦੇ ਹਨ ਕਿ ਇਸਦੀ ਛਪਾਈ ਤੇ ਜਿਲਦਬੰਦੀ ਦੀ ਪੂਰੀ ਰਕਮ ਜੋ ਪੰਜ ਹਜ਼ਾਰ ਤੋਂ ਉੱਪਰ ਬਣਦੀ ਹੈ, ਦੇ ਜਾਓ, ਤੇ ਗ੍ਰੰਥ ਲੈ ਜਾਓ। ਤੁਹਾਨੂੰ ਪਤਾ ਹੈ ਕਿ, ਸਾਡੀ ਸੰਸਥਾ ਬੜੀ ਗਰੀਬ ਹੈ। ਇਸ ਪਾਸ ਤਾਂ ਨਕਦ ਨਰੈਣ ਪੰਜ ਰੁਪਏ ਵੀ ਨਹੀਂ, ਪੰਜ ਹਜ਼ਾਰ ਕਿੱਥੋਂ ਆਉਣੇ ਨੇ? ਪ੍ਰੈਸ ਵਾਲੇ ਨੂੰ ਬਥੇਰਾ ਸਮਝਾਇਆ, ਮਿੰਨਤ ਤਰਲਾ ਵੀ ਕੀਤਾ, ਵੱਡੇ ਵਜ਼ੀਰ ਦਾ ਡਰ-ਡਰਾਵਾ ਵੀ ਦਿੱਤਾ, ਪਰ ਉਹ ਪੈਰਾਂ ਤੇ ਪਾਣੀ ਹੀ ਨਾ ਪੈਣ ਦੇਣ। ਐਸਾ ਜਾਪਦਾ ਹੈ ਕਿ ਸਾਡੇ ਨਗਰ ਦੀ ਮੁਕਾਬਲੇ ਦੀ ਸਭਾ 'ਸਾਹਿਤ ਸੰਗਮ' ਵਾਲਿਆਂ ਨੇ ਉਸਦੇ ਕੰਨ ਭਰ ਦਿੱਤੇ ਹਨ, ਕਿ ਪਿੱਛੋਂ ਇਨ੍ਹਾਂ ਨੇ ਪੈਸੇ ਨਹੀਂ ਦੇਣੇ। ਇਸ ਲਈ ਸਭ ਕੁਝ ਪੇਸ਼ਗੀ ਲੈ ਕੇ ਹੀ ਇਨ੍ਹਾਂ ਨੂੰ ਗ੍ਰੰਥ ਦੇਣਾ। ਸੋ ਉਸ ਨੇ ਇਹ ਗ੍ਰੰਥ ਦੇਣੋ ਇਨਕਾਰ ਕਰ ਦਿੱਤਾ। ਤੇ ਅਖੀਰ ਲਾਚਾਰ ਹੋ ਕੇ ਮੈਂ ਕਾਗਜ਼ ਦਾ ਇਕ ਸਫੈਦ ਦਸਤਾ ਲੈ ਕੇ ਦਫਤਰੀ ਪਾਸੋਂ ਇਕ ਉਸੇ ਸਾਈਜ਼ ਦਾ ਸਫੈਦ ਅਣ-ਛਪਿਆ ਡਮੀ ਗ੍ਰੰਥ ਬਣਵਾ ਲਿਆਇਆ ਹਾਂ। ਉਸ ਤੇ ਬੜੀ ਸੁੰਦਰ ਜਿਲਦ ਕਰਾ ਲਈ ਹੈ। ਉਪਰ ਸੁਨਹਿਰੀ ਅੱਖਰਾਂ ਵਿਚ ਆਪ ਦਾ ਨਾਂ ਵੀ ਛਪਾ ਲਿਆਇਆ ਹਾਂ। ਸੋ ਹੁਣ ਸਾਡੇ ਸਾਰਿਆਂ ਦਾ ਭਲਾ ਇਸੇ ਵਿਚ ਹੈ, ਕਿ ਕਿਸੇ ਨੂੰ ਕੰਨੋ-ਕੰਨੀ ਖਬਰ ਨਾ ਹੋਣ ਦਿਉ। ਜਦੋਂ ਸਮਾਗਮ ਸਮੇਂ ਵੱਡੇ ਵਜ਼ੀਰ ਸਾਹਿਬ ਹੱਥੋਂ ਇਹ ਗ੍ਰੰਥ ਤੁਹਾਡੀ ਭੇਟ ਹੋਣਾ ਹੈ, ਤੁਸੀਂ ਖਿੜੇ ਮੱਥੇ ਪ੍ਰਵਾਨ ਕਰਨਾ। ਥੈਲੀ ਜੋ ਮਿਲੇਗੀ ਉਸ ਵਿਚ ਵੀ ਰੱਦੀ ਕਾਗਜ਼ ਤੁਸੇ ਹੋਣੇ ਨੇ। ਕਿਸੇ ਨੂੰ ਹੱਥ ਨਾ ਲਾਉਣ ਦੇਣਾ, ਨਾ ਕਿਸੇ ਨੂੰ ਵਿਖਾਉਣਾ। ਵਰਨਾ ਭੇਦ ਖੁਲ੍ਹ ਜਾਣ ਤੇ ਸਾਡੇ ਸਾਰਿਆਂ ਦੀ ਬੇ-ਇਜ਼ਤੀ ਹੋਵੇਗੀ।"

ਚੱਕਰਵਰਤੀ ਹੋਰੀਂ ਰੁਦਨ ਭਰੇ ਸਵੱਰ ਵਿਚ ਦਸ ਰਹੇ ਸਨ, "ਸੈਲਾਨੀ ਦੋਸਤ! ਇਹ ਸੁਣ ਕੇ ਮੈਂ ਸਿਰ ਫੜ ਕੇ ਬੈਠ ਗਿਆ। ਇਸ ਗ੍ਰੰਥ ਤੇ ਮੇਰਾ ਆਪਣਾ ਵੀ ਦੋ ਢਾਈ ਹਜ਼ਾਰ ਰੁਪਿਆ ਖਰਚਿਆ ਗਿਆ ਸੀ। ਗ੍ਰੰਥ ਦੀ ਤਿਆਰੀ ਵਿਚ ਮਿਹਨਤ ਵੀ ਮੈਂ ਰਜ ਕੇ ਕੀਤੀ ਸੀ, ਪਰ ਹੁਣ ਹੱਥ ਪੱਲੇ ਕੁਝ ਨਹੀਂ ਸੀ ਪੈ ਰਿਹਾ। ਅਖੀਰ ਮਰਦਾ ਕੀ ਨਹੀਂ ਕਰਦਾ। ਡਮੀ ਗ੍ਰੰਥ ਹੀ ਪ੍ਰਵਾਨ ਕਰਨਾ ਪਿਆ। ਸਮਾਗਮ ਸਮੇਂ ਮੇਰੀ ਪ੍ਰਸੰਸਾ ਵਿਚ ਕਈ ਭਾਸ਼ਣ ਹੋਏ, ਕਵਿਤਾਵਾਂ ਪੜ੍ਹੀਆਂ ਗਈਆਂ, ਸੰਗੀਤ ਹੋਇਆ ਤੇ ਜਦੋਂ ਮੈਂ ਤਾੜੀਆਂ ਦੀ ਗੂੰਜਾਰ ਵਿਚ ਇਹ ਗ੍ਰੰਥ ਪ੍ਰਵਾਨ ਕੀਤਾ, ਤਾਂ ਧਰਮ ਨਾਲ ਮੇਰੇ ਹੱਥ ਹੀ ਨਹੀਂ, ਲੱਤਾਂ ਵੀ ਕੰਬ ਰਹੀਆਂ ਸਨ। ਮੈਂ ਕੰਬਦੇ ਸਰੀਰ ਤੇ



Namdhari Elibrary NamdhariElibrary@gmail.com

ਥਿੜਕਦੀ ਜ਼ਬਾਨ ਵਿਚ ਇਹ ਖਿੜੇ ਮੱਥੇ ਪ੍ਰਵਾਨ ਕਰਕੇ ਸਭਾ ਦਾ ਧੰਨਵਾਦ ਕੀਤਾ। ਅੰਤ ਸਮਾਗਮ ਦੀ ਸਮਾਪਤੀ ਤੇ ਇਸ ਭੀੜ ਨੂੰ ਚੀਰਦੀ ਹੋਈ ਇਕ ਟੈਕਸੀ ਸਟੇਜ ਤੀਕ ਆ ਪਹੁੰਚੀ। ਉਸ ਵਿਚ ਸਭਾ ਦਾ ਸਕੱਤਰ ਸੀ। ਉਸ ਮੇਰੇ ਹੱਥੋਂ ਗ੍ਰੰਥ ਫੜ ਲਿਆ। ਫਿਰ ਸਭਾ ਦੇ ਬਾਕੀ ਮੈਂਬਰਾਂ ਨੇ ਫੁੱਲਾਂ ਨਾਲ ਲੱਦੇ ਚੱਕਰਵਰਤੀ ਨੂੰ ਟੈਕਸੀ ਅੰਦਰ ਧਕੇਲਿਆ ਤੇ ਉਹ ਟੈਕਸੀ 'ਚਕਰਵਰਤੀ ਜ਼ਿੰਦਾਬਾਦ', 'ਪੰਜਾਬੀ ਬੋਲੀ ਅਮਰ ਰਹੇ, ਦੇ ਅਕਾਸ਼ ਗੂੰਜਾਊ ਨਾਹਰਿਆਂ ਨੂੰ ਪਿਛੇ ਛੱਡਦੀ ਹੋਈ ਸਿੱਧੀ ਮੇਰੇ ਨਿਵਾਸ ਅਸਥਾਨ ਤੇ ਆਣ ਪੁੱਜੀ। ਸਕੱਤਰ ਨੇ ਇਸ ਗ੍ਰੰਥ ਨੂੰ ਆਪਣੇ ਹੱਥੀਂ ਸਾਹਮਣੀ ਕਾਨਸ ਤੇ ਟਿਕਾਇਆ ਤੇ ਇਹ ਯਕੀਨ ਦਵਾਂਦਿਆਂ ਹੋਇਆ ਵਿਦਾ ਹੋਇਆ ਕਿ ਅਸਲ ਗ੍ਰੰਥ ਤੇ ਇਨਾਮ ਦੀ ਰਕਮ ਛੇਤੀ ਹੀ ਤੁਹਾਡੇ ਘਰ ਪੁੱਜ ਜਾਵੇਗੀ।"

ਸੰਤ ਚੱਕਰਵਰਤੀ ਹੋਰਾਂ ਆਪਣੀ ਗੱਲ ਖਤਮ ਕਰਦਿਆਂ ਕਿਹਾ, "ਤੇ ਪੁਰਸਕਾਰ ਦੀ ਮਾਇਆ ਅੱਜ ਤੀਕ ਨਾ ਹੀ ਮੈਨੂੰ ਮਿਲੀ ਹੈ ਤੇ ਨਾ ਹੀ ਭਵਿਖ ਵਿਚ ਇਸਦੇ ਮਿਲਣ ਦੀ ਆਸ ਹੈ। ਨਾ ਸਭਾ ਵਾਲਿਆਂ ਹੱਥ ਪੰਜ ਹਜ਼ਾਰ ਰੁਪਿਆ ਆਉਣਾ ਹੈ ਤੇ ਨਾ ਹੀ ਪ੍ਰੈਸ ਵਾਲਿਆਂ ਨੇ ਇਨ੍ਹਾਂ ਨੂੰ ਗ੍ਰੰਥ ਦੇਣਾ ਹੈ।"

ਤੇ ਪਾਠਕ ਗਣੋਂ! ਇਸ ਤਰ੍ਹਾਂ ਅਸੀਂ ਦੋਵੇਂ ਮਿੱਤਰ ੧੯੭੦ ਦੇ 'ਸਰਬੋਤਮ ਪੁਰਸਕਾਰਾਂ, ਵਲ ਵੇਖਦੇ, ਤੇ ਅੱਖਾਂ ਮਲਦੇ ਰਹਿ ਗਏ।

ਤੇ ਇਹ ਉਸ ਸਾਹਿਤਕਾਰ ਦੀ ਦਰਦ ਭਰੀ ਵਾਰਤਾ ਹੈ, ਜਿਸ ਦੇ ਨਾਂ ਤੇ 'ਚੱਕਰਵਰਤੀ ਪੁਰਸਕਾਰ' ਅੱਜ ਸਾਡੇ ਮਿੱਤਰ ਗੁਰਬਚਨ ਸਿੰਘ ਭੁਲਰ ਨੂੰ ਦਿੱਤਾ ਗਿਆ ਹੈ। ਇਸ ਤਰ੍ਹਾਂ ਇਸ ਖਬਰ ਨੇ ਮੈਨੂੰ ਹੈਰਾਨੀ ਦੇ ਨਾਲ ਨਾਲ ਖ਼ੁਸ਼ੀ ਵੀ ਦੇਣੀ ਸੀ। ਸੋ ਪਿਆਰੇ ਭੁਲਰ ਜੀ ਨੂੰ ਸਵਰਗਵਾਸੀ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਤੇ ਆਪਣੇ ਵਲੋਂ 'ਚੱਕਰਵਰਤੀ ਅਵਾਰਡ ਪ੍ਰਾਪਤ ਕਰਨ ਸਮੇਂ 'ਮੁਬਾਰਕਬਾਦ' ਦੇਂਦੇ ਹਾਂ। ਅਮੀਨ!

*੮੦/੧੪ ਬੀ, ਮਾਲਵੀਆ ਨਗਰ,*
*ਨਵੀਂ ਦਿੱਲੀ ੧੭*

(ਵਰਿਆਮ ਜੂਨ ੧੯੯੨ 'ਚ)
ਪਹਿਲੀ ਵਾਰ ਪ੍ਰਕਾਸ਼ਤ

---

# ਪ੍ਰੋ. ਕੁਲਵੰਤ ਜਗਰਾਉਂ ਦੀ ਯਾਦ 'ਚ ਕਵੀਆਂ ਨੂੰ ਸਨਮਾਨਿਤ ਕਰਨ ਦਾ ਫ਼ੈਸਲਾ

ਉਘੇ ਪੰਜਾਬੀ ਸ਼ਾਇਰ ਪ੍ਰੋ. ਕੁਲਵੰਤ ਜਗਰਾਉਂ ਦੀ ਨਿੱਘੀ ਯਾਦ ਵਿਚ ਉਨ੍ਹਾਂ ਦੇ ਨਾਂ 'ਤੇ ਬਣੀ ਫਾਊਂਡੇਸ਼ਨ ਵੱਲੋਂ ੫੦ ਸਾਲਾਂ ਤੋਂ ਘੱਟ ਉਮਰ ਦੇ ਉਭਰਦੇ ਪੰਜਾਬੀ ਲੇਖਕਾਂ ਦੀ ਪਹਿਲੀ ਪੁਸਤਕ ਨੂੰ ਹਰ ਵਰ੍ਹੇ ਸਨਮਾਨਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਵਿਚ ੫੧੦੦ ਰੁਪਏ ਦੀ ਨਕਦ ਰਾਸ਼ੀ, ਦੁਸ਼ਾਲਾ ਤੇ ਪ੍ਰਮਾਣ ਪੱਤਰ ਸ਼ਾਮਿਲ ਹਨ। ਇਹ ਐਲਾਨ ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਅਤੇ ਪ੍ਰੋ. ਕੁਲਵੰਤ ਜਗਰਾਉਂ ਦੇ ਸਪੁੱਤਰ ਸ. ਨਵਜੋਤ ਸਿੰਘ ਨੇ ਇਕ ਸਾਂਝੇ ਬਿਆਨ ਵਿਚ ਕੀਤਾ। ੨੦੦੯ ਦੇ ਪਹਿਲੇ ਸਨਮਾਨ ਸਮਾਰੋਹ ਲਈ ੨੦੦੭ ਅਤੇ ੨੦੦੮ ਵਿਚ ਛਪੀ ਸਭ ਤੋਂ ਚੰਗੀ ਕਾਵਿ-ਪੁਸਤਕ ਨੂੰ ਵਿਚਾਰਿਆ ਜਾਵੇਗਾ। ਇਸ ਪਹਿਲੀ ਕਵਿ-ਪੁਸਤਕ ਦੀਆਂ ਤਿੰਨ ਤਿੰਨ ਕਾਪੀਆਂ ਪ੍ਰਿੰ. ਪ੍ਰੇਮ ਸਿੰਘ ਬਜਾਜ, ਡਾਇਰੈਕਟਰ ਰੈਫਰੈਂਸ ਲਾਇਬ੍ਰੇਰੀ, ਪੰਜਾਬੀ ਭਵਨ, ਲੁਧਿਆਣਾ ਨੂੰ ਦਸਤੀ, ਡਾਕ ਜਾਂ ਕੂਰੀਅਰ ਰਾਹੀਂ ੧੫ ਦਸੰਬਰ ੨੦੦੯ ਤੱਕ ਪਹੁੰਚਾ ਦਿੱਤੀਆਂ ਜਾਣ।

## ਸ਼ੋਕ ਸਭਾ

ਡਾਕਟਰ ਰਣਜੀਤ ਸਿੰਘ ਬਾਜਵਾ (ਸਾਬਕਾ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ) ਦੀ ਧਰਮ-ਪਤਨੀ ਸ੍ਰੀਮਤੀ ਸੁਖਜੀਤ ਕੌਰ ਬਾਜਵਾ (ਵਿਰਕ) ਦਾ ਪਿਛਲੇ ਦਿਨੀਂ ਸਵਰਗਵਾਸ ਹੋ ਗਿਆ ਸੀ। ਉਨ੍ਹਾਂ ਦੀ ਯਾਦ ਵਿਚ ਸ਼ੋਕ ਸਭਾ ਅੰਮ੍ਰਿਤਸਰ ਵਿਚ ੧੫ ਨਵੰਬਰ ੨੦੦੯, ਦਿਨ ਐਤਵਾਰ ਨੂੰ ਕੀਤੀ ਗਈ, ਜਿਸ ਵਿਚ ਪੰਜਾਬੀ ਦੇ ਨਾਮਵਰ ਵਿਦਵਾਨਾਂ ਡਾ. ਐਸ. ਪੀ ਸਿੰਘ (ਸਾਬਕਾ ਵਾਈਸ ਚਾਂਸਲਰ), ਡਾ. ਮਨਮੋਹਨ ਦੀਪਕ ਆਦਿਕ, ਨੇ ਬੀਬੀ ਸੁਖਜੀਤ ਕੌਰ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਉਹਨਾਂ ਦੀਆਂ ਘਾਲਨਾਵਾਂ ਦਾ ਜ਼ਿਕਰ ਕੀਤਾ ਅਤੇ ਬਾਜਵਾ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।



Namdhari Elibrary NamdhariElibrary@gmail.com

# ਮੇਰੀ ਸੇਵਾ-ਮੁਕਤੀ ਦੇ ਦਿਨ

—ਡਾ. ਹਰਨੇਕ ਸਿੰਘ ਕੋਮਲ

ਮੈਂ ਡੀ. ਏ. ਵੀ. ਕਾਲਜ ਬਠਿੰਡਾ 'ਚ ਪੰਜਾਬੀ ਦਾ ਲੈਕਚਰਾਰ ਰਿਹਾ ਹਾਂ। ਮੇਰਾ ਜਨਮ, ਸਕੂਲ ਦੇ ਰਿਕਾਰਡ ਅਨੁਸਾਰ, ੧੫ ਨਵੰਬਰ ੧੯੪੩ ਨੂੰ ਹੋਇਆ ਸੀ ਪਰ ਸੇਵਾ-ਮੁਕਤੀ, ਮਹੀਨੇ ਦੇ ਅਖੀਰਲੇ ਦਿਨ, ੩੦ ਨਵੰਬਰ ੨੦੦੩ ਨੂੰ ਹੋਈ ਹੈ। ਮੇਰੀ ਸੇਵਾ-ਮੁਕਤੀ ਦੇ ਸੰਬੰਧ 'ਚ ਸਮਾਗਮਾਂ ਦਾ ਸਿਲਸਿਲਾ ਇਕ ਮਹੀਨਾ ਚੱਲਦਾ ਰਿਹਾ ਹੈ। ਇਸੇ ਲਈ ਮੈਂ 'ਸੇਵਾ ਮੁਕਤੀ ਦਾ ਦਿਨ' ਦੀ ਥਾਂ 'ਸੇਵਾ-ਮੁਕਤੀ ਦੇ ਦਿਨ' ਆਖਿਆ ਹੈ।

ਸੇਵਾ-ਮੁਕਤੀ ਤੋਂ ਪਹਿਲਾਂ, ੨੩ ਨਵੰਬਰ ਨੂੰ, ਰਾਈਟਰਜ਼ ਫੋਰਮ ਬਠਿੰਡਾ ਵਲੋਂ ਇਕ "ਸਨਮਾਨ ਸਮਾਰੋਹ" ਆਯੋਜਿਤ ਕੀਤਾ ਗਿਆ। ਮੇਰੇ ਕੁਝ ਦੋਸਤ-ਮਿੱਤਰ ਚਾਹੁੰਦੇ ਸਨ ਕਿ ਸਨਮਾਨ ਦੀ ਰਸਮ ਲਈ ਕਿਸੇ ਵੱਡੇ ਸਿਆਸਤਦਾਨ ਜਾਂ ਕਿਸੇ ਉਚ-ਅਧਿਕਾਰੀ ਨੂੰ ਬੁਲਾਇਆ ਜਾਵੇ ਪਰ ਮੈਨੂੰ ਇਹ ਸਭ ਕੁਝ ਚੰਗਾ ਨਹੀਂ ਲੱਗਾ। ਰੋਕ ਦਿੱਤਾ। ਮੈਂ ਤਾਂ ਚਾਹੁੰਦਾ ਸਾਂ ਕਿ ਸਮਾਗਮ 'ਚ ਮੇਰੇ ਸਹਿਕਰਮੀ, ਸਾਹਿਤਕਾਰ, ਦੋਸਤ-ਮਿੱਤਰ ਤੇ ਪਰਿਵਾਰ ਦੇ ਮੈਂਬਰ ਹੀ ਸ਼ਾਮਿਲ ਹੋਣ। ਅਜਿਹਾ ਹੀ ਹੋਇਆ। ਸਮਾਗਮ ਸਾਦਾ ਪਰ ਪ੍ਰਭਾਵਸ਼ਾਲੀ ਸੀ। ਰਾਈਟਰਜ਼ ਫੋਰਮ ਵੱਲੋਂ ਮੈਨੂੰ ਸ਼ਾਲ ਤੇ ਸਨਮਾਨ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨ ਦੀ ਇਹ ਰਸਮ ਪ੍ਰੋ. ਜਸਵੰਤ ਸਿੰਘ ਕੈਲਵੀ ਨੇ ਨਿਭਾਈ। ਇਸ ਮੌਕੇ ਮੇਰੇ ਬਾਰੇ ਪ੍ਰਕਾਸ਼ਤ ਕੀਤਾ ਗਿਆ ਇਕ ਖ਼ੂਬਸੂਰਤ ਸੋਵਿਨਰ "ਪਹਿਚਾਣ" ਨਾਮਵਰ ਆਲੋਚਕ ਪ੍ਰੋ. ਬ੍ਰਹਮ ਜਗਦੀਸ਼ ਸਿੰਘ ਨੇ ਰਿਲੀਜ਼ ਕੀਤਾ। ਇਸ ਸੋਵਿਨਰ 'ਚ ਮੇਰੇ ਲੇਖਕ ਮਿੱਤਰਾਂ, ਸਹਿਕਰਮੀਆਂ, ਵਿਦਿਆਰਥੀਆਂ, ਮੇਰੀ ਪਤਨੀ ਤੇ ਮੇਰੀ ਨੂੰਹ ਵੱਲੋਂ ਮੇਰੇ ਬਾਰੇ ਲਿਖੇ ਲੇਖ ਹੀ ਸ਼ਾਮਿਲ ਕੀਤੇ ਗਏ। ਸਿਆਸਤਦਾਨਾਂ ਤੇ ਉਚ-ਅਧਿਕਾਰੀਆਂ ਵੱਲੋਂ ਰਵਾਇਤੀ 'ਸੰਦੇਸ਼' ਆਦਿ ਸ਼ਾਮਿਲ ਕਰਨ ਤੋਂ ਗੁਰੇਜ਼ ਕੀਤਾ ਗਿਆ। ਸੋਵਿਨਰ ਦੇ ਸੰਪਾਦਕ ਵਜੋਂ ਮੇਰੇ ਮਿੱਤਰ ਡਾ. ਜੇ. ਐਸ. ਆਨੰਦ (ਜੋ ਹੁਣ ਡੀ. ਏ.ਵੀ. ਕਾਲਜ, ਬਠਿੰਡਾ, ਦੇ ਪ੍ਰਿੰਸੀਪਲ ਹਨ) ਨੇ ਬੜੀ ਸੁਹਿਰਦਤਾ ਤੇ ਮੁਸਤੈਦੀ ਨਾਲ ਕੰਮ ਕਰ ਕੇ ਇਸ ਸੋਵਿਨਰ ਨੂੰ ਯਾਦਗਾਰੀ ਬਣਾ ਦਿੱਤਾ।

"ਸਨਮਾਨ ਸਮਾਰੋਹ" ਦੌਰਾਨ ਲੋਕ-ਗਾਇਕ ਹਾਕਮ ਸੂਫ਼ੀ, ਮੁਕਟ ਬਿਹਾਰੀ ਸ਼ਰਮਾ ਉਰਫ਼ ਮੋਹਨੀ ਤੇ ਵਿਨੋਦ ਗਰਗ ਨੇ ਮੇਰੀਆਂ ਗ਼ਜ਼ਲਾਂ ਗਾ ਕੇ ਖ਼ੂਬ ਰੰਗ ਬੰਨਿਆ। ਡਾ. ਗੁਰਜੰਟ ਸਿੰਘ ਸੇਖੋਂ, ਪ੍ਰੋ. ਜਸਵੰਤ ਸਿੰਘ ਕੈਲਵੀ, ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਡਾ. ਜੇ. ਐਸ. ਆਨੰਦ, ਪ੍ਰੋ. ਭੂਪਿੰਦਰ ਸਿੰਘ ਜੱਸਲ, ਪ੍ਰੋ. ਐਨ. ਕੇ. ਗੋਸਾਈ ਨੇ ਮੇਰੇ ਬਾਰੇ ਕੁਝ ਸ਼ਬਦ ਕਹੇ। ਮੇਰੀ ਸੱਜ-ਵਿਆਹੀ ਨੂੰਹ ਭੂਪਿੰਦਰ ਕੌਰ ਨੇ ਮੇਰੇ ਬਾਰੇ ਬੜੇ ਹੀ ਜਜ਼ਬਾਤੀ ਤੇ ਪ੍ਰਭਾਵਸ਼ਾਲੀ ਅੰਦਾਜ਼ 'ਚ ਬੋਲ ਕੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ। ਉਸ ਦਾ ਭਾਸ਼ਨ ਵਧੀਆ ਰਿਹਾ। ਸਮਾਗਮ ਦੀ ਸਫਲਤਾ ਲਈ ਕਾਲਜ ਦੇ ਸਹਿਕਰਮੀਆਂ ਤੇ ਦੋਸਤਾਂ-ਮਿੱਤਰਾਂ ਨੇ ਪੂਰਾ ਸਹਿਯੋਗ ਦਿੱਤਾ। ਇਸ ਸਮਾਗਮ ਦੀ ਪ੍ਰੈਸ ਤੇ ਰੇਡੀਓ ਨੇ ਚੰਗੀ ਕਵਰੇਜ ਕੀਤੀ।

ਅਗਲੇ ਹਫ਼ਤੇ, ੩੦ ਨਵੰਬਰ ਨੂੰ, ਕਾਲਜ ਵਲੋਂ "ਵਿਦਾਇਗੀ ਸਮਾਰੋਹ" ਆਯੋਜਤ ਕੀਤਾ ਗਿਆ। ਕਾਇਮ ਮੁਕਾਮ ਪ੍ਰਿੰਸੀਪਲ ਪ੍ਰੋ. ਐਮ. ਐਲ. ਅਰੋੜਾ ਨੇ ਸਨਮਾਨ-ਪੱਤਰ ਪੜ੍ਹਿਆ ਜਿਸ 'ਚ ਮੇਰੀਆਂ ਅਕਾਦਮਿਕ ਤੇ ਸਾਹਿਤਕ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮੈਨੂੰ ਤੇ ਮੇਰੀ ਪਤਨੀ, ਮਨਜੀਤ ਕੌਰ, ਨੂੰ ਸਨਮਾਨਤ ਕੀਤਾ ਗਿਆ। ਸਨਮਾਨ-ਸਮੱਗਰੀ 'ਚ ਚਾਂਦੀ ਦੇ ਛੇ ਗਲਾਸ ਵੀ ਸਨ ਜੋ ਸਾਡੇ ਘਰ 'ਚ ਇਕ ਕੀਮਤੀ ਵਸਤੂ ਸਮਝ ਕੇ ਸੰਭਾਲ ਕੇ ਰੱਖੇ ਹੋਏ ਹਨ। ਉਂਜ ਕਾਲਜ ਦੇ ਸ਼ਾਨਦਾਰ ਹਾਲ 'ਚ ਸਾਊਂਡ-ਸਿਸਟਮ ਨਾਕਸ ਹੋਣ ਕਰਕੇ ਪ੍ਰਿੰਸੀਪਲ ਨੇ ਮੇਰੇ ਬਾਰੇ ਜੋ ਕੁਝ ਕਿਹਾ ਉਹ ਕਿਸੇ ਨੂੰ ਠੀਕ ਤਰ੍ਹਾਂ ਸੁਣਾਈ ਨਾ ਦਿੱਤਾ ਅਤੇ ਜੋ ਕੁਝ ਮੈਂ ਬੋਲਿਆ ਉਹ ਵੀ ਕਿਸੇ ਦੇ ਪੱਲੇ ਨਾ ਪਿਆ। ਇਹ ਸਮਾਗਮ ਇਕ "ਡਿਨਰ" ਤੱਕ ਸੀਮਤ ਹੋ ਕੇ ਰਹਿ ਗਿਆ।

ਤੀਜੇ ਹਫ਼ਤੇ, ੭ ਦਸੰਬਰ ਨੂੰ, ਡੀ. ਏ. ਵੀ. ਕਾਲਜ, ਬਠਿੰਡਾ ਦੇ ਪੰਜਾਬੀ ਵਿਭਾਗ ਵੱਲੋਂ, ਵਿਭਾਗ ਦੇ ਨਵ-ਨਿਯੁਕਤ ਮੁੱਖੀ ਪ੍ਰੋ. ਵਰੇਸ਼ ਗੁਪਤਾ ਦੀ ਰਹਿਨੁਮਾਈ 'ਚ ਇਕ ਰੈਸਟੋਰੈਂਟ 'ਚ ਇਕ "ਪਰਿਵਾਰਕ ਮਿਲਣੀ" ਦਾ ਪ੍ਰਬੰਧ ਕੀਤਾ ਗਿਆ ਜਿਸ 'ਚ ਪੰਜਾਬੀ ਦੇ ਸਾਰੇ ਲੈਕਚਰਾਰ ਆਪਣੇ ਪਰਿਵਾਰ ਸਮੇਤ ਸ਼ਾਮਿਲ ਹੋਏ। ਹਰ ਚਿਹਰੇ 'ਤੇ ਮਿਲ-ਬੈਠਣ ਦੀ ਖ਼ੁਸ਼ੀ ਵੀ ਸੀ ਤੇ ਦਿਲਾਂ 'ਚ ਵਿਛੋੜਾ ਦਾ ਡੂੰਘਾ ਦਰਦ ਵੀ! ਸਮਾਗਮ 'ਚ ਸ਼ਿਰਕਤ ਕਰ ਰਹੇ ਪ੍ਰੋ. ਵਾਰੇਸ਼ ਗੁਪਤਾ, ਪ੍ਰੋ. ਰਵਿੰਦਰ ਸਿੰਘ, ਪ੍ਰੋ. ਬੇਅੰਤ ਕੌਰ ਤੇ ਪ੍ਰੋ. ਸੁਖਦੀਪ ਕੌਰ ਨੇ ਆਪਣੀ ਗੱਲ ਭਾਸ਼ਨ ਦੇ ਰੂਪ 'ਚ ਵੀ ਕੀਤੀ ਅਤੇ ਆਪਣੇ ਭਾਵਾਂ ਦਾ ਇਜ਼ਹਾਰ ਗੀਤਾਂ ਦੇ ਰੂਪ 'ਚ ਵੀ ਕੀਤਾ। ਉਂਜ ਤਾਂ ਪਿਆਰ ਤੇ ਸਤਿਕਾਰ ਦੇ ਪ੍ਰਗਟਾਵੇ ਲਈ ਸਨਮਾਨ-ਚਿੰਨ੍ਹ ਆਦਿ ਵੀ ਭੇਟ ਕੀਤੇ ਗਏ ਪਰ ਮੇਰੇ ਲਈ ਸਭ ਤੋਂ



Namdhari Elibrary NamdhariElibrary@gmail.com

ਵੱਡਾ ਮਾਣ-ਸਨਮਾਨ ਉਨ੍ਹਾਂ ਸਾਰਿਆਂ ਦੇ ਮਨਾਂ 'ਚ ਛਲਕਦਾ ਮੋਹ-ਪਿਆਰ ਦਾ ਸਾਗਰ ਸੀ।

ਇਸ ਤੋਂ ਅਗਲੇ ਹਫ਼ਤੇ, ੧੪ ਨਵੰਬਰ ਨੂੰ ਸਾਡੇ ਘਰ (ਮਲੋਟ) ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਦਾ ਪ੍ਰੋਗਰਾਮ ਸੀ। ਇਹ ਧਾਰਮਿਕ ਇਕੱਠ ਪਰਮ ਪਿਤਾ ਪਰਮਾਤਮਾ ਦੇ ਸ਼ੁਕਰਾਨੇ ਲਈ ਸੀ। ਇਸ 'ਚ ਸਾਕ-ਸਨੇਹੀਆਂ ਤੇ ਸ਼ਹਿਰ ਦੇ ਲੋਕਾਂ ਨੂੰ ਬੁਲਾਇਆ ਗਿਆ ਸੀ। ਪ੍ਰੋਗਰਾਮ ਸੰਖੇਪ ਪਰ ਸਨੇਹ-ਭਰਪੂਰ ਸੀ। ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਵੱਲੋਂ, ਮੇਰੀ ਸੇਵਾ-ਮੁਕਤੀ ਨੂੰ ਮੱਦੇ ਨਜ਼ਰ ਰੱਖਦਿਆਂ, ਤੋਹਫ਼ੇ ਵੀ ਦਿੱਤੇ ਗਏ। ਮੇਰੇ ਮਾਮਾ ਜੀ, ਸ. ਬਾਗ਼ ਸਿੰਘ (ਸਵ.) ਛੌਤਿਆਣਾ, ਦੇ ਛੋਟੇ ਬੇਟੇ ਜੋਗਿੰਦਰ ਤੇ ਉਸ ਦੀ ਪਤਨੀ, ਇੰਦਰਜੀਤ, ਵੱਲੋਂ ਦਿੱਤਾ ਗਿਆ "ਨਿੱਤਨੇਮ" ਇਨ੍ਹਾਂ ਤੋਹਫ਼ਿਆਂ 'ਚ ਸ਼ਾਮਿਲ ਸੀ। ਸ਼ਾਇਦ ਉਹ ਸਮਝਦੇ ਸਨ ਕਿ "ਸੇਵਾ ਮੁਕਤੀ" ਤੋਂ ਬਾਅਦ ਆਦਮੀ ਬੁੱਢਾ ਹੋ ਜਾਂਦਾ ਹੈ ਅਤੇ ਪਾਠ-ਪੂਜਾ ਕਰਨ ਜੋਗਾ ਹੀ ਰਹਿ ਜਾਂਦਾ ਹੈ। ਸ਼ੁਕਰ ਹੈ ਨਾਲ ਖੂੰਡੀ ਨਹੀਂ ਦੇ ਕੇ ਗਏ। ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਸੇਵਾ-ਮੁਕਤੀ ਤੋਂ ਬਾਅਦ ਮੈਂ ਬੜਾ ਕੁਝ ਕਰਨਾ ਹੈ, ਬੜਾ ਕੁਝ ਲਿਖਣਾ ਹੈ। ਉਂਜ ਮੈਨੂੰ ਯਾਦ ਹੈ ਕਿ ਮੈਥੋਂ ਕੁਝ ਮਹੀਨੇ ਪਹਿਲਾ ਸੇਵਾ-ਮੁਕਤ ਹੋਣ ਵਾਲਾ ਅਰਥ-ਸ਼ਾਸਤਰ ਦਾ ਇਕ ਲੈਕਚਰਾਰ ਉਦਾਸੀ-ਭਰੇ ਲਹਿਜੇ ਨਾਲ ਅਕਸਰ ਪੁੱਛਦਾ ਰਹਿੰਦਾ ਸੀ, "ਕੋਮਲ ਸਾਹਿਬ, ਰੀਟਾਇਰਮੈਂਟ ਤੋਂ ਬਾਅਦ ਕੀ ਕਰੋਗੇ?" ਉਸ ਦਾ ਮਕਸਦ ਇਹ ਜਾਣਨਾ ਸੀ ਕਿ ਸੇਵਾ-ਮੁਕਤੀ ਤੋਂ ਬਾਅਦ ਮੈਂ ਕਿਹੜਾ ਕੰਮ-ਧੰਦਾ ਸ਼ੁਰੂ ਕਰਾਂਗਾ। ਮੈਂ ਉਸ ਨੂੰ ਸਪੱਸ਼ਟ ਕਹਿ ਦਿੰਦਾ, "ਕਰਨਾ ਕੀ ਹੈ, ਅਰਾਮ ਕਰਾਂਗਾ। ਪੜ੍ਹਾਂਗਾ, ਲਿਖਾਂਗਾ ਤੇ ਆਪਣੇ ਘਰ-ਪਰਿਵਾਰ ਵੱਲ ਧਿਆਨ ਦਿਆਂਗਾ।" ਪਰ ਇਹ ਜਵਾਬ ਸੁਣ ਕੇ ਉਸ ਦੀ ਤਸੱਲੀ ਨਹੀਂ ਸੀ ਹੁੰਦੀ। ਉਂਜ ਕੁਝ ਲੋਕ ਅਜਿਹੇ ਵੀ ਸਨ ਜੋ ਸਲਾਹ ਦਿੰਦੇ ਸਨ ਕਿ ਮੈਂ ਕਿਸੇ ਸਕੂਲ ਜਾਂ ਕਾਲਜ 'ਚ ਨੌਕਰੀ ਕਰ ਲਵਾਂ। ਮੈਂ ਥੱਕ ਗਿਆ ਸਾਂ। ਬੱਚੇ ਵਿਆਹ ਲਏ ਸਨ। ਪਤਨੀ ਸਰਕਾਰੀ ਨੌਕਰੀ ਤੋਂ ਸੇਵਾ-ਮੁਕਤ ਹੋ ਕੇ ਪੈਨਸ਼ਨ ਲੈ ਰਹੀ ਸੀ। ਸੇਵਾ-ਮੁਕਤੀ, ਉਪਰੰਤ ਮੈਂ ਆਪਣੇ-ਆਪ ਨੂੰ ਬੰਧਨ-ਮੁਕਤ ਸਮਝ ਰਿਹਾ ਸਾਂ। ਉਸ ਵੇਲੇ ਸੋਚਿਆ ਸੀ:

ਹੋਏ ਸੇਵਾ-ਮੁਕਤ ਹਾਂ, ਭਾਰ ਗਿਆ ਹੈ ਲੱਥ।
ਹੁਣ ਤਾਂ ਸੌਣਾ-ਜਾਗਣਾ, ਕੋਮਲ ਆਪਣੇ ਹੱਥ॥
(ਦੋਹਾ ਨਿਧੀ, ਪੰਨਾ ੭੦)

ਸੇਵਾ-ਮੁਕਤੀ ਤੋਂ ਬਾਅਦ, ਸਾਹਿਤ-ਸਿਰਜਨਾ ਦਾ ਕਾਰਜ ਨਿਰੰਤਰ ਜਾਰੀ ਹੈ। ਸੇਵਾ-ਮੁਕਤੀ ਤੋਂ ਬਾਅਦ, ਹੁਣ ਤਕ, ਮੇਰੀਆਂ ਪੰਜ ਕਿਤਾਬਾਂ ਛਪ ਚੁੱਕੀਆਂ ਹਨ- ਜਗਮਗਾਉਂਦਾ ਅਤੀਤ, ਦੋਹਾ ਦਰਪਣ, ਦੋਹਾ ਨਿਧੀ, ਭਾਈ ਗੁਰਦਾਸ ਜੀ ਪਹਿਲੀ ਵਾਰ: ਸਾਹਿਤਕ ਪਰਿਪੇਖ, ਅਤੇ ਵਾਰਾਂ ਭਾਈ ਗੁਰਦਾਸ: ਪਾਠ ਤੇ ਪ੍ਰਵਚਨ। ਬੱਚਿਆਂ ਲਈ ੫-੬ ਪੁਸਤਕਾਂ ਦੇ ਖਰੜੇ ਤਿਆਰ ਕੀਤੇ ਹਨ। ਸੇਵਾ-ਮੁਕਤੀ ਉਪਰੰਤ ਹੀ ਮੈਂ "ਇਕ ਹਜ਼ਾਰ ਦੋਹੇ" ਲਿਖੇ ਹਨ। ਅਖ਼ਬਾਰ-ਰਸਾਲਿਆਂ ਲਈ ਬਾਕਾਇਦਾ ਲਿਖ ਰਿਹਾ ਹਾਂ। ਛਪ ਰਿਹਾ ਹਾਂ। ਕਦੇ-ਕਦੇ ਰੇਡੀਓ ਜਾਂ ਟੀ. ਵੀ. 'ਤੇ ਜਾ ਆਉਂਦਾ ਹਾਂ। ਪੜ੍ਹਨ-ਲਿਖਣ ਤੇ ਘਰ-ਪਰਿਵਾਰ ਦੀ ਸੇਵਾ-ਸੰਭਾਲ ਕਰਦਿਆਂ ਵਕਤ ਵਧੀਆ ਗੁਜ਼ਰ ਜਾਂਦਾ ਹੈ। ਕਦੇ-ਕਦੇ ਕੋਈ ਸੱਜਣ ਪੁੱਛ ਲੈਂਦਾ ਹੈ, "ਰੀਟਾਇਰਮੈਂਟ ਤੋਂ ਬਾਅਦ ਹੁਣ ਟਾਈਮ ਕਿਵੇਂ ਪਾਸ ਕਰਦੇ ਓ?" ਤਾਂ ਮੈਂ ਜਵਾਬ ਦਿੰਦਾ ਹਾਂ, "ਮੈਨੂੰ ਤਾਂ ਹੁਣ ਵੀ ਵਿਹਲ ਘੱਟ ਹੀ ਮਿਲਦੀ ਹੈ। ਮੇਰੇ ਪਾਸ ਬਹੁਤੀ ਵਿਹਲ ਹੈ ਹੀ ਨਹੀਂ!" ਮੈਨੂੰ ਤਾਂ ਕਦੇ-ਕਦੇ ਇਉਂ ਮਹਿਸੂਸ ਹੁੰਦਾ ਹੈ ਕਿ ਜਿਉਣ ਦੀ ਜਾਚ ਹੀ ਹੁਣ ਆਈ ਹੈ। ਸੋਚਦਾ ਹਾਂ :

ਆਵੇ ਜਾਚ ਜਿਉਣ ਦੀ, ਸੱਠ ਵਰ੍ਹਿਆਂ ਤੋਂ ਬਾਦ।
ਥੋੜੀ ਰਹਿ-'ਜੇ ਖੀਰ ਜਦ, ਲਗਦੀ ਬਹੁਤ ਸੁਆਦ॥
(ਦੋਹਾ ਦਰਪਣ, ਪੰਨਾ ੬੫)

ਮੈਂ ਕਾਲਜ ਛੱਡ ਕੇ ਵੀ ਕਾਲਜ ਨੂੰ ਛੱਡ ਨਹੀਂ ਸਕਿਆ। ਕਾਲਜ ਨਾਲ ਰਿਸ਼ਤਾ ਬਰਕਰਾਰ ਰਿਹਾ ਹੈ। ਇਸ ਕਾਲਜ ਨੂੰ ਭੁਲਾਉਣਾ ਕ੍ਰਿਤਘਣਤਾ ਹੋਵੇਗੀ। ਇਥੇ ਆ ਕੇ ਡਰਾਫਟਸਮੈਨ ਤੋਂ ਪ੍ਰੋਫੈਸਰ ਬਣਨ ਦਾ ਮੇਰਾ ਸੁਪਨਾ ਸਾਕਾਰ ਹੋਇਆ ਸੀ। ਇਸ ਕਾਲਜ 'ਚ ਨੌਕਰੀ ਕਰਦਿਆਂ ਹੀ ਮੈਂ ਆਪਣਾ ਛੋਟਾ-ਜਿਹਾ ਘਰ ਬਣਾਇਆ, ਬਾਲ-ਬੱਚੇ ਪਾਲੇ, ਪੜ੍ਹਾਏ ਤੇ ਵਿਆਹੇ ਹਨ। ਮੈਂ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ :

ਭਾਵੇਂ ਕਾਲਜ ਛੱਡਿਆਂ, ਬੀਤ ਗਏ ਕਈ ਸਾਲ।
ਰਹਿੰਦਾ ਕਾਲਜ ਫੇਰ ਵੀ, ਹਰਦਮ ਮੇਰੇ ਨਾਲ॥
(ਦੋਹਾ ਨਿਧੀ, ਪੰਨਾ ੬੭)

ਹੁਣ ਵੀ ਕਦੇ-ਨਾ-ਕਦੇ, ਕਿਸੇ ਬਹਾਨੇ, ਕਾਲਜ ਜਾਣ ਦਾ ਮੌਕਾ ਮਿਲ ਜਾਂਦਾ ਹੈ। ਕਾਲਜ 'ਚ ਸਰਵਿਸ ਕਰਦਿਆਂ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਨਾਲ ਮੇਰੇ ਦੋਸਤੀ-ਨੁਮਾ ਸੰਬੰਧ ਰਹੇ ਹਨ। ਜਦ ਵੀ ਕਾਲਜ ਜਾਂਦਾ ਹਾਂ ਤਾਂ ਸਾਰੇ ਬੜਾ ਹੀ ਆਦਰ-ਮਾਣ ਕਰਦੇ ਹਨ। ਰੱਬ ਕਰੇ, ਇਹ ਸਾਂਝ ਇਉਂ ਹੀ ਬਣੀ ਰਹੇ। ਆਮੀਨ!

*ਗਲੀ ਵਿਕਾਸ ਪਬਲਿਕ ਸਕੂਲ,*
*ਮਲੋਟ-੧੫੨੧੧੦੭*
*ਫੋਨ-੦੧੬੩੭-੨੬੧੪੧੪(ਘ)*



Namdhari Elibrary NamdhariElibrary@gmail.com

# ਤਰਸਦੇ ਰਹਿ ਜਾਓਗੇ

**ਭੁਪਿੰਦਰ ਉਸਤਾਦ**

ਅਜੇ ਸਵੇਰਾ ਹੀ ਸੀ, ਲੋਕ ਆਪਣੇ ਕੰਮਾਂ ਉਤੇ ਜਾਣ ਦੀ ਤਿਆਰੀ ਵਿਚ ਰੁੱਝੇ ਹੋਏ ਸਨ। ਬਾਹਰ ਗਲੀ ਵਿਚ, ਸਪੀਕਰ ਰਾਹੀਂ ਕਿਸੇ ਦੀ ਆਵਾਜ਼ ਆਈ।

ਬੀਬੀਓ, ਭੈਣੋਂ ਤੇ ਭਰਾਵੋ! ਮੈਨੂੰ ਪਤਾ ਇਸ ਵੇਲੇ ਤੁਸੀਂ ਬਹੁਤ ਰੁੱਝੇ ਹੋਏ ਹੋ। ਫਿਰ ਵੀ ਮੇਰੀ ਗੱਲ ਧਿਆਨ ਨਾਲ ਸੁਣੋ, ਤੁਹਾਨੂੰ ਰਾਹਤ ਮਿਲੇਗੀ। ਤੁਹਾਡੇ ਕੰਮਾਂ ਉਤੇ ਜਾਣ ਦਾ ਵਕਤ ਹੋ ਗਿਆ ਹੈ। ਗੁਸਲਖਾਨਿਆਂ ਅਗੇ ਤੁਸੀਂ ਵਾਰੀ ਦੀ ਉਡੀਕ ਵਿਚ ਖੜੇ ਹੋ। ਕਿਉਂਕਿ ਪਾਣੀ ਉਨੀ ਤੇਜ਼ੀ ਨਾਲ ਨਹੀਂ ਆ ਰਿਹਾ, ਜਿੰਨੀ ਤੇਜ਼ੀ ਨਾਲ ਆਦਮੀ ਦੌੜਨਾ ਚਾਹੁੰਦਾ ਹੈ।

ਇਸੇ ਦੌੜ ਵਿਚ ਸ਼ਾਮਲ ਹੋ ਕੇ ਪਾਣੀ ਵੀ ਜ਼ਮੀਨ ਤੋਂ ਹੇਠਾਂ ਵਲ ਨੂੰ ਦੌੜ ਰਿਹਾ ਹੈ। ਚਿੰਤਾ ਨਾ ਕਰੋ, ਇਸਨੂੰ ਵੀ ਦੌੜ ਲੈਣ ਦਿਉ, ਕਿਥੋਂ ਤੱਕ ਦੌੜੇਗਾ।

ਤੁਸੀਂ ਸੋਚੋਗੇ ਕਿ ਜੇ ਇਹ ਵੀ ਦੌੜ ਗਿਆ, ਫਿਰ ਤਾਂ ਜੀਉਣਾ ਹੀ ਦੂਭਰ ਹੋ ਜਾਏਗਾ।

ਨਹੀਂ। ਮੈਂ ਕਿਹਾ ਨਾ ਕਿ ਚਿੰਤਾ ਨਾ ਕਰੋ। ਕਿਉਂਕਿ ਸਾਡੇ ਸਾਇੰਸਦਾਨਾਂ ਨੇ ਚੰਦ ਉਪਰ ਪਾਣੀ ਦੇ ਜ਼ਖੀਰੇ ਲਭ ਲਏ ਹਨ। ਇਹੋ ਨਹੀਂ, ਸਾਡੀ ਕੰਪਣੀ 'ਸੁਨਹਿਰੀ ਭਵਿਖ' ਨੇ ਤਾਂ ਚੰਦਰਮਾ ਦੇ ਪਾਣੀ ਨੂੰ ਤੁਹਾਡੇ ਘਰਾਂ ਤਕ ਪਹੁੰਚਾਉਣ ਦਾ ਪਲਾਨ ਬਣਾ ਕੇ ਠੇਕਾ ਵੀ ਲੈ ਲਿਆ ਹੈ। ਇਹ ਕੋਈ ਸਰਕਾਰੀ ਕੰਮ ਨਹੀਂ ਜਿਸ ਨੂੰ ਕਰਨ ਲਈ ਵਰ੍ਹੇ ਲਗ ਜਾਣਗੇ।

ਬਸ ਚੰਦਰਮਾ ਤੋਂ ਪਾਣੀ ਤੁਹਾਡੇ ਘਰਾਂ ਤੱਕ ਲਿਆਉਣ ਵਾਸਤੇ ਹਵਾਈ ਰਸਤੇ ਬਣਾਉਣ ਦਾ ਕੰਮ ਹੀ ਬਾਕੀ ਰਹਿ ਗਿਆ ਹੈ। ਇਸ ਕੰਮ ਵਾਸਤੇ ਕੰਪਣੀ ਨੂੰ ਤੁਹਾਡੇ ਵਰਗੇ ਸੁਹਿਰਦ ਸੱਜਣਾ ਦੇ ਸਹਿਯੋਗ ਦੀ ਭਰਪੂਰ ਲੋੜ ਹੈ।

ਤੁਸੀਂ ਜਲਦੀ ਤੋਂ ਜਲਦੀ ਸਾਡੀ ਕੰਪਣੀ "ਸੁਨਹਿਰੀ ਭਵਿਖ" ਵਿਚ ਆਪਣੇ ਨਾਂ ਲਿਖਾ ਕੇ ਮੈਂਬਰ ਬਣੋ ਤਾਂਕਿ ਤੁਹਾਨੂੰ ਸਾਰੀ ਉਮਰ ਮੁਫਤ ਪਾਣੀ ਦਿੱਤਾ ਜਾ ਸਕੇ। ਐਸ ਵੇਲੇ ਕੰਪਣੀ ਨੇ ਮੈਂਬਰਸ਼ਿਪ ਫੀਸ ਸਿਰਫ ਇਕ ਲਖ ਰੁਪਿਆ ਰੱਖੀ ਹੈ। ਇਕ ਮਹੀਨੇ ਤੋਂ ਬਾਅਦ ਇਹ ਪੰਜ ਲੱਖ ਹੋ ਜਾਏਗਾ। ਤੁਸੀਂ ਕਿਸੇ ਵੀ ਹਾਲਤ ਵਿਚ ਇਹ ਮੌਕਾ ਨਾ ਖੁੰਝਣ ਦਿਉ।

ਚੰਦਰਮਾ ਆਪ ਜਿੰਨਾਂ ਸੋਹਣਾ ਤੇ ਭਰਪੂਰ ਹੈ, ਉਸ ਦਾ ਪਾਣੀ ਵੀ ਉਨ੍ਹਾਂ ਹੀ ਸੋਹਣਾ, ਦੇਹ ਅਰੋਗਤਾ ਦਾ ਭੰਡਾਰ ਹੈ। ਚੰਦਰਮਾ ਦਾ ਪਾਣੀ ਪੀਓਗੇ ਤਾਂ ਚੰਦਰਮਾ ਵਾਂਗ ਹੀ ਨਰੋਏ ਹੋ ਕੇ ਚਮਕੋਗੇ। ਹਰ ਕਿਸੇ ਦੀ ਅੱਖ ਦਾ ਚੰਦ ਬਣੋਗੇ।

ਮੈਂ ਤੁਹਾਡਾ ਹੋਰ ਸਮਾਂ ਨਾ ਲੈਂਦਾ ਹੋਇਆ, ਚੰਦਰਮਾ ਦੇ ਪਾਣੀ ਦੀਆਂ ਹੋਰ ਖੂਬੀਆਂ ਨਹੀਂ ਗਿਣਾਵਾਂਗਾ, ਕਿਉਂਕਿ ਆਦਮੀ ਭੁਲਣਹਾਰ ਹੈ। ਤੁਸੀਂ 'ਸੁਨਹਿਰੀ ਭਵਿਖ' ਦੇ ਮੈਂਬਰ ਬਣ ਕੇ, ਚੰਦਰਮਾ ਦੇ ਪਾਣੀ ਨੂੰ ਇਸਤੇਮਾਲ ਕਰਕੇ ਲਾਭ ਲਉ। ਆਪਣਾ ਤੇ ਸਾਡੀ ਕੰਪਣੀ 'ਸੁਨਹਿਰੀ ਭਵਿਖ' ਦਾ ਨਾਮ ਅਤੇ ਭਵਿਖ ਸੁਨਹਿਰੀ ਕਰੋ। ਸਿਰਫ ਇਕ ਲੱਖ ਰੁਪਏ ਵਿਚ।

ਜੇ ਤੁਸੀਂ ਇਹ ਸੁਨਹਿਰੀ ਮੌਕਾ ਖੁੰਝਾ ਦਿੱਤਾ ਤਾਂ ਚੰਦਰਮਾ ਦਾ ਚੰਦਰਮਈ ਪਾਣੀ ਪੀਣ ਲਈ ਤਰਸਦੇ ਰਹਿ ਜਾਉਗੇ।

*ਈ ਜੀ ੯੧੯ ਗੋਬਿੰਦਗੜ੍ਹ ਜਲੰਧਰ*
*ਮੋਬ-੯੮੭੬੨-੦੮੫੪੨*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਿਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ

❖ ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

❖ Automatic machines for producing Biscuits

❖ Automatic machines for producing Wafers

and

Makers of High quality Biscuits

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

| | |
|---|---|
| Sukhwinder Kaur<br>*Managing Director*<br>*Ph.: 9391046298* | Lakhbir Singh Muchhal<br>*Director*<br>*Ph.: 9848050607* |





Namdhari Elibrary NamdhariElibrary@gmail.com

# ਪ੍ਰਤੀਕਿਰਿਆ

'ਵਰਿਆਮ' ਨੇ ੩੪ ਵਰ੍ਹੇ ਆਪਣੇ ਪੂਰੇ ਕਰ ਲਏ ਹਨ। ਤੁਹਾਡੀ ਬੜੀ ਹਿੰਮਤ ਹੈ। ਹਿੰਮਤ ਦੀ ਦਾਦ ਦੇਣੀ ਪੈਂਦੀ ਹੈ। ਪੰਜਾਬੀ ਦੇ ਉਚ ਕੋਟੀ ਦੇ ਸਾਹਿਤਕਾਰਾਂ ਦੇ ਲੇਖ ਸਾਡੇ ਸਾਹਮਣੇ ਆਉਂਦੇ ਰਹਿੰਦੇ ਹਨ। ਪੰਜਾਬ ਦੀਆਂ ਸਾਹਿਤ ਸਭਾਵਾਂ ਨਾਲ ਤੁਹਾਡੇ ਨਿਜੀ ਸਬੰਧ ਹਨ। ਦਿਨ-ਬਦਿਨ ਵਰਿਆਮ ਦਾ ਰੰਗ ਰੂਪ ਨਿਖਰ ਰਿਹਾ ਹੈ। ਸਾਰਾ ਮੈਟਰ ਅਰਥ ਭਰਪੂਰ ਹੁੰਦਾ ਹੈ। ਦਿੱਖ ਬੜੀ ਆਕਰਸ਼ਕ ਹੁੰਦੀ ਹੈ। ਫੋਟੋਆਂ ਸੋਨੇ ਤੇ ਸੁਹਾਗੇ ਦਾ ਕੰਮ ਕਰਦੀਆਂ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰਗੱਦੀ ਅਰਧ ਸ਼ਤਾਬਦੀ ਅੰਕ ਬੜਾ ਸ਼ਾਨਦਾਰ ਹੈ। ਫੋਟੂਆਂ ਦੀ ਖ਼ੂਬਰ ਰੌਣਕ ਹੈ।

ਟਾਈਟਲ ਪੇਜ ਦੀ ਪਹਿਲੀ ਫੋਟੋ ਦਸਤਾਰਬੰਦੀ ਦੇ ਦਰਸ਼ਨ ਕਰਾਉਂਦੀ ਹੈ। ਟਾਈਟਲ ਦੇ ਅੰਦਰਲੇ ਪਾਸੇ ਕੂਕਾ ਲਹਿਰ ਦੇ ਡੇਢ ਸ਼ਤਾਬਦੀ ਸਮਾਰੋਹ ਮਨਾਉਂਦੇ ਸਮੇਂ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਵਿਖੇ ਸਫੈਦ ਪਰਚਮ ਲਹਿਰਾਉਂਦੇ ਹੋਏ ਦਰਸ਼ਨ ਦੇ ਰਹੇ ਹਨ। ਅਗਲੇ ਸਫ਼ੇ 'ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੈਰੋਬੀ-ਕੀਨੀਆ ਦੇ ਹਵਾਈ ਅੱਡੇ ਤੇ, ਨਾਲ ਬਾਬਾ ਜੀ (ਸਤਿਗੁਰੂ ਜੀ) ਤੇ ਭਾਰਤੀ ਹਾਈ ਕਮਿਸ਼ਨਰ ਨਜ਼ਰ ਆ ਰਹੇ ਹਨ। ਵਰਕਾ ਪਲਟਾਇਆ ਭਾਰਤ ਦੇ ਉਚ ਕੋਟੀ ਦੇ ਸੰਗੀਤਾਚਾਰੀਆ ਸਤਿਗੁਰੂ ਜੀ ਨਾਲ ਦਰਸ਼ਨ ਦੇ ਰਹੇ ਹਨ। ਸੰਸਾਰ ਪ੍ਰਸਿੱਧ ਸਿਤਾਰ ਵਾਦਕ ਪੰਡਤ ਰਵੀ ਸ਼ੰਕਰ ਸਤਿਗੁਰੂ ਜੀ ਨਾਲ ਤੇ ਹੇਠਾਂ ਸ੍ਰੀਮਤੀ ਸੋਨੀਆ ਗਾਂਧੀ, ਹੰਸਪਾਲ ਜੀ, ਸੰਤ ਜਗਤਾਰ ਸਿੰਘ ਜੀ ਤੇ ਬੀਬਾ ਜੀ। ਹੁਣ ਮੈਟਰ ਸ਼ੁਰੂ ਹੁੰਦਾ ਹੈ। ਹੰਸਪਾਲ ਜੀ ਦਾ ਸੰਦੇਸ਼ ਹੈ ਕਿ ਸਤਿਗੁਰੂ ਜੀ ਨੇ ਨਾਮਧਾਰੀਆਂ ਨੂੰ ਨਾਮ ਜਪਵਾ ਕੇ ਉਨ੍ਹਾਂ ਦੀ ਆਤਮਾ ਨੂੰ ਬਲਵਾਨ ਕੀਤਾ ਹੈ। ਵਰਿਆਮ ਜੀ ਸੰਪਾਦਕੀ ਵਿਚ ਲਿਖਦੇ ਹਨ ਕਿ ਜਦ ਅਟਲ ਪ੍ਰਤਾਪੀ ਸੂਰਜ ਆਪਣੀਆਂ ਕਿਰਨਾਂ ਸਮੇਟਦੇ ਹਨ ਤਾਂ ਅੰਧਕਾਰ ਛਾ ਜਾਂਦਾ ਹੈ। ਉਸੇ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਇੰਜ ਉਭਰੇ ਜਿਵੇਂ ਮੱਸਿਆ ਦੀ ਰਾਤ ਤੋਂ ਬਾਅਦ ਸੂਰਜ ਉਦੈ ਹੁੰਦਾ ਹੈ। ਫਿਰ ਮੰਡੀ ਵਾਲੇ ਸੰਤ ਨਰਿੰਦਰ ਸਿੰਘ 'ਯੁਗ ਮਰਿਆਦਾ' ਅਤੇ ਇੰਗਲੈਂਡ ਦੇ ਸੰਤ ਵਾਸਦੇਵ ਸਿੰਘ ਭੰਮਰਾ ਦੋਵੇਂ ਪੱਤਰਕਾਰੀ ਨਾਲ ਸਬੰਧ ਰੱਖਦੇ ਸਨ, ਪਿਛਲੇ ਦਿਨੀਂ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ, ਨੂੰ ਯਾਦ ਕੀਤਾ ਜਾਂਦਾ ਹੈ। ਅੱਗੇ ਸੰਪਾਦਕ ਜੀ ਖਾਸ ਬੇਨਤੀ ਵਿਚ ਜਿਨਾਂ ਪਾਠਕਾਂ ਦੇ ਚੰਦੇ ਨਹੀਂ ਆਏ, ਭੇਜਣ ਲਈ ਯਾਦ ਦਿਵਾਉਂਦੇ ਹਨ। ਫਿਰ ਫੋਟੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਿਲਰੁਬਾ ਵਜਾਉਂਦੇ ਹੋਏ ਤੇ ਸਤਿਗੁਰੂ ਜਗਜੀਤ ਸਿੰਘ ਜੀ ਹਵਨ ਯੱਗ ਵਿਚ ਹਿੱਸਾ ਲੈਂਦੇ ਹੋਏ, ਇਕ ਬਿਰਧ ਦਾ ਹਾਲ ਪੁੱਛਦੇ ਹੋਏ। ਗਊ ਸ਼ਾਲਾ ਵਿਚ ਗਊ ਦਾ ਸਨੇਹ ਕਬੂਲਦੇ ਹੋਏ, ਦੁਰਗਿਆਣਾ ਮੰਦਰ ਅੰਮ੍ਰਿਤਸਰ ਵਿਖੇ ਕਾਰ ਸੇਵਾ ਦਾ ਟੱਪ ਲਾਉਂਦੇ ਹੋਏ ਦਰਸ਼ਨ ਦੇ ਰਹੇ ਹਨ।

ਪ੍ਰਸਿੱਧ ਸਾਹਿਤਕਾਰ ਗੁਰਬਚਨ ਸਿੰਘ ਭੁੱਲਰ ਲਿਖਦੇ ਹਨ ਕਿ ਜਿਨਾ ਹਾਲਤਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੋਂ ਬਾਅਦ ਗੱਦੀ ਸੰਭਾਲੀ, ਉਸਨੂੰ ਹੋਰ ਵਧੇਰੇ ਲਟ ਲਟ ਬਾਲਿਆ। ਪੰਥ ਦੇ ਪੈਰਾਂ ਹੇਠਲੀ ਪਗਡੰਡੀ ਨੂੰ ਸ਼ਾਹ ਰਾਹ ਵਿਚ ਬਦਲਿਆ।

ਡਾ. ਜੋਗਿੰਦਰ ਸਿੰਘ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਸਥਾਪਤ ਹੈ, ਉਸਦੇ ਮੁੱਖੀ ਹਨ। ਜਿਵੇਂ ਕੁੱਜੇ ਵਿਚ ਸਮੁੰਦਰ ਨੂੰ ਬੰਦ ਕਰਨਾ ਹੁੰਦਾ ਹੈ, ਨਾਮਧਾਰੀ ਇਤਿਹਾਸ ਨੂੰ ਨਾਮਧਾਰੀ ਮਿਸ਼ਨ ਤੇ ਮਰਿਆਦਾ ਦੀ ਪ੍ਰਸੰਗਤਾ ਹੇਠ ਬਿਆਨ ਕੀਤਾ ਹੈ। ਪਿਛੋਕੜ, ਸ਼ੁਰੂਆਤ, ਵਿਚਲਾ ਸਮਾਂ ਤੇ ਅੰਤਿਕਾ ਵਿਚ ਆਪਣੇ ਕੀਮਤੀ ਸੁਝਾਅ ਦਿੱਤੇ ਹਨ। ਆਪਣੇ ਸਰਵੇਖਣ ਰਾਹੀਂ ਮੁਗਾਲਤਾ ਦੂਰ ਕੀਤਾ ਹੈ ਕਿ ਇਸ ਵਿਚ ਬਹੁਸੰਮਤੀ ਰਾਮਗੜ੍ਹੀਆ ਦੀ ਹੈ। ਦੱਸਿਆ ਹੈ ਕਿ ਨਾਮਧਾਰੀ ਸਮਾਜ ਵਿਚ ਸਭ ਕਿੱਤਿਆਂ ਦੇ ਲੋਕ ਹਨ। ਜ਼ਿਮੀਦਾਰ ਤੇ ਕਿਰਤੀ ਕਿਸਾਨ ਬਹੁ ਸੰਮਤੀ ਵਿਚ ਹਨ। 'ਸਤਿਜੁਗ' ਵਿਚੋਂ ਇਕ ਟੂਕ ਦਿੱਤੀ ਹੈ ਕਿ ਸਮਾਜਵਾਦ ਨਾਲ ਸਾਰੀ ਦੁਨੀਆ ਵਿਚ ਅਮਨ ਅਤੇ ਸ਼ਾਂਤੀ ਵਰਤ ਸਕਦੀ ਹੈ। ਜਦ ਤਕ ਇਸਨੂੰ ਨਹੀਂ ਅਪਣਾਉਂਦੇ ਸੰਸਾਰ ਭੰਬਲਭੂਸੇ ਵਿਚ ਪਿਆ ਰਹੇਗਾ ਤੇ ਦੁੱਖਾਂ ਵਿਚ ਵਾਧਾ ਹੁੰਦਾ ਰਹੇਗਾ। ਆਪ ਨੇ ਲਿਖਿਆ ਹੈ 'ਸਭ ਤੋਂ ਵੱਡੀ ਚੁਣੌਤੀ ਇਸ ਗੱਲ ਦੀ ਹੈ ਕਿ ਨਾਮਧਾਰੀਆਂ ਨੂੰ ਉਚ ਅਤੇ ਤਕਨੀਕੀ ਸਿਖਿਆ ਕਿਵੇਂ ਦਿੱਤੀ ਜਾਵੇ। ਚੇਅਰ ਵਲੋਂ ਸਰਵੇਖਣ ਅਨੁਸਾਰ ਨਾਮਧਾਰੀ ਇਸਤਰੀਆਂ ਇਸ ਪੱਖੋਂ ਬਹੁਤ ਪਛੜੀਆਂ ਹੋਈਆਂ



Namdhari Elibrary NamdhariElibrary@gmail.com

ਹਨ। ਨਾਮਧਾਰੀ ਭਾਈਚਾਰਾ ਤਾਂ ਹੀ ਮਾਣ-ਮੱਤਾ ਬਣ ਸਕਦਾ ਹੈ ਜੇ ਇਸ ਪੱਖੋਂ ਇਸਤਰੀਆਂ ਦੇ ਪੱਧਰ ਨੂੰ ਉਚਾ ਚੁੱਕ ਸਕੇ। ਪ੍ਰਬੰਧਕੀ ਮੁੱਖੀ, ਸੂਬੇ ਤੇ ਜਥੇਦਾਰ ਤੇ ਸਾਧਨ ਸੰਪਨ ਪਰਿਵਾਰ ਇਸ ਪਾਸੇ ਜਰੂਰ ਧਿਆਨ ਦੇਣ।

ਨਾਮਧਾਰੀ ਸਮਾਜ ਨੇ ਪਹਿਲੀ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਲੇ ਆਨੰਦ ਕਾਰਜ ਦੀ ਫੋਟੋ ਵੇਖੀ ਹੈ। ਸਿਰ ਆਦਰ ਨਾਲ ਝੁਕ ਜਾਂਦਾ ਹੈ। ਪਹਿਲੇ ਮਹਿਲਾਂ ਦਾ ਨਾਮ ਮਾਤਾ ਰਾਜਿੰਦਰ ਕੌਰ ਸੀ। ਰਿਸ਼ਤੇ ਵਾਲੇ ਪਾਸਿਓਂ ਉਨ੍ਹਾਂ ਦੇ ਫੁਫੜ ਜਸਪਾਲ ਸਿੰਘ ਰੰਧਾਵਾ ਜੋ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਹਨ, ਲਿਖਦੇ ਹਨ 'ਮੈਨੂੰ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨ ਦਾ ਸੁਭਾਗ ਓਦੋਂ ਤੋਂ ਪ੍ਰਾਪਤ ਹੋਇਆ ਹੈ ਜਦੋਂ ਤੋਂ ਸੁਰਤ ਸੰਭਾਲੀ ਹੈ। ਸਾਡੇ ਘਰ ਪਿੰਡ ਕਲੂਵਹਿਰ ਅਕਸਰ ਚਰਨ ਪਾਉਣ ਦੀ ਕਿਰਪਾ ਕਰਦੇ ਸਨ। ਸਤਿਗੁਰੂ ਰਿਸ਼ਤੇਦਾਰੀਆਂ ਤੋਂ ਪਰੇ ਹੁੰਦਾ ਹੈ। ਪਰ ਰੂਹਾਨੀਅਤ ਭਰਪੂਰ ਪਾਤਸ਼ਾਹ ਇਕ ਪੂਰਨ ਮਾਨਵੀ ਭਾਵਨਾਵਾਂ ਨੂੰ ਸਮਝਣ ਵਾਲੀ ਸਖਸ਼ੀਅਤ ਹਨ। *(ਰਿਸ਼ਤੇ ਪੱਖੋਂ ਮਾਤਾ ਰਾਜਿੰਦਰ ਕੌਰ ਪ੍ਰਿੰ. ਰੰਧਾਵਾ ਜੀ ਦੇ ਭੂਆ ਜੀ ਸਨ। ਇਸ ਤਰ੍ਹਾਂ, ਸਤਿਗੁਰੂ ਜਗਜੀਤ ਸਿੰਘ ਜੀ ਉਹਨਾਂ ਦੇ ਫੁਫੜ ਸਨ:... ਸੰਪਾਦਕ)*

ਪਰਮਾਤਮਾ ਉਮਰ ਦਰਾਜ ਕਰੇ। ਸਾਹਮਣੇ ਸਫ਼ੇ 'ਤੇ ਨਾਮਧਾਰੀ ਸਿੱਖ ਸੰਗਤ ਸਾਊਥਾਲ (ਯੂ.ਕੇ) ਦੀ ਫੋਟੋ ਵਿਚ ਸਤਿਗੁਰੂ ਜੀ ਮੁਸਕਰਾ ਰਹੇ ਹਨ, ਫਿਰ ਨਾਮਧਾਰੀ ਵਿਦਿਅਕ ਜਥੇ ਦੇ ਪ੍ਰਮੁੱਖ ਵਿਅਕਤੀ, ਸ਼ਹੀਦ ਲਹਿਣਾ ਸਿੰਘ ਖਾਨਦਾਨ ਦੇ ਵੰਸ਼, ਸੰਤ ਸੁਲੱਖਣ ਸਿੰਘ ਤੇ ਕੂਕਾ ਸਿੰਘ। ਅਗਲੇ ਪਾਸੇ ਨਾਮਧਾਰੀ ਵਿਦਿਅਕ ਜਥਾ ਜਲੰਧਰ ਸਤਿਗੁਰੂ ਜੀ ਦੀ ਗੱਦੀ ਦੇ ਸੁਨਹਿਰੀ ਕਾਲ ਤੇ ਵਿਸ਼ੇਸ਼ ਅੰਕ ਦੀਆਂ ਵਧਾਈਆਂ ਭੇਟ ਕਰ ਰਹੇ ਹਨ।

ਨਾਮਧਾਰੀ ਸਮਾਜ ਦੇ ਮਹਾਨ ਲੇਖਕ ਕਾਮਰੇਡ ਸੁਵਰਨ ਸਿੰਘ ਵਿਰਕ (ਜਿਨ੍ਹਾਂ ਦੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਦੇ ਕਾਰ-ਮੁਖਤਾਰ ਰਹੇ ਹਨ) ਨੇ ਨਾਮਧਾਰੀ ਸਮਾਜ ਦੀਆਂ ਦੋ ਅਰਧ ਸ਼ਤਾਬਦੀਆਂ ਵਿਚ ਬੜੇ ਰੋਚਕ ਤਰੀਕੇ ਨਾਲ ਹੋਏ ਕੰਮਾਂ ਦਾ ਜ਼ਿਕਰ ਕੀਤਾ ਹੈ "ਕੂਕਾ ਅੰਦੋਲਨ ਦੀ ੧੫੦ਵੀਂ ਵਰ੍ਹੇਗੰਢ ਸਿੱਖ ਪੁਨਰ ਜਾਗਰਣ ਅਤੇ ਕੌਮੀ ਸੁਤੰਤਰਤਾ ਸੰਗਰਾਮ ਦੇ ਅੰਦੋਲਨ ਦੀ ਮਨਾਈ ਗਈ ਹੈ। ਪਹਿਲੀ ਅੱਧੀ ਸਦੀ, ਦੋ ਵੀਰਾਂ ਦੀ ਜੋੜੀ ਸਤਿਗੁਰੂ ਰਾਮ ਸਿੰਘ ਤੇ ਸਤਿਗੁਰੂ ਹਰੀ ਸਿੰਘ ਦੇ ਪ੍ਰਭਾ ਮੰਡਲ ਦੇ ਗਿਰਦ ਘੁੰਮਦੀ ਹੈ। ਪਿਛਲੀ ਇਕ ਸਦੀ ਦੇ ਕੇਂਦਰ ਵਿਚ ਪਿਤਾ ਪੁੱਤਰਾਂ ਦੀ ਜੋੜੀ ਦੇ ਰੂਪ ਵਿਚ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦ੍ਰਿਸ਼ਟੀਗੋਚਰ ਹੁੰਦੇ ਹਨ। ਆਪ ਜੀ ਪ੍ਰੀਤਮ ਸਿੰਘ ਕਵੀ ਦੇ ਸ਼ਬਦਾਂ ਵਿਚ ਦੱਸਦੇ ਹਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੌਰ ਨੂੰ ਪਰਿਵਰਤਨਕਾਰੀ ਤੇ ਨਵ-ਨਿਰਮਾਣ ਦੌਰ ਕਹਿ ਸਕਦੇ ਹਾਂ।"

ਹੁਣ ਫੋਟੋਆਂ ਹਨ-ਸੁਰਿੰਦਰ ਸਿੰਘ ਗੋਲਡਨ ਮਿਊਜ਼ਕ ਬੰਬੇ, ਮਾਡਰਨ ਗਨ ਵਰਕਸ ਜੰਮੂ, ਦਲਜੀਤ ਸਿੰਘ ਕਲਸੀ, ਪਰਿਵਾਰ ਮੋਸ਼ੀ ਤਨਜ਼ਾਨੀਆ ਤੇ ਨਾਮਧਾਰੀ ਸੋਲਜ਼ ਦਿੱਲੀ ਦੇ ਚਰਨਜੀਤ ਸਿੰਘ ਤੇ ਸਤਵਿੰਦਰ ਸਿੰਘ ਵਧਾਈਆਂ ਭੇਟ ਕਰ ਰਹੇ ਹਨ।

ਸ੍ਰੀ ਗੁਰਭੇਜ ਸਿੰਘ ਗੁਰਾਇਆ ਸਾਡੇ ਸਾਹਮਣੇ ਹਨ। ਆਪ ਨਾਮਧਾਰੀ ਸਮਾਜ ਦੇ ਮਹਾਨ ਲੇਖਕ ਸੰਤ ਤਰਨ ਸਿੰਘ ਵਹਿਮੀ ਦੇ ਪੋਤਰੇ ਤੇ ਸਾਧੂ ਸਿੰਘ ਕਿਸਾਨ ਦੇ ਛੋਟੇ ਵੀਰ ਸ. ਬਲੀ ਸਿੰਘ ਦੇ ਹੋਣਹਾਰ ਸਪੁੱਤਰ ਹਨ। ਦਿੱਲੀ ਵਿਖੇ ਲਾਅ ਡਿਪਾਰਟਮੈਂਟ ਵਲੋਂ ਲੀਗਲ ਚੀਫ ਪ੍ਰੋਸੀਕਿਊਟਰ ਹਨ। ਸਤਿਗੁਰੂ ਜੀ ਪੰਜਾਬੀ ਸਾਹਿਤ ਲਈ ਵਰਦਾਨ ਤੇ ਮਦਦਗਾਰ ਕਿਵੇਂ ਹੁੰਦੇ ਹਨ, ਇਸਦਾ ਇਕ ਨਮੂਨਾ ਪੇਸ਼ ਕਰਦੇ ਹਨ-ਸੰਤ ੨੦੦੦ ਵਿਚ ਆਲ ਇੰਡੀਆ ਲਾਇਰਜ਼ (ਵਕੀਲਾਂ) ਦਾ ਸਲਾਨਾ ਸਮਾਗਮ ਚੰਡੀਗੜ੍ਹ ਵਿਖੇ ਹੋ ਰਿਹਾ ਸੀ। ਪੰਜਾਬੀ ਦੇ ਲੇਖਕ ਸ੍ਰੀ ਸੰਤੋਖ ਸਿੰਘ ਧੀਰ ਦੇ ਸੰਪਰਕ ਵਿਚ ਆਏ। ਉਨ੍ਹਾਂ ਸਲਾਹ ਦਿੱਤੀ ਕਿ ਸ੍ਰੀ ਭੈਣੀ ਸਾਹਿਬ ਚਲੇ ਜਾਓ ਤੁਹਾਡੀਆਂ ਸਭ ਮੁਸ਼ਕਲਾਂ ਹੱਲ ਹੋ ਜਾਣਗੀਆਂ। ਯੂਨੀਅਨ ਦੇ ਲੀਡਰਜ਼, ਗੁਰਭੇਜ ਜੀ ਨਾਲ ਸਨ। ਨਵੀਂ ਦਿੱਲੀ ਮਾਨਸਰੋਵਰ ਗਾਰਡਨ ਕੋਠੀ ਵਿਖੇ ਸਤਿਗੁਰਾਂ ਪਾਸ ਗਏ। 'ਸਤਿਗੁਰੂ ਜੀ ਨੇ ਗੁਰਭੇਜ ਸਿੰਘ ਵੱਲ ਇਸ਼ਾਰਾ ਕਰਕੇ ਕਿਹਾ ਜੋ ਇਸਨੂੰ ਕਹੋਗੇ ਪੂਰਾ ਹੋਵੇਗਾ।' ਸਾਰੇ ਮਿੱਤਰ ਖੁਸ਼ੀ ਵਿਚ ਖੀਵੇ ਹੋਏ ਘਰ ਪਰਤੇ। ਏਸ ਸਫ਼ੇ 'ਤੇ ਪੰਜਾਬੀ ਦੇ ਪ੍ਰਸਿੱਧ ਲੇਖਕ ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਡਾ. ਵਰਿਆਮ ਸਿੰਘ ਸੰਧੂ ਨਾਮਧਾਰੀ ਸਮਾਗਮ ਨੂੰ ਸੰਬੋਧਨ ਕਰ ਰਹੇ ਹਨ।

ਹੁਣ ਵਾਰੀ ਹੈ ਸ੍ਰੀ ਬਲਬੀਰ ਸਿੰਘ ਕੰਵਲ ਲੰਡਨ ਵਾਲੇ ਦੀ। ਭੈਣੀ ਰਾਗ ਦੀ ਤ੍ਰਿਵੇਣੀ ਹੇਠ ਲੰਡਨ ਵਿਚ ਸੰਗੀਤ ਦੀ ਇਤਿਹਾਸਕ ਸ਼ਾਮ। ਆਪ ਲਿਖਦੇ ਹਨ ਕਿ ਨਾਮਧਾਰੀ ਸੰਪਰਦਾ ਮੁੱਢ ਕਦੀਮਾਂ ਤੋਂ ਬਾਣੀ, ਬਾਣੇ ਅਤੇ ਤੰਤੀ ਸਾਜ਼ਾਂ ਨਾਲ ਜੁੜੀ ਹੋਈ ਹੈ। ਬ੍ਰਹਮ ਗਿਆਨੀ ਬਾਬਾ ਪ੍ਰਤਾਪ ਸਿੰਘ



Namdhari Elibrary NamdhariElibrary@gmail.com

ਜੀ ਜਿੱਥੇ ਸੰਗੀਤ ਦੇ ਬੜੇ ਵੱਡੇ ਪਾਰਖੂ ਅਤੇ ਕਦਰਦਾਨ ਸਨ ਉੱਥੇ ਉਹਨਾਂ ਦੇ ਸਾਹਿਬਜ਼ਾਦਿਆਂ ਬਾਬਾ ਸਤਿਗੁਰੂ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਨੇ ਦੇਸ਼ ਦੇ ਵੱਡੇ ਵੱਡੇ ਉਸਤਾਦਾਂ ਪਾਸੋਂ ਤਾਲੀਮ ਲਈ ਅਤੇ ਅਗਾਂਹ ਇਸਨੂੰ ਤੋਰੀ ਰੱਖਿਆ। ਆਰਟੀਕਲ ਬੜਾ ਲੰਮਾ ਹੈ। ਭਾਰਤ ਦੇ ਉਚ ਸੰਗੀਤਾਚਾਰੀਆ ਜਿਨ੍ਹਾਂ ਦੇ ਸੰਪਰਕ ਵਿਚ ਸਤਿਗੁਰੂ ਜੀ ਆਏ, ਉਨ੍ਹਾਂ ਦੇ ਪੇਸ਼ ਕੀਤੇ ਗਏ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ ਗਿਆ ਹੈ।

ਫੋਟੋਆਂ ਦੁਆਰਾ ਦਰਸ਼ਨ ਕਰੋ-ਹਰਭਜਨ ਸਿੰਘ ਔਰੰਗਾਬਾਦ ਵਾਲੇ, ਸਤਿਗੁਰੂ ਜੀ ਨੂੰ ਆਪਣੇ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ, ਸ. ਕਰਤਾਰ ਸਿੰਘ ਪੰਛੀ ਮਲੇਰਕੋਟਲੇ ਵਾਲੇ, ਸ. ਹਰੀ ਸਿੰਘ ਭੋਗਲ ਯੂ.ਕੇ ਵਾਲੇ ਤੇ ਨਾਮਧਾਰੀ ਸਾਹਿਤ ਸਭਾ ਜੀਵਨ ਨਗਰ ਤਹਿ ਦਿਲੋਂ ਵਧਾਈਆਂ ਪੇਸ਼ ਕਰ ਰਹੇ ਹਨ।

ਯਾਦਾਂ ਦੇ ਝਰੋਖੇ 'ਚੋਂ 'ਬੇਅੰਤ ਜੀ' ਦੇ ਹੈਡਿੰਗ ਹੇਠ ਜੋ ਸਤਿਗੁਰੂ ਜੀ ਦਾ ਬਚਪਨ ਦਾ ਉਪਨਾਮ ਹੈ, ਉਸਤਾਦ ਹਰਭਜਨ ਸਿੰਘ ਛੋਟੇ ਛੋਟੇ ਟੋਟਕਿਆਂ ਵਿਚ ਬੜੇ ਦਿਲਚਸਪ ਬਚਨ ਪੇਸ਼ ਕਰਦੇ ਹਨ। ਆਪ ਨੂੰ ਸਤਿਗੁਰੂ ਜੀ ਦੇ ਸੰਪਰਕ ਵਿਚ ਰਹਿਣ ਦਾ ਕਾਫੀ ਲੰਮਾ ਸਮਾਂ ਮਿਲਿਆ ਹੈ। ਲਿਖਤ ਪਹਿਲਾਂ ਵੀ ਆ ਚੁੱਕੀ ਹੈ। ਏਦਾਂ ਲਿਖਦੇ ਰਹਿਣਗੇ ਤਾਂ ਵਧੀਆ ਲੇਖਕ ਬਣ ਜਾਣਗੇ।

'ਤੁਮਰੀ ਮਹਿਮਾ ਬਰਨਿ ਨ ਸਾਕਉ' ਹੇਠ ਬਲਜੀਤ ਸਿੰਘ ਰਾਗੀ ਦੀ ਪਹਿਲੀ ਲਿਖਤ ਸਾਹਮਣੇ ਆਈ ਹੈ। ਏਨ੍ਹਾਂ ਦੇ ਪਿਤਾ ਸੰਤ ਗੁਰਬਚਨ ਸਿੰਘ ਜੀ ਵਿਆਹ ਤੋਂ ਪਹਿਲਾਂ ਖੁਲ੍ਹੇ ਸਿੱਖ ਹੁੰਦੇ ਸਨ। ਅੰਮ੍ਰਿਤਸਰ ਛਿਹਾਟੇ ਦੇ ਲਾਗੇ ਖਾਪੜ ਖੇੜੀ ਪਿੰਡ ਵਿਚ ਰਹਿੰਦੇ ਸਨ। ਸੰਤ ਮੰਗਲ ਸਿੰਘ ਲਾਇਲਪੁਰੀ ਪਰਵਾਰ ਪਾਕਿਸਤਾਨ ਤੋਂ ਬਾਅਦ ਉਥੇ ਆਇਆ। ਲਾਇਲਪੁਰੀ ਦੇ ਸੰਪਰਕ ਵਿਚ ਆਉਣ ਕਰਕੇ ਪਿਛਲਾ ਆਚਰਨ ਬਿਲਕੁਲ ਬਦਲ ਗਿਆ। ਕੁਝ ਸਮਾਂ ਪਾ ਕੇ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦੀ ਸ਼ਰਨ ਵਿਚ ਆ ਗਏ। ਸਤਿਗੁਰੂ ਜੀ ਨੇ ਬਲਜੀਤ ਰਾਗੀ ਨੂੰ ਆਪਣੀ ਗੋਦ ਵਿਚ ਲੈ ਕੇ ਸੰਗੀਤ ਦਾ ਵਧ ਤੋਂ ਵੱਧ ਗਿਆਨ ਦਿੱਤਾ। ਗੈਰ ਨਾਮਧਾਰੀ ਰਾਗੀ ਬਲਜੀਤ ਰਾਗੀ ਦੀ ਬੜੀ ਕਦਰ ਕਰਦੇ ਹਨ। ੨੦੦੮ ਵਿਚ ਪੰਜਾਬ ਸਰਕਾਰ ਨੇ ਸ਼ਿਰੋਮਣੀ ਰਾਗੀ ਹੋਣ ਦੇ ਖਿਤਾਬ ਨਾਲ ਸਨਮਾਨ ਪੱਤਰ ਤੇ ਨਾਲ ਇਕ ਲੱਖ ਰੁਪੈ ਦਾ ਚੈਕ ਦਿੱਤਾ। ਬਲਜੀਤ ਰਾਗੀ ਚੈਕ ਦੀ ਰਕਮ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਪਾਸ ਭੇਟ ਕਰਨ ਗਏ। ਸਤਿਗੁਰੂ ਜੀ ਨੇ ਵੇਖਦਿਆਂ ਵਧਾਈ ਦਿੱਤੀ। ਚੂੰਕਿ ਉਨ੍ਹਾਂ ਨੇ ਅਖਬਾਰ ਵਿਚ ਖਬਰ ਪੜ੍ਹ ਲਈ ਸੀ। ਜਦ ਬਲਜੀਤ ਰਾਗੀ ਨੇ ਲਿਫਾਫਾ ਭੇਟ ਕੀਤਾ ਤਾਂ ਸਤਿਗੁਰੂ ਜੀ ਨੇ ਆਪਣੇ ਨਿਜੀ ਸੇਵਕ ਨੂੰ ਹੁਕਮ ਕੀਤਾ ਕਿ ਇਕ ਲੱਖ ਹੋਰ ਮਿਲਾ ਕੇ ਇਹਨਾਂ ਨੂੰ ਦੇ ਦਿਓ। ਬਲਜੀਤ ਰਾਗੀ ਨੇ ਪਹਿਲੀ ਵਾਰ ਵਧੀਆ ਲਿਖਤ ਵਿਚ ਆਪਣੀ ਕਥਾ ਦਾ ਬਖਾਨ ਕੀਤਾ ਹੈ।

ਸੰਪਾਦਕ ਜੀ ਨੇ "ਕਰਾਮਾਤ ਕਿ ਅਰਦਾਸ" ਸਤੰਬਰ ੧੯੭੬ ਵਿਚ 'ਵਰਿਆਮ' ਵਿਚ ਛਪੇ ਲੇਖ ਨੂੰ ਫਿਰ ਦੁਹਰਾ ਦਿੱਤਾ ਹੈ। ਸਤਿਗੁਰੂ ਜੀ ੧੯੭੬ ਵਿਚ ਇੰਗਲੈਂਡ ਦੇ ਦੌਰੇ 'ਤੇ ਗਏ ਸਨ। ਨਾਮਧਾਰੀ ਸੰਗਤ ਇੰਗਲੈਂਡ ਨੇ ਆਪਣੇ ਸਮਾਗਮ ਲਈ ਵੀਲੀਅਰਡਜ਼ ਹਡਜ਼ ਰੋਡ 'ਤੇ ਮਾਂਗਟ ਹਾਲ ਕਿਰਾਏ 'ਤੇ ਲਿਆ ਸੀ। ਇੰਗਲੈਂਡ ਵਿਚ ਮੀਂਹ ਨਾ ਪੈਣ ਕਰਕੇ ਸੋਕਾ ਪਿਆ ਹੋਇਆ ਸੀ। ਇਸ ਗੱਲ ਦੀ ਸੋਅ ਸੀ ਕਿ ਭਾਰਤ ਤੋਂ ਪਹੁੰਚੇ ਹੋਏ ਮਹਾਂਪੁਰਖ ਆਏ ਹਨ। ਮਾਂਗਟ ਹਾਲ ਦਾ ਸੁਆਮੀ ਜਿਸਦਾ ਨਾਮ ਮਾਂਗਟ ਸੀ, ਉਸ ਨੇ ਸੁਣਿਆ ਹੋਵੇਗਾ ਕਿ ਏਨ੍ਹਾਂ ਦੀ ਅਰਦਾਸ ਵਿਚ ਬੜੀ ਸ਼ਕਤੀ ਹੈ। ਉਸ ਨੇ ਨਾਮਧਾਰੀ ਆਗੂ ਨੂੰ ਕਿਹਾ ਕਿ ਮੀਂਹ ਦੀ ਗੱਲ ਅਰਦਾਸ ਵਿਚ ਸ਼ਾਮਲ ਕਰ ਲਈ ਜਾਵੇ। ਸਤਿਗੁਰੂ ਜੀ ਨੇ ਪੰਡਤ ਗੋਪਾਲ ਸਿੰਘ ਨੂੰ ਹੁਕਮ ਕਰ ਦਿੱਤਾ। ਅਗਲੇ ਦਿਨ ਮੀਂਹ ਦੀ ਛਹਿਬਰ ਲੱਗ ਗਈ। ਮਾਂਗਟ ਨੇ ਇਸ ਖਬਰ ਨੂੰ ਵੱਡੀਆਂ ਅਖਬਾਰਾਂ ਵਿਚ ਛਪਵਾ ਦਿੱਤਾ। ਇੰਗਲੈਂਡ ਵਿਚ ਬੜੀ ਚਰਚਾ ਹੋਈ। ਮਾਂਗਟ ਚਰਚਿਲ ਦੀ ਪਾਰਟੀ ਦਾ ਟੋਰੀ ਵਿਅਕਤੀ ਸੀ। ਆਪਣੀ ਸੁਆਰਥ ਸਿੱਧੀ ਤੇ ਦੁਕਾਨਦਾਰੀ ਨੂੰ ਚਮਕਾਉਣ ਵਾਸਤੇ ਸਾਰਾ ਪ੍ਰਚਾਰ ਉਸ ਨੇ ਕੀਤਾ। ਗੁਰੂ ਸਾਹਿਬਾਨ ਕਰਾਮਾਤਾਂ ਵਿਚ ਵਿਸ਼ਵਾਸ ਨਹੀਂ ਰੱਖਦੇ। ਸਿੱਖ ਸਮਾਜ ਵਿਚ ਅਰਦਾਸ ਦੀ ਬੜੀ ਮਹਾਨਤਾ ਹੈ।

ਪ੍ਰੋ. ਤਾਰਾ ਸਿੰਘ ਅਨਜਾਣ ਲੰਡਨ ਵਿਖੇ ਸਰਬ ਧਰਮ ਸੰਮੇਲਨ ਹੋਇਆ ਜਿਸ ਵਿਚ ਯੂਨੀਵਰਸਲ ਪੀਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ੍ਰੀ ਰਾਬਿਨ ਮਾਰਸਨ ਦੁਆਰਾ ਪ੍ਰੋ. ਅਨਜਾਣ ਜੀ ਨੂੰ 'ਅਮਨ ਦਾ ਰਾਜਦੂਤ' ਦਾ ਸਨਮਾਨ ਪੱਤਰ ਦੇ ਕੇ ਨਿਵਾਜਿਆ ਜਾ ਰਿਹਾ ਹੈ। ਸ੍ਰੀ ਅਨਜਾਣ ਵਲੋਂ ਫੈਡਰੇਸ਼ਨ ਦੇ ਕਾਰਕੁੰਨਾਂ ਦਾ ਧੰਨਵਾਦ ਕੀਤਾ ਗਿਆ।

ਅੱਗੇ ਫੋਟੋ ਹਨ : ਦਿੱਲੀ ਦੇ ਸ. ਸੇਵਾ ਸਿੰਘ ਨਾਮਧਾਰੀ



Namdhari Elibrary NamdhariElibrary@gmail.com

ਚੇਅਰਮੈਨ, ਫਨ ਐਂਡ ਫੂਡ ਵਿਲੇਜ, ਬੀਬੀ ਪਵਨਜੀਤ ਕੌਰ, ਭੁਪਿੰਦਰ ਸਿੰਘ, ਬਲਵੰਤ ਸਿੰਘ ਤੇ ਸੰਤੋਖ ਸਿੰਘ ਦਿੱਲੀ। ਸ੍ਰੀ ਭੁਪਿੰਦਰ ਸਿੰਘ ਭੁਰਜੀ ਚੀਫ ਕੁਆਰਡੀਨੇਟਰ ਨਾਮਧਾਰੀ ਸਿੱਖ ਫਾਊਂਡੇਸ਼ਨ ਯੂ. ਐਸ. ਏ. ਪ੍ਰਬੰਧਕੀ ਮੁੱਖੀ ਸ੍ਰੀ ਭੈਣੀ ਸਾਹਿਬ ਸ. ਮਹਿੰਦਰ ਸਿੰਘ ਦਿੱਲੀ, ਸੂਬਾ ਜਗੀਰ ਸਿੰਘ ਜੀ, ਸ. ਹਰਭਜਨ ਸਿੰਘ ਔਰੰਗਾਬਾਦ, ਸੰਤ ਸਾਧਾ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਦਿੱਲੀ, ਸਤਿਗੁਰੂ ਜੀ ਨੂੰ ਵਧਾਈਆਂ ਭੇਟ ਕਰ ਰਹੇ ਹਨ।

'ਕਹਾਣੀਆਂ ਸਮਰਥ ਕੰਤ ਦੀਆਂ' ਵਿਚ ਸ੍ਰੀ ਸਾਧੂ ਸਿੰਘ ਕਿਸਾਨ ਸਤਿਗੁਰੂ ਜੀ ਦੇ ਭਰ ਜੁਆਨੀ ਦੀਆਂ ਖੇਡਾਂ, ਜੋ ਆਪਣੇ ਸੰਗੀ ਸਾਥੀਆਂ ਨਾਲ ਖੇਡੀਆਂ, ਉਨ੍ਹਾਂ ਦਾ ਨਜ਼ਾਰਾ ਪੇਸ਼ ਕਰ ਰਹੇ ਹਨ। ਫੁਟਬਾਲ, ਛਾਲਾਂ ਮਾਰਨੀਆਂ, ਲੁਕਨ-ਮੀਟੀ ਤੇ ਪੀਂਘ ਦੇ ਝੂਟੇ ਆਦਿ। ਲਿਖਣ ਦੀ ਸ਼ੈਲੀ ਅਜਿਹੀ ਹੈ ਕਿ ਪੜ੍ਹਣ ਵਾਲਾ ਹੱਸ ਹੱਸ ਕੇ ਦੂਹਰਾ ਹੋ ਜਾਂਦਾ ਹੈ। ਦੂਸਰਾ ਪਹਾੜੀ ਯਾਤਰਾ ਦਾ ਵਰਨਣ ਕੀਤਾ ਹੈ। ਸ੍ਰੀ ਜੀਵਨ ਨਗਰ ਤੋਂ ਮਨਾਲੀ ਉਹ ਵੀ ਸਾਈਕਲਾਂ ਤੇ। ਪਤਾ ਲੱਗਾ ਕਿ ਸਤਿਗੁਰੂ ਜੀ ਪਹਾੜਾਂ ਤੇ ਜਾ ਰਹੇ ਹਨ। ਕਿਸਾਨ ਜੀ, ਮਾਸਟਰ ਅਮਰੀਕ ਸਿੰਘ, ਸ਼ੇਰ ਸਿੰਘ, ਗੁਰਬਖਸ਼ ਸਿੰਘ ਰਾਮਪੁਰੀ, ਬਲਬੀਰ ਸਿੰਘ ਢਿਲੋਂ, ਕੇਹਰ ਸਿੰਘ ਹਮਰਾਹੀ, ਪ੍ਰਕਾਸ਼ ਰਾਏਸਰੀ ਤੇ ਤਾਬਾ ਸਿੰਘ ਪੂਰਾ ਕਾਫ਼ਲਾ। ਸਤਿਗੁਰੂ ਜੀ ਤੇ ਪ੍ਰੀਤਮ ਸਿੰਘ ਕਵੀ ਆਪਣੀ ਗੱਡੀ 'ਤੇ ਸਵਾਰ ਸਨ। ੧੯੬੪ ਦੀ ਯਾਤਰਾ, ਜੇਠ ਦਾ ਮਹੀਨਾ, ਸਾਈਕਲਾਂ ਤੇ ਬੜਾ ਆਨੰਦ ਆਇਆ। ਮਨਾਲੀ ਤੋਂ ਮੜ੍ਹੀ ਦੀ ਪਦ ਯਾਤਰਾ, ਸਤਿਗੁਰੂ ਜੀ ਤਾਂ ਗੱਡੀ ਵਿਚ ਸਨ। ਕਾਫ਼ਲੇ ਨੇ ਸ਼ਾਰਟ ਕਟ ਰਸਤਾ ਲਿਆ। ਸਤਿਗੁਰਾਂ ਤੋਂ ਪਹਿਲਾਂ ਪਹੁੰਚ ਗਏ। ਕਿਸਾਨ ਜੀ ਨੇ ਬੜੇ ਰੋਚਕ ਢੰਗ ਨਾਲ ਖੇਡਾਂ ਤੇ ਯਾਤਰਾ ਨੂੰ ਬਿਆਨ ਕੀਤਾ ਹੈ।

'ਮਮਤਾ ਦੀ ਮੂਰਤ ਮਾਤਾ ਚੰਦ ਕੌਰ', ਸ. ਚੂਹੜ ਸਿੰਘ ਪਿੰਡ ਬੱਜੋਂ ਵਾਲੇ ਬਿਆਨ ਕਰਦੇ ਹਨ ਕਿ ਗੁਰੂਕਿਆਂ ਦੇ ਮਹਿਲ ਜਿਥੇ ਵੀ ਕੋਈ ਕਮੀ ਮਹਿਸੂਸ ਕਰਦੇ ਹਨ, ਸਟੋਰ ਹੋਵੇ, ਲੰਗਰ ਸਥਾਨ ਹੋਵੇ, ਉਥੇ ਹੀ ਸੇਵਾ ਤੇ ਲੱਗ ਜਾਂਦੇ ਹਨ। ਬੇਬੇ ਜੀ ਵੀ ਨਾਲ ਸਹਾਇਤਾ ਕਰਦੇ ਹਨ। ਨਿਹੰਗ ਸਿੰਘ ਆ ਗਏ। ਮਾਤਾ ਜੀ ਕੋਲ ਹੀ ਸਨ। ਉਨ੍ਹਾਂ ਕਿਹਾ ਨਿਹੰਗ ਸਿੰਘ, ਜਿੰਨੀ ਰਸਦ ਮੰਗਦੇ ਹਨ ਦੇ ਦੇਓ। ਨਿਹੰਗ ਸਿੰਘ ਮਾਤਾ ਜੀ ਦੇ ਚਰਨੀ ਪੈ ਗਿਆ ਤੇ ਧੰਨ ਧੰਨ ਕਹਿਣ ਲੱਗ ਪਿਆ। ਮਾਤਾ ਜੀ ਸੇਵਾ ਦੀ ਮੂਰਤੀ ਹਨ।

'ਭੂਲੇ ਮਾਰਗੁ ਜਿਨਹਿ ਬਤਾਇਆ' ਸੂਬਾ ਬਲਵਿੰਦਰ ਸਿੰਘ ਝੱਲ ਲਿਖਦੇ ਹਨ ਕਿ ਮਨੁੱਖੀ ਜਿੰਦਗੀ ਵਿਚ ਕਈ ਵਾਰੀ ਬਿਖੜੇ ਪੈਂਡੇ ਆਉਂਦੇ ਹਨ...। ਸਾਡੇ ਪੂਰਵ ਸਤਿਗੁਰੂ ਸਾਹਿਬਾਨਾਂ ਵਲੋਂ ਦਿੱਤੀ ਗੁਰਬਾਣੀ ਦੀ ਮਹਾਨ ਦੇਣ ਸਾਨੂੰ ਹਰ ਵੇਲੇ ਸਹੀ ਰਸਤੇ ਵੱਲ ਸੁਚੇਤ ਕਰਦੀ ਰਹਿੰਦੀ ਹੈ। ਦੇਹਧਾਰੀ ਸਤਿਗੁਰੂ ਸਦਮਾਰਗ ਦਾ ਪਾਂਧੀ ਬਣਾਉਂਦਾ ਹੈ। ਫੋਟੋਆਂ ਦਾ ਦੌਰ ਆ ਗਿਆ। ਨਿਰਮਲ ਸਿੰਘ ਸਟੋਰੇਕਸ ਬੈਟਰੀਜ਼ ਜਲੰਧਰ, ਉਸਤਾਦ ਹਰਭਜਨ ਸਿੰਘ ਦਿੱਲੀ ਤੇ ਹੁਣ ਯੂ.ਕੇ. ਵਾਲੇ, ਪ੍ਰਤਾਪ ਇੰਜੀਨੀਅਰਜ਼ ਲੁਧਿਆਣੇ ਵਾਲੇ, ਸ. ਹਰਵਿੰਦਰ ਸਿੰਘ ਪਾਰਟਨਰ, ਸਵ. ਸੰਤ ਕਰਤਾਰ ਸਿੰਘ ਫਾਊਂਡਰ, ਫਰੀ ਇੰਡੀਆ ਗਨ ਮੈਨੂਫੈਕਚਰਜ਼ ਜੰਮੂ ਕੈਂਟ, ਸਤਿਗੁਰੂ ਜੀ ਪ੍ਰਤੀ ਆਪਣੀ ਸ਼ਰਧਾ ਭੇਟ ਕਰਦੇ ਹਨ।

'ਵਰ੍ਹੇ ਪੰਜਾਹ ਕੰਮ ਅਥਾਹ' ਦੇ ਸਿਰਲੇਖ ਹੇਠ ਕਈ ਇਕ ਪੁਸਤਕਾਂ ਦੇ ਲੇਖਕ ਮਾਸਟਰ ਅਮਰੀਕ ਸਿੰਘ ਜੀ ਸਾਡੇ ਸਾਹਮਣੇ ਹਨ। ਸਤਿਗੁਰੂ ਜੀ ਦੇ ਗੱਦੀ ਬੈਠਣ ਤੋਂ ਬਾਅਦ ਪਹਿਲਾ ਹੋਲਾ ਰਾਜਸਥਾਨ ਦੇ ੫੬ ਆਰ. ਬੀ. ਪਿੰਡ ਵਿਖੇ ਹੋਇਆ। ਆਪ ਸ੍ਰੀ ਜੀਵਨ ਨਗਰ ਵਿਦਿਆਲੇ ਵਿਚ ਪ੍ਰਮੁੱਖ ਤੇ ਜ਼ਿੰਮੇਵਾਰ ਵਿਅਕਤੀਆਂ 'ਚੋਂ ਇਕ ਸਨ। ਹੋਲੇ ਵਿਚ ਵਿਦਿਆਲੇ ਦੇ ਪ੍ਰਬੰਧਕਾਂ ਦੀ ਮਦਦ ਲਈ ਬੱਚਿਆਂ ਨੂੰ ਨਾਲ ਲੈ ਕੇ ਪਹੁੰਚਣ ਦਾ ਸੱਦਾ ਸੀ। ਜਿਥੇ ਹੋਲੇ ਦੇ ਕੰਮਾਂ ਵਿਚ ਮਦਦ ਕੀਤੀ ਉਥੇ ਬੱਚਿਆਂ ਦੀ ਹਾਜ਼ਰੀ ਵੀ ਲਾਉਂਦੇ ਰਹੇ, ਕਿਤੇ ਕੋਈ ਬੱਚਾ ਗੁੰਮ ਨਾ ਹੋ ਜਾਵੇ। ਅੰਤਮ ਦਿਨ ਜਦੋਂ ਸਤਿਗੁਰੂ ਜੀ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਜੋ ਜ਼ਿੰਮੇਵਾਰੀ ਸੌਂਪ ਗਏ ਹਨ, ਸੰਗਤ ਅਰਦਾਸ ਕਰੇ ਕਿ ਉਸਨੂੰ ਉਹ ਚੰਗੀ ਤਰ੍ਹਾਂ ਨਿਭਾ ਸਕਣ। ਮਾਸਟਰ ਜੀ ਨੇ ਸਤਿਗੁਰਾਂ ਦੇ ਕੀਤੇ ਕੰਮਾਂ ਨੂੰ ਦਰਸਾਇਆ।

ਨਾਮਧਾਰੀਆਂ ਸਬੰਧੀ ਕਈ ਇਕ ਪੁਸਤਕਾਂ ਤੇ ਸਕੂਲੀ ਕੋਰਸ ਦੀਆਂ ਕਿਤਾਬਾਂ ਲਿਖਣ ਵਾਲੇ ਤੇ 'ਸਤਿਜੁਗ' ਨੂੰ ਸੰਪਾਦਤ ਕਰਨ ਵਾਲੇ ਪ੍ਰੋ. ਤਾਰਾ ਸਿੰਘ ਅਨਜਾਣ ਨੂੰ ਸਮੁੱਚਾ ਨਾਮਧਾਰੀ ਪੰਥ ਤੇ ਸਾਹਿਤਕ ਜਗਤ ਜਾਣਦਾ ਹੈ। ਉਨ੍ਹਾਂ ਨੇ 'ਵੱਡਾ ਜੋਤਸ਼ੀ' ਸਿਰਲੇਖ ਹੇਠ ਇਕ ਨਿੱਕੀ ਕਹਾਣੀ ਪੇਸ਼ ਕੀਤੀ ਹੈ। ਸੁਰਜੀਤ ਨਾਮ ਦੇ ਪਾਤਰ ਦੀ ਇੱਛਾ ਹੈ ਕਿ ਉਹ ਉਚ ਵਿਦਿਆ ਤੇ ਖਾਸ ਕਰਕੇ ਨਾਮਧਾਰੀ ਇਤਿਹਾਸ ਦੀ ਖੋਜ ਕਰ ਸਕੇ। ਹਾਇਰ ਸੈਕੰਡਰੀ ਕਰਨ ਤੋਂ ਬਾਅਦ ਪਿਤਾ ਨੇ ਪੜ੍ਹਨੋਂ ਹਟਾ ਲਿਆ ਕਿ ਮਿਸਤਰੀਆਂ ਦੇ ਬੱਚੇ ਬਹੁਤਾ ਨਹੀਂ ਪੜ੍ਹਦੇ। ਅੱਗੋਂ ਪੜ੍ਹਣ ਵਾਸਤੇ ਬੜਾ ਤਰਲਾ ਮਾਰਦਾ ਰਿਹਾ।



Namdhari Elibrary NamdhariElibrary@gmail.com

ਜੋਤਸ਼ੀ ਨੇ ਕੁੰਡਲੀ ਤਿਆਰ ਕਰਕੇ ਕਿਹਾ ਕਿ ਉਸਦੇ ਭਾਗਾਂ ਵਿਚ ਹੋਰ ਪੜ੍ਹਾਈ ਨਹੀਂ। ਉਸ ਨੇ ੧੯੬੫ ਦਾ ਨੌਜਵਾਨ ਸੰਮੇਲਨ ਅਟੈਂਡ ਕੀਤਾ। ਸਤਿਗੁਰੂ ਜੀ ਇਕ ਇਕ ਕਰਕੇ ਸਾਰੇ ਨੌਜਵਾਨਾਂ ਨੂੰ ਮਿਲੇ। ਜਦ ਸੁਰਜੀਤ ਦੀ ਵਾਰੀ ਆਈ ਤਾਂ ਉਸਨੇ ਕਿਹਾ, ਮੇਰੀ ਇਕ ਤਮੰਨਾ ਹੈ। ਸਤਿਗੁਰੂ ਜੀ ਨੇ ਹੱਥ ਹਿਲਾਇਆ। ਇੰਜ ਲੱਗਾ ਜਿਵੇਂ ਸੁਣਿਆ ਨਹੀਂ। ਕੋਲੋਂ ਪੰਡਤ ਗੋਪਾਲ ਸਿੰਘ ਜੀ ਨੇ ਕਿਹਾ, 'ਨਾਮਧਾਰੀ ਬਾਣਾ ਰੱਖ, ਸਭ ਤਮੰਨਾ ਪੂਰੀਆਂ ਹੋਣਗੀਆਂ।' ਸਤਿਗੁਰ ਜੀ ਵਿਗਸ ਪਏ। ਸੁਰਜੀਤ ਆਪਣੇ ਪਿੰਡ ਚਲਿਆ ਗਿਆ। ਇਕ ਸਵੇਰ ਨਿਤਨੇਮ ਕਰਕੇ ਆਪਣੇ ਪਿਤਾ ਪਾਸ ਬੈਠਾ। ਪਿਤਾ ਪੁੱਛਿਆ, ਕੀ ਕਰਨਾ ਏ? 'ਜੀ ਖਰਾਦ ਤੇ ਸ਼ੇਪਰ ਤੇ ਕੰਮ ਕਰਨਾ।' ਕੰਮ ਤਾਂ ਸਾਰੀ ਉਮਰ ਕਰਨਾ ਹੈ ਪੜ੍ਹਣ ਦੀ ਉਮਰ ਇਹੀ ਹੈ। ਮੈਂ ਗੱਲ ਕਰ ਲਈ ਹੈ ਤਿਆਰ ਹੋ ਤੈਨੂੰ ਰਾਮਗੜ੍ਹੀਆ ਕਾਲਜ ਦਾਖਲ ਕਰ ਆਵਾਂ। ਜਦ ਸਤਿਗੁਰੂ ਜੀ ਵਿਗਸ ਪਏ ਤਾਂ ਸਮਝੋ ਸਭ ਕੁੱਝ ਆ ਗਿਆ।

ਫੋਟੋਆਂ ਦੇ ਦਰਸ਼ਨ ਕਰੋ-ਸੁਰਜੀਤ ਸਿੰਘ ਜੀਤ ਲੰਡਨ ਵਾਲੇ ਸਤਿਗੁਰਾਂ ਦੀ ਹਜ਼ੂਰੀ ਵਿਚ ਬੈਠੇ ਹਨ। ਹੇਠਾਂ ਜੀਤ ਜੀ ਦੀ ਜੱਗ ਦੀ ਜਿੱਤ ਕਵਿਤਾ ਹੈ। ਸਾਊਥ ਏਸ਼ੀਆ ਕਲਚਰਲ ਹੈਰੀਟੇਜ ਸੈਂਟਰ (ਯੂ. ਕੇ) ਦੇ ਕੁਝ ਸੱਜਣ ਹਨ। ਅਗਲੇ ਪਾਸੇ ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ, ਫਿਰ ਜਥੇਦਾਰ ਸੇਵਾ ਸਿੰਘ ਨਵੀਂ ਦਿੱਲੀ ਤੇ ਬਲਬੀਰ ਸਿੰਘ ਰਾਗੀ ਜਲੰਧਰ, ਗੁਰਦੀਪ ਸਿੰਘ ਪ੍ਰਧਾਨ ਪੰਜਾਬ ਕਾਨੂੰਗੋ ਐਸੋਸੀਏਸ਼ਨ ਤੇ ਸੰਤ ਦੀਪ ਸਿੰਘ ਸਕੱਤਰ ਨਾਮਧਾਰੀ ਗੁਰਦੁਆਰਾ ਜਲੰਧਰ, ਸਤਿਗੁਰੂ ਜੀ ਦੇ ਗੁਰਗੱਦੀ ਦੇ ੫੦ ਸਾਲ ਪੂਰੇ ਹੋ ਜਾਣ ਤੇ ਆਪਣੀਆਂ ਵਧਾਈਆਂ ਅਰਪਨ ਕਰ ਰਹੇ ਹਨ। ਅੱਗੇ 'ਨਾਮਧਾਰੀ ਹਾਕੀ ਦੀ ਸੰਖੇਪ ਵਾਰਤਾ' ਸ. ਰਛਪਾਲ ਸਿੰਘ ਜੀ ਦੇ ਰਹੇ ਹਨ। ਅੰਗਰੇਜ਼ੀ ਵਿਚ ਨਾਮਧਾਰੀ ਹਾਕੀ ਟੀਮ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਹੈ। ਫਿਰ ਅੰਗਰੇਜ਼ੀ ਵਿਚ ਨਾਮਧਾਰੀ ਸੀਡਜ਼ ਬੰਗਲੌਰ ਜੋ ਸਤਿਗੁਰੂ ਜੀ ਦੀ ਕਿਰਪਾ ਨਾਲ ਠਾਕੁਰ ਉਦੇ ਸਿੰਘ ਜੀ ਦੀ ਅਗਵਾਈ ਵਿਚ ਕੰਮ ਕਰ ਰਹੀ ਹੈ। ਨਾਮਧਾਰੀ ਸੀਡਜ਼ ਦੀਆਂ ਕੌਮੀ ਤੇ ਕੌਮਾਂਤਰੀ ਪੱਧਰ ਤੇ ਮਹਾਨ ਪ੍ਰਾਪਤੀਆਂ ਹਨ। ਅਗਲੇ ਪਾਸੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਪ੍ਰਸਿੱਧ ਖਿਡਾਰੀ ਪ੍ਰਗਟ ਸਿੰਘ ਨਾਲ ਸਤਿਗੁਰੂ ਜੀ ਵਿਚਾਰ ਵਟਾਂਦਰਾ ਕਰਦੇ ਹੋਏ ਤੇ ਸਰੀ ਕੱਪ ੨੦੦੯ (ਕੈਨੇਡਾ) ਜਿੱਤਣ ਤੋਂ ਬਾਅਦ ਟਰਾਫੀ ਦੇ ਨਾਲ ਨਾਮਧਾਰੀ ਹਾਕੀ ਟੀਮ। ਅਗਲੇ ਪਾਸੇ ਮਹਾਰਾਜਾ ਰਣਜੀਤ ਸਿੰਘ ਹਾਕੀ ਟੂਰਨਾਮੈਂਟ (ਨਵੀਂ ਦਿੱਲੀ) ਜਿੱਤਣ ਤੋਂ ਬਾਅਦ ਨਾਮਧਾਰੀ ਹਾਕੀ ਟੀਮ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਗੁਰੂ ਗੱਦੀ ਦੇ ੫੦ ਸਾਲ ਪੂਰੇ ਹੋ ਜਾਣ 'ਤੇ ਕੋਟਿ ਕੋਟਿ ਪ੍ਰਣਾਮ ਕਰ ਰਹੇ ਹਨ। ਨਾਮਧਾਰੀ ਸੀਡਜ਼ ਦੇ ਰਾਈਆਂ (ਨਜ਼ਦੀਕ ਸ੍ਰੀ ਭੈਣੀ ਸਾਹਿਬ) ਸ. ਪ੍ਰਕਾਸ਼ ਸਿੰਘ ਬਾਦਲ ਨੂੰ ਜਾਣਕਾਰੀ ਦਿੰਦੇ ਹੋਏ। ਸ. ਬਲਵਿੰਦਰ ਸਿੰਘ ਨਾਮਧਾਰੀ ਏਜੰਸੀਜ਼ ਜਲੰਧਰ ਵਾਲੇ ਸਤਿਗੁਰੂ ਜੀ ਤੇ 'ਵਰਿਆਮ' ਦੇ ਵਿਸ਼ੇਸ਼ ਅੰਕ ਦੀ ਵਧਾਈ ਦਿੰਦੇ ਹੋਏ।

ਸਤਿਗੁਰੂ ਜੀ ਦੇ ਬਹੁਤ ਪਿਆਰੇ ਮਿੱਤਰ ਸ੍ਰੀ ਪ੍ਰੀਤਮ ਸਿੰਘ ਕਵੀ ਦੀ ਸਪੁੱਤਰੀ ਕੁਲਵੰਤ ਕੌਰ ਹਨ। ਪਹਿਲੀ ਵਾਰ ਕੁਝ ਲਿਖਣ ਦੀ ਹਿੰਮਤ ਕੀਤੀ ਹੈ। ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਿਮਾਚਲ ਪ੍ਰਦੇਸ਼ ਦੇ ਭੁੰਤਰ ਸ਼ਹਿਰ ਵਿਚ ਕਿਵੇਂ ਬੀਤੀ। ੩੧ ਅਕਤੂਬਰ ਤੋਂ ੧੦ ਨਵੰਬਰ ਤੱਕ ਘਰ ਦੇ ਅੰਦਰ ਹੀ ਬੰਦ ਰਹੇ। ਸ. ਹਰਨਾਮ ਸਿੰਘ ਜੋ ਉਸ ਵੇਲੇ ਹਾਰਟੀਕਲਚਰ ਬਜੌਰਾ ਵਿਖੇ ਸਰਕਾਰੀ ਮੁਲਾਜ਼ਮ ਸਨ, ਉਨ੍ਹਾਂ ਦੀ ਮਦਦ ਨਾਲ ਹਵਾਈ ਜਹਾਜ ਰਾਹੀਂ ਪੰਜਾਬ ਪਹੁੰਚੇ ਤੇ ਸ੍ਰੀ ਭੈਣੀ ਸਾਹਿਬ ਆ ਗਏ। ਸਤਿਗੁਰੂ ਜੀ ਨੂੰ ਕੁਲਵੰਤ ਨੇ ਆਪਣੀ ਸਾਰੀ ਵਿਥਿਆ ਸੁਣਾਈ। ਕੁਲਵੰਤ ਦੇ ਨਾਲ ਤਿੰਨ ਬੱਚੇ ਸਨ, ਨਾਲ ਕਿਸਾਨ ਜ਼ੀ ਦਾ ਹੋਣ ਵਾਲਾ ਦਾਮਾਦ ਸੀ, ਜਿਸਦੀ ਬੜੀ ਚਿੰਤਾ ਸੀ, ਉਹ ਕੰਮ ਸਿੱਖਣ ਲਈ ਉਨ੍ਹਾਂ ਪਾਸ ਆਇਆ ਸੀ। ਸ੍ਰੀ ਭੈਣੀ ਸਾਹਿਬ ਪਹੁੰਚ ਕੇ ਉਨ੍ਹਾਂ ਦੀਆਂ ਸਾਰੀਆਂ ਚਿੰਤਾਵਾਂ ਦੂਰ ਹੋ ਗਈਆਂ। ਨਾਲ ਫੋਟੋ ਹੈ ਜਿਸ ਵਿਚ ਸਤਿਗੁਰੂ ਜੀ ਤੇ ਕਵੀ ਜੀ ਬਚਨ ਬਿਲਾਸ ਕਰ ਰਹੇ ਹਨ।

ਸੰਤ ਗੁਰਸੇਵ ਸਿੰਘ ਢਿੱਲੋਂ ਹਨ ਜੋ ਸਤਿਗੁਰੂ ਜੀ ਦੇ ਵਿਭਿੰਨ ਪਹਿਲੂਆਂ ਤੇ ਚਾਨਣਾ ਪਾ ਰਹੇ ਹਨ। ਸਦਾਵਰਤ ਲੰਗਰ, ਰਾਮ ਮੰਦਰ, ਗਊ ਸ਼ਾਲਾ, ਬਿਰਧ ਸ਼ਾਲਾ, ਰਾਮ ਸਰ, ਸਰੋਵਰ, ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਦਾ ਨਿਰਮਾਣ ਕੀਤਾ। ਸਾਹਿਤ ਸਿਰਜਣ ਦੀ ਗੱਲ ਵੀ ਕੀਤੀ। ਸੰਤ ਇੰਦਰ ਸਿੰਘ ਚਕਰਵਰਤੀ, ਪ੍ਰੋ. ਕਿਰਪਾਲ ਸਿੰਘ ਕਸੇਲ, ਸੰਤ ਤਰਨ ਸਿੰਘ ਵਹਿਮੀ, ਸੰਤ ਪ੍ਰੀਤਮ ਸਿੰਘ ਕਵੀ, ਸੰਤ ਆਤਮਾ ਸਿੰਘ ਸਨਖਤਰਾ ਤੇ ਮਾਸਟਰ ਨਿਹਾਲ ਸਿੰਘ ਦੀਆਂ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ।

ਫੋਟੋਆਂ-ਅਮਰੀਕ ਸਿੰਘ, ਸੰਗਮ ਫਰਨੀਚਰ ਦਿੱਲੀ, ਵਿਸ਼ਵਕਰਮਾ ਮਸ਼ੀਨ ਟੂਲਜ਼ ਦਿੱਲੀ, ਪਰਗਟ ਸਿੰਘ ਬਾਜਵਾ



Namdhari Elibrary NamdhariElibrary@gmail.com

ਡਾਈਨਾਮਿਕ ਹਾਈਡਰੋਫੈਬ ਦਿੱਲੀ, ਮਨਮੀਤ ਪ੍ਰੋਪਰਟੀ ਕੌਂਪਸ ਦਿੱਲੀ, ਆਸਾ ਸਿੰਘ, ਬਖਸ਼ੀਸ਼ ਸਿੰਘ ਬੱਲੋਵਾਲ ਨਵੀਂ ਦਿੱਲੀ, ਹਰਭਜਨ ਸਿੰਘ, ਮਨਿੰਦਰ ਸਿੰਘ, ਮਹਿੰਦਰ ਸਿੰਘ ਸਪਿਕ ਇੰਟਰਪ੍ਰਾਈਜ਼ਿਜ਼ ਨਵੀਂ ਦਿੱਲੀ, ਹਰਜੀਤ ਸਿੰਘ ਕੁਇਕ ਪ੍ਰਾਪਰਟੀ ਡੀਲਰ ਨਵੀਂ ਦਿੱਲੀ, ਗੁਰਮੀਤ ਸਿੰਘ ਔਲਖ, ਭਗਵੰਤ ਸਿੰਘ ਔਲਖ, ਨਾਮਧਾਰੀ ਟਿੰਬਰਜ਼ ਨਵੀਂ ਦਿੱਲੀ, ਮਹਿੰਦਰ ਸਿੰਘ, ਧਰਮ ਸਿੰਘ ਐਂਡ ਸੰਨਜ਼ ਨਵੀਂ ਦਿੱਲੀ, ਜਸਬੀਰ ਸਿੰਘ, ਪ੍ਰਦੀਪ ਸਿੰਘ ਮਲਹੋਤਰਾ ਟੂਲਜ਼ ਦਿੱਲੀ, ਹਜ਼ਾਰਾ ਐਂਟਰਪ੍ਰਾਈਜ਼ਿਜ਼ ਨਵੀਂ ਦਿੱਲੀ, ਹਰਜੀਤ ਸਿੰਘ ਵਿਰਦੀ, ਸਤਿਗੁਰੂ ਟ੍ਰੇਲਰ ਟਰਾਂਸਪੋਰਟ ਦਿੱਲੀ ਯੂ.ਪੀ. ਬਾਰਡਰ ਦਿੱਲੀ, ਧੰਜਲ ਆਟੋਮੋਟਿਵ ਬਾਡੀ ਬਿਲਡਰਜ਼ ਐਂਡ ਫੈਬਰੀਕੇਟਰਜ਼ ਨਵੀਂ ਦਿੱਲੀ ਆਪਣੀਆਂ ਵਧਾਈਆਂ ਪੇਸ਼ ਕਰਦੇ ਹਨ।

ਬੈਕ ਟਾਈਟਲ ਦੇ ਅੰਦਰਲੇ ਪਾਸੇ- ਸਤਿਗੁਰੂ ਰਾਮ ਸਿੰਘ ਜੀ ਨੇ ੩ ਜੂਨ ੧੮੬੩ ਨੂੰ ਪਿੰਡ ਖੋਟੇ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ੬ ਸਮੂਹਕ ਅਨੰਦ ਕਾਰਜ ਦੀ ਸ਼ੁਰੂਆਤ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਉਸੇ ਪਿੰਡ ਵਿਚ ੧੯੬੩ ਨੂੰ ੧੫੦ ਸਮੂਹਕ ਅਨੰਦ ਕਾਰਜ ਕਰਕੇ ਸ਼ਤਾਬਦੀ ਮਨਾਈ ਗਈ, ਫੋਟੋ ਉਸਦਾ ਨਜ਼ਾਰਾ ਪੇਸ਼ ਕਰ ਰਹੀ ਹੈ। ਅੰਤਮ ਪੰਨੇ ਤੇ ਨਾਮਧਾਰੀ ਸੀਡਜ਼ ਬੰਗਲੌਰ ਦਾ ਸ਼ਬਜੀਆਂ ਵਾਲਾ ਰੰਗੀਨ ਇਸ਼ਤਿਹਾਰ ਅੰਕ ਦੀ ਸ਼ੋਭਾ ਵਧਾ ਰਿਹਾ ਹੈ।

ਕਵੀਆਂ ਦੀ ਵਾਰੀ-

ਸ਼ਮਸ਼ੀਰ-ਦਲਬੀਰ ਸਿੰਘ ਤਰਸ, ਚੋਣਵੇਂ ਪੰਜਾਬੀ ਸ਼ੇਅਰ-ਚਰਨ ਸਿੰਘ ਸੀਚੇਵਾਲਵੀ, ਕਵਿਤਾ-ਕਰਤਾਰ ਸਿੰਘ ਪੰਛੀ ਮਲੇਰਕੋਟਲਾ, ਦੋ ਰਚਨਾਵਾਂ-ਬਲਬੀਰ ਸਿੰਘ ਢਿੱਲੋਂ ਮੁਹਾਲੀ, ਗੁਰਪਰਉਪਕਾਰੀ-ਪ੍ਰੋ. ਕਿਰਪਾਲ ਸਿੰਘ ਕਸੇਲ, ਯੋਜਨਾ ਬੇਅੰਤ ਹੈ ਲਿਆਇਆ ਜਗਜੀਤ ਗੁਰ-ਸੰਤ ਆਤਮਾ ਸਿੰਘ ਸਨਖਤਰਾ। ਸਾਰੀਆਂ ਕਵਿਤਾਵਾਂ ਬਹੁਤ ਅਰਥ ਭਰਪੂਰ ਤੇ ਬੜੀਆਂ ਉਤਸ਼ਾਹ ਵਰਧਕ ਹਨ।

'ਵਰਿਆਮ' ਦਾ ਇਹ ਅੰਕ ਇਤਿਹਾਸਕ ਅੰਕ ਹੈ। ਇਸ ਦੀਆਂ ਬਹੁਤ ਬਹੁਤ ਵਧਾਈਆਂ ਸਵੀਕਾਰ ਕਰੋ।

*—ਸ.ਸ. ਮਨਧੀਰ*
*ਨਵੀਂ-ਦਿੱਲੀ*

ਸ. ਜਗਦੀਸ਼ ਸਿੰਘ ਵਰਿਆਮ ਦੀ ਸੰਘਰਸ਼ਮਈ ਪਤਰਕਾਰੀ ਨੂੰ ਸਲਾਮ ਹੈ ਕਿ ਵਰਿਆਮ ੩੫ਵੇਂ ਸਾਲ ਵਿਚ ਦਾਖਲ ਹੋ ਕੇ ਨਵੰਬਰ ਮਹੀਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੪੦ਵੇਂ ਜਨਮ ਦਿਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੦ਵੇਂ ਜਨਮ ਦਿਨ ਬਾਰੇ ਨਵੰਬਰ ਦੀ ਸੰਪਾਦਕੀ ਅਰਥ ਭਰਪੂਰ ਹੈ। ਕੂਕਾ ਲਹਿਰ ਦੇ ਪੰਜਾਬੀ ਸਾਹਿਤ ਬਾਰੇ ਸੁਵਰਨ ਸਿੰਘ ਵਿਰਕ ਦਾ ਉਦਮ ਸ਼ਲਾਘਾਯੋਗ ਹੈ ਜਿਸਦੀ ਟਿਪਣੀ ਸ. ਜਗਦੀਸ਼ ਸਿੰਘ ਵਰਿਆਮ ਨੇ ਗੰਭੀਰ ਅਧਿਐਨ ਕਰਕੇ ਲਿਖੀ ਹੈ। ਪੱਟੀ ਪਾਠਕ ਵਰਿਆਮ ਦੇ ੫੦ ਸਾਲਾਂ ਗੋਲਡਨ ਜੁਬਲੀ ਸਮਾਰੋਹ ਦੀ ਉਡੀਕ 'ਚ ਹੈ। ਗੁਰਭਜਨ ਗਿੱਲ ਦੀ ਵਿਅੰਗ ਗ਼ਜ਼ਲ ਦੇ ਸ਼ੇਅਰ "ਆਕੜੇ ਸਭ ਬਿਰਖ ਬੂਟੇ ਟੁੱਟ ਜਾਂਦੇ, ਤੂੰ ਵੀ ਆਪਣੇ ਆਪ ਨੂੰ ਮਗਰੂਰ ਨਾ ਕਰ" ਪੜ੍ਹ ਕੇ ਪਤਾ ਲਗਾ ਕਿ ਲੇਖਕ ਪ੍ਰੋਢ ਤਜਰਬੇਕਾਰ ਹੈ। ਹਸਨਪੁਰੀ ਤੇ ਜੌਲੀ ਦੇ ਬਾਰੇ ਵਰਿਆਮ ਵਿਯੋਗ ਅੰਦਰਾ ਵਲੂੰਧਰੂ ਹੈ। ਵਰਿਆਮ ਦੇ ਦਸੰਬਰ ਅੰਕ ਦੀ ਉਡੀਕ। ਨਵੇਂ ਸਾਲ ੨੦੧੦ ਦੀ ਵਧਾਈ ਪਾਠਕੋ, ਵਰਿਆਮ ਸੰਘਰਸ਼ ਲਹਿਰ ਵਧਾਈ ਪਾਠਕੋ, ਕੂਕਿਆਂ ਅਜ਼ਾਦੀ ਦਵਾਈ ਪਾਠਕੋ, ਵਰਿਆਮ ਪੜ੍ਹੋ ਤੇ ਪੜ੍ਹਾਈ ਪਾਠਕੋ।

*—ਕੁਲਦੀਪ ਸਿੰਘ ਪੱਟੀ*
*੬੪੪ ਮੋਰੀ ਮਹੱਲਾ ਬਹਾਦਰਪੁਰ ਹੁਸ਼ਿਆਰਪੁਰ*

## ਮੋਸ਼ੀ (ਤਨਜ਼ਾਨੀਆ) ਵਿਚ ਜੱਪ ਪ੍ਰਯੋਗ

ਤਨਜ਼ਾਨੀਆ (ਅਫਰੀਕਾ) ਦੇ ਪ੍ਰਸਿੱਧ ਸ਼ਹਿਰ ਮੋਸ਼ੀ ਵਿਚ ਸ. ਦਲਜੀਤ ਸਿੰਘ ਕਲਸੀ ਪਰਿਵਾਰ ਅਹਿਮ ਸਥਾਨ ਰੱਖਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੁੜਿਆ ਇਹ ਨਾਮਧਾਰੀ ਪਰਿਵਾਰ ਇਥੋਂ ਦੇ ਸਮਾਜਕ ਤੇ ਧਾਰਮਕ ਜੀਵਨ ਨਾਲ ਵੀ ਸਰਗਰਮੀ ਨਾਲ ਜੁੜਿਆ ਹੈ। ਬਾਕੀ ਸਿਖ ਭਾਈਚਾਰੇ ਵਲੋਂ ਗੁਰਪੁਰਬਾਂ, ਨਗਰ ਕੀਰਤਨ ਅਤੇ ਹੋਰ ਪ੍ਰੋਗਰਾਮਾਂ ਵਿਚ ਵੀ ਵਧ ਚੜ੍ਹ ਕੇ ਸਨਮਾਨ ਜਨਕ ਤਰੀਕੇ ਅਤੇ ਸ਼ਰਧਾ ਭਾਵਨਾ ਨਾਲ ਭਾਗ ਲੈਂਦਾ ਹੈ। ਅਸੂ ਦੇ ਮਹੀਨੇ ਵਿਚ ਨਾਮਧਾਰੀ ਜਗਤ ਵਲੋਂ ਥਾਂ ਥਾਂ ਜੱਪ ਪ੍ਰਯੋਗ ਸਮਾਗਮ ਕੀਤੇ ਜਾਂਦੇ ਹਨ। ਸ. ਦਲਜੀਤ ਸਿੰਘ ਕਲਸੀ ਦੇ ਗ੍ਰਹਿ ਮੋਸ਼ੀ ਵਿਚ ਇਥੋਂ ਦੀ ਸਾਰੀ ਸਥਾਨਕ ਸੰਗਤ ਨਾਮਧਾਰੀ ਅਤੇ ਸਹਿਯੋਗੀ ਹੁਮ ਹੁਮਾ ਕੇ ਇਕੱਤਰ ਹੁੰਦੇ ਰਹੇ। ਹਰ ਰੋਜ਼ ਸ਼ਾਮ ਨੂੰ ਨਾਮ ਸਿਮਰਨ ਅਤੇ ਟੇਪ ਉਪਦੇਸ਼ ਦਾ ਪ੍ਰੋਗਰਾਮ ਚਲਦਾ ਰਿਹਾ ਅਤੇ ਇਕੱਠਾ ਲੰਗਰ ਵੀ ਹੁੰਦਾ ਰਿਹਾ। ਸ. ਦਲਜੀਤ ਸਿੰਘ ਕਲਸੀ ਮੋਸ਼ੀ ਤਨਜ਼ਾਨੀਆ ਵਿਚ ਨਾਮਧਾਰੀ ਅਤੇ ਸਿੱਖ ਸਮਾਜ ਦੇ ਵਧੀਆ ਦੂਤ ਵਜੋਂ ਪਰਸਿਧ ਹਨ।



Namdhari Elibrary NamdhariElibrary@gmail.com

# ਮਹਾਂਕਵੀ ਭਾਈ ਸੰਤੋਖ ਸਿੰਘ ਦਾ ਜਨਮ ਦਿਹਾੜਾ



ਪ੍ਰਸਿਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਦਾ ਸਨਮਾਨ ਕਰਦੇ ਹੋਏ ਸ. ਸੁਰਜੀਤ ਸਿੰਘ ਚੀਮਾ, ਡਾ. ਡੀ. ਬੀ. ਰਾਏ, ਸ. ਬੇਅੰਤ ਸਿੰਘ ਸਰਹੱਦੀ, ਸ੍ਰੀ ਸੀ. ਐਲ. ਲੱਕੀ, ਸ. ਜਗਦੀਸ਼ ਸਿੰਘ ਵਰਿਆਮ

ਛੇਵੀਂ ਪਾਤਸ਼ਾਹੀ ਦੇ ਇਤਿਹਾਸਿਕ ਗੁਰਦੁਆਰੇ, ਬਸਤੀ ਸ਼ੇਖ ਜਲੰਧਰ ਵਿਖੇ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦਾ ਜਨਮ ਦਿਹਾੜਾ ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ ਵਲੋਂ ਐਤਵਾਰ [illegible] ਅਕਤੂਬਰ ੨੦੦੯ ਨੂੰ ਬਹੁਤ ਹੀ [illegible] ਨਾਲ ਮਨਾਇਆ ਗਿਆ। ਭਾ[illegible] ਸਿੰਘ ਜੀ ਹਜ਼ੂਰੀ [illegible] ਦੇ [illegible] ਕੀਰਤਨ ਦੁਆਰਾ [illegible] ਨੂੰ [illegible] ਕੀਤਾ। ਗਿਆਨੀ [illegible]ਮੀਤ ਸਿੰ[illegible] ਕਥਾ ਦੁਆਰਾ ਭਾਈ ਸੰਤੋਖ ਸਿੰਘ [illegible] ਜੀਵਨ ਤੇ ਰੌਸ਼ਨੀ ਪਾਈ। ਪ੍ਰਸਿਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਸਮਾਗਮ ਦੇ ਵਿਸ਼ੇਸ਼ ਮਹਿਮਾਨ ਅਤੇ ਮੁਖ ਬੁਲਾਰੇ ਸਨ। ਉਹਨਾਂ ਨੇ ਮਹਾਂਕਵੀ ਜੀ ਦੇ ਜੀਵਨ ਤੇ ਉਹਨਾਂ ਦੀ ਮਹਾਨ ਰਚਨਾ ਸੂਰਜ ਪ੍ਰਕਾਸ਼ ਤੇ ਬਹੁਤ ਹੀ ਢੁਕਵੇਂ ਸ਼ਬਦਾਂ ਵਿਚ ਚਾਨਣਾ ਪਾਇਆ। ਉਹਨਾਂ ਨੇ ਦੱਸਿਆ ਕਿ ਭਾਈ ਸਾਹਿਬ ਨੇ ਬਹੁਤ ਹੀ ਮਿਹਨਤ ਤੇ ਇਤਿਹਾਸਿਕ ਪੜਚੋਲ ਕਰਕੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ ਹੈ, ਤੇ ਉਹਨਾਂ ਨੇ ਸਾਰੇ ਉਸ ਸਮੇਂ ਦੇ ਪ੍ਰਾਪਤ ਸਰੋਤਾਂ ਨੂੰ ਵਰਤੋਂ ਵਿਚ ਲਿਆਂਦਾ ਜਿਵੇਂ ਭਾਈ ਗੁਰਦਾਸ ਦੀ ਬਾਣੀ ਭਾਈ ਬਾਲੇ ਵਾਲੀ ਜਨਮ ਸਾਖੀ, ਭਾਈ ਮਨੀ ਸਿੰਘ ਦੀ ਕਿਰਤ ਉਹਨਾਂ ਨੇ ਥਾਂ ਪਰ ਥਾਂ ਜਾ ਕੇ ਵਿਦਵਾਨਾਂ ਨੂੰ ਮਿਲ ਕੇ, ਵਿਚਾਰ ਵਟਾਂਦਰਾ ਕਰਕੇ, ਇਤਿਹਾਸ ਰਚਿਆ ਹੈ। ਇਹ ਕਵੀ ਦੀ ਕਲਪਨਾ ਨਹੀਂ ਹੈ ਇਹ ਇਤਿਹਾਸਿਕ ਸਚਾਈ ਹੈ, ਜੋ ਉਹਨਾਂ ਨੇ ਕਵਿਤਾ ਵਿਚ ਬਿਆਨ ਕੀਤੀ ਹੈ। ਇਹ ਗ੍ਰੰਥ ਮਹਾਂ-ਭਾਰਤ ਦੇ ਗ੍ਰੰਥ ਤੋਂ ਵੀ ਵੱਡਾ ਹੈ। ਆਉਣ ਵਾਲੇ ਇਤਿਹਾਸਕਾਰਾਂ ਜਿਵੇਂ ਮੈਕਾਲਿਫ ਆਦਿ ਦਾ ਭੀ ਇਹੋ ਗ੍ਰੰਥ ਸਰੋਤ ਹੈ। ਗੁਰੂ ਸਾਹਿਬਾਨ ਦਾ ਇਤਿਹਾਸ ਬੜੇ ਹੀ ਰੋਚਕ ਢੰਗ ਨਾਲ ਬਿਆਨ ਕੀਤਾ ਹੈ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਭੀ ਮਹਾਂਕਵੀ ਭਾਈ ਸੰਤੋਖ ਸਿੰਘ ਅੰਤਰ-ਕਾਲਜ ਲੇਖ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਕਾਲਜਾਂ ਦੇ ੮੫ ਵਿਦਿਆਰਥੀਆਂ ਨੇ ਹਿੱਸਾ ਲਿਆ। ਇਹਨਾਂ ੮੫ ਲੇਖਾਂ ਦੇ ਫਰਜ਼ੀ ਰੋਲ ਨੰਬਰ ਲਗਾ ਕੇ ਦੋ ਵਿਦਵਾਨ ਪ੍ਰੋ. ਅਧਿਆਪਕਾਂ ਡਾ. ਸੁਖਵਿੰਦਰ ਕੌਰ, ਅਤੇ ਪ੍ਰੋ. ਰੇਣੂ ਤੋਂ ਮੁਲ ਆਂਕਣ ਕਰਵਾਇਆ ਗਿਆ। ਪਹਿਲੇ ਤਿੰਨ ਸਥਾਨਾਂ ਤੇ ਆਣ ਵਾਲੇ ਵਿਦਿਆਰਥੀਆਂ ਨੂੰ ਸਮਾਗਮ ਵਿਚ ਮੁਖ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਲੇਖ ਮੁਕਾਬਲੇ ਦਾ ਸਾਰਾ ਵਿਸਥਾਰ ਸੀ. ਐਲ. ਲੱਕੀ, ਜਨਰਲ-ਸਕੱਤਰ ਨੇ ਸੰਗਤਾਂ ਨੂੰ ਦੱਸਿਆ। ਯਾਦਗਾਰ ਕਮੇਟੀ ਦੇ ਪ੍ਰਧਾਨ ਸ. ਬੇਅੰਤ ਸਿੰਘ ਸਰਹੱਦੀ ਨੇ ਮਹਾਂਕਵੀ ਦੇ ਜੀਵਨ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਸਾਨੂੰ ਇਹਨਾਂ ਮਹਾਂ-ਪੁਰਖਾਂ ਦੇ ਜਨਮ ਦਿਨ ਹਰ ਸ਼ਹਿਰ ਵਿਚ ਮਨਾਉਣੇ ਚਾਹੀਦੇ ਹਨ। ਇਸ ਸਮਾਗਮ ਵਿਚ ਬਾਬਾ ਨਾਮਦੇਵ ਕੰਨਿਆ ਕਾਲਜ ਘੁਮਾਣ ਦੇ ੧੪ ਵਿਦਿਆਰਥੀ ਸ਼ਾਮਿਲ ਹੋਏ, ਜਿਨ੍ਹਾਂ ਨੇ ਲੇਖ ਮੁਕਾਬਲੇ ਵਿਚ ਸ਼ਿਰਕਤ ਕੀਤੀ ਸੀ। ਉਹਨਾਂ ਸਾਰਿਆਂ ਨੂੰ ਮੁੱਖ ਮਹਿਮਾਨ ਵੱਲੋਂ ਸਰਟੀਫਿਕੇਟ ਦਿੱਤੇ ਗਏ।

ਇਸ ਸਮਾਗਮ ਵਿਚ ਸ੍ਰੀ ਆਰ. ਪੀ. ਗਾਂਧੀ, ਮਨੋਹਰ ਲਾਲ ਹਰੀਸ਼ ਚਿਤਰਾ, ਗੁਰਬਚਨ ਸਿੰਘ ਰਖਰਾ, ਹਰੀ ਰਾਮ ਗਾਂਧੀ, ਬਲਬੀਰ ਚੰਦ ਤੋਖੀ, ਮੇਜਰ ਜਗਜੀਤ ਸਿੰਘ ਰਿਸ਼ੀ, ਹਰਜੀਤ ਸਿੰਘ, ਤੀਰਥ ਸਿੰਘ ਕਪੂਰ, ਜਗਦੀਸ਼ ਸਿੰਘ ਵਰਿਆਮ, ਮੋਹਨ ਸਿੰਘ ਸਹਿਗਲ, ਕਰਨੈਲ ਸਿੰਘ ਜੱਬਲ, ਪ੍ਰਿੰਸੀਪਲ ਨਰਿੰਦਰ ਸਿੰਘ ਬੇਦੀ (ਰਿਟਾਇਰਡ), ਘੁਮਾਣ ਲਾਇਨ ਕੁਲਦੀਪ ਸਿੰਘ, ਬਲਬੀਰ ਸਿੰਘ, ਜਗਜੀਤ ਸਿੰਘ ਸੱਗੂ ਸਪੁੱਤਰ ਸਵ: ਸ. ਮੋਤਾ ਸਿੰਘ ਸੱਗੂ ਹਾਜ਼ਿਰ ਸਨ। ਇਨਾਮਾਂ ਦੀ ਸਾਰੀ ਰਾਸ਼ੀ ਸਵ: ਸ. ਬਲਵੰਤ ਸਿੰਘ ਕਪੂਰ ਦੇ ਪਰਿਵਾਰ ਨੇ ਦਿੱਤੀ, ਜਿਨ੍ਹਾਂ ਦਾ ਸਮਾਗਮ ਵਿਚ ਧੰਨਵਾਦ ਕੀਤਾ ਗਿਆ। ਅੰਤ ਵਿਚ ਸ. ਸੁਰਜੀਤ ਸਿੰਘ ਚੀਮਾ, ਮੈਂਬਰ ਸ਼੍ਰੋਮਣੀ ਕਮੇਟੀ ਤੇ ਸਰਪਰੱਸਤ, ਯਾਦਗਾਰ ਕਮੇਟੀ ਨੇ ਸਭ ਸੰਗਤ ਦਾ ਬਹੁਤ-ਬਹੁਤ ਧੰਨਵਾਦ ਕੀਤਾ। ਗੁਰੂ ਦਾ ਲੰਗਰ ਅਟੁਟ ਵਰਤਿਆ।

Registered No. PB 0016 (2009-2011) **WARIAM** Ladowali Road, Jalandhar- 144001
Regd. RNI No. 26453/75 **December 2009**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

*ਫ਼ਰਸ਼ੀ ਦਰੀਆਂ ਅਤੇ ਗ਼ਲੀਚੇ*

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# NAMDHARI SALES

**10240/54, Library Road, Azad Market, Delhi-110006**

**Phone Office : 0111-23516689, 011-23614784**

**Mobile Phone :** *S. Charanjit Singh* 98105-56398
*S. Satvinder Singh* 98116-55210

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com